# ਸਿਰਜਣਾ

ਜਨਵਰੀ-ਮਾਰਚ 2006 (ਅੰਕ 139)

**January- March 2006**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ <u>ਰਘੁਬੀਰ ਸਿੰਘ</u> ਸੰਪਾਦਕ ਸਿਰਜਣਾ <u>ਸੁਖਵੰਤ ਹੁੰਦਲ</u> (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I <u>Raghbir Singh</u> editor Sirjana hearby grant permission to <u>Sukhwant Hundal</u> (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014

# ਸਿਰਜਣਾ



ਜਨਵਰੀ–ਮਾਰਚ 2006 **139** ਮੁੱਲ : 20 ਰੁਪਏ

# ਸਿਰਜਣਾ

139

ਜਨਵਰੀ-ਮਾਰਚ 2006

*

ਸੰਪਾਦਕ : **ਰਘਬੀਰ ਸਿੰਘ**

Editor : **Raghbir Singh**

*



ਪਤਾ

*1728, ਸੈਕਟਰ 43-ਬੀ,*

*ਚੰਡੀਗੜ੍ਹ - 160 022*

*ਫੋਨ : +91-172-2601693*
*2622938*

**SIRJANA**

*1728, Sector 43-B,*
*Chandigarh-160 022*
*INDIA*
*Phone : +91-172-2601693*
*2622938*

*E.mail :*
*sirjana@glide.net.in,*
*raghbirsingh_chd@dataone.in*

*



SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


ਇਸ ਅੰਕ ਵਿਚ


ਸੰਪਾਦਕੀ/ਪ੍ਰੋ: ਮੋਹਨ ਸਿੰਘ ਨੂੰ ਯਾਦ ਕਰਦਿਆਂ/1
ਜਗਜੀਤ ਬਰਾੜ/ਦੋ ਗ਼ਜ਼ਲਾਂ/3
ਬਲਬੀਰ ਪਰਵਾਨਾ/ਕਵਿਤਾ/ ਛੱਤਾਂ ਘਰ ਨਹੀਂ ਹੁੰਦੀਆਂ/4
ਸੁਰਿੰਦਰ ਗਿੱਲ/ ਦੋ ਕਵਿਤਾਵਾਂ/5
ਗੁਰਿੰਦਰ ਸਿੰਘ ਆਜ਼ਾਦ/ ਦੋ ਕਵਿਤਾਵਾਂ/7
ਜਸਵੰਤ ਕੜਿਆਲ/ਚਾਰ ਕਵਿਤਾਵਾਂ/8
ਗੁਰਭਜਨ ਗਿੱਲ/ਕਵਿਤਾ/ਚੀਸ ਪ੍ਰਾਹੁਣੀ/ 9
ਗੁਰਨਾਮ ਢਿੱਲੋਂ/ ਅੱਠ ਕਵਿਤਾਵਾਂ/11
ਅਮੀਨ ਮਲਿਕ/ਕਹਾਣੀ/ ਮੇਰਾ ਨਾਂ ਜਹਾਨ /17
ਹਰਪ੍ਰੀਤ ਸੇਖਾ/ ਕਹਾਣੀ/ ਘੁੰਮਣਘੇਰ /27
ਸੁਰਿੰਦਰ ਸੋਹਲ/ਕਹਾਣੀ/ ਸੂਰਜ ਅਜੇ ਨਹੀਂ ਮਰਿਆ/44
ਰਘਬੀਰ ਸਿੰਘ/ਨਿਬੰਧ/ ਪ੍ਰਗਤੀਵਾਦ ਦੇ ਵਿਭਿੰਨ ਪਸਾਰ ਤੇ ਪੰਜਾਬੀ ਕਹਾਣੀ/ 51
ਚਮਨ ਲਾਲ/ਨਿਬੰਧ/ ਸਾਮਿਅਕ ਭਾਰਤੀ ਸਾਹਿਤਕ ਦ੍ਰਿਸ਼ ਅਤੇ ਮੋਹਨ ਸਿੰਘ/57
ਚੰਦਰ ਮੋਹਨ/ ਨਿਬੰਧ/ ਸਾਧੂ ਬਿਨਿੰਗ ਦੇ ਗਲਪ ਅਤੇ ਕਾਵਿ ਦਾ ਵਸਤੂ ਸੰਬਾਦ/63
ਗਿਆਨ ਸਿੰਘ ਬਲ/ਵਿਚਾਰ ਚਰਚਾ/ਬਾਲਸ਼ਵਿਕ ਸਰਦਾਰੀ ਤੇ ਸੋਵੀਅਤ ਸੰਕਟ /74
ਪਰੇਮ ਸਿੰਘ/ ਵਿਚਾਰ ਚਰਚਾ/ਗੋਰਵਾਚੋਵ ਅਤੇ ਸੋਵੀਅਤ ਸੰਘ ਦਾ ਪਤਨ/78
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਕਿੱਥੇ ਗਏ ਉਹ ਦਿਨ/80
ਲਾਲ ਸਿੰਘ/ਰਿਵਿਊ/ਜੇ ਇਹ ਸੱਚ ਹੈ ਤਾਂ/82
ਦਵਿੰਦਰ ਸਿੰਘ ਬੋਹਾ/ਰਿਵਿਊ/ਬਾਰਡਰਨਾਮਾ/84
ਗੁਰਜੀਤ ਸਿੰਘ ਸੰਧੂ/ਰਿਵਿਊ/ਮਨੁੱਖੀ ਪ੍ਰਾਪਤੀ ਦੇ ਸਿਖਰ/87
ਸੁਰਜੀਤ ਹਾਂਸ/ਰਿਵਿਊ/Late Victorian Holocausts : El Nino Famines and the Making of the Third World / 89



**ਟਾਈਟਲ ਚਿੱਤਰ : ਦੇਵ**

ਵਾਰਸ਼ਿਕ ਚੰਦਾ-ਦੇਸ : 80 ਰੁਪਏ
ਬਦੇਸ-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ




## ਪ੍ਰੋ: ਮੋਹਨ ਸਿੰਘ ਨੂੰ ਯਾਦ ਕਰਦਿਆਂ

ਸਾਲ 2005 ਪ੍ਰੋ: ਮੋਹਨ ਸਿੰਘ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਹੈ। ਪ੍ਰੋ: ਮੋਹਨ ਸਿੰਘ ਨਿਰਸੰਦੇਹ ਵੀਹਵੀਂ ਸਦੀ ਦੇ ਸਰਬ ਸ੍ਰੇਸ਼ਟ ਪੰਜਾਬੀ ਸ਼ਾਇਰ ਸਨ। ਪਰਾਭੌਤਕ ਮੰਡਲਾਂ ਨੂੰ ਤਿਆਗ ਕੇ ਧਰਤੀ ਦੀਆਂ ਸਮੱਸਿਆਵਾਂ ਅਤੇ ਉਸ ਉੱਤੇ ਵਸਦੇ ਮਨੁੱਖਾਂ ਦੀਆਂ ਉਮੰਗਾਂ, ਅਕਾਂਖਿਆਵਾਂ, ਤੋਟਾਂ ਅਤੇ ਤ੍ਰਿਪਤੀਆਂ ਦੀ ਅਤੇ ਸਮਕਾਲ ਦੀ ਗੱਲ ਵੀਹਵੀਂ ਸਦੀ ਦੀ ਆਧੁਨਿਕ ਪੰਜਾਬੀ ਕਵਿਤਾ ਵਿਚ ਪ੍ਰੋ: ਮੋਹਨ ਸਿੰਘ ਨਾਲ ਹੀ ਸ਼ੁਰੂ ਹੋਈ ਸੀ। ਉਹਨਾਂ ਦੀ ਕਵਿਤਾ ਪਿਆਰ ਨਾਲ ਧੜਕਦੇ ਦਿਲ ਵਾਲੇ ਇਨਸਾਨ ਦੇ ਭਾਵਾਂ ਦੇ ਪ੍ਰਗਟਾਅ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਅਤੇ ਸਾਂਝੀਵਾਲਤਾ ਦੀ ਭਾਵਨਾ ਸਹਿਤ ਸਭਨਾਂ ਮਨੁੱਖਾਂ ਦੇ ਚੰਗੇਰੇ ਭਵਿੱਖ ਦੀ ਚਿੰਤਾ ਅਤੇ ਉਸ ਲਈ ਸੰਸਾਰ ਵਿਆਪੀ ਸੰਗਰਾਮ ਦੇ ਆਸ਼ਾਵਾਦੀ ਚਿਤਰਨ ਤਕ ਫੈਲੀ ਹੋਈ ਸੀ। ਉਹਨਾਂ ਦੀ ਅਦੁਤੀ ਕਾਵਿ ਪ੍ਰਤਿਭਾ ਸਦਕਾ ਹੀ ਸੀ ਕਿ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦੀ ਮੁੱਖ ਧਾਰਾ ਪ੍ਰੋ: ਮੋਹਨ ਸਿੰਘ ਦੇ ਨਾਂ ਨਾਲ ਜੁੜ ਗਈ। ਵੀਹਵੀ ਸਦੀ ਬੀਤ ਗਈ ਹੈ ਅਤੇ ਪ੍ਰੋ: ਮੋਹਨ ਸਿੰਘ ਨੂੰ ਵਿਦਾ ਹੋਇਆਂ ਵੀ ਇਕ ਚੌਥਾਈ ਸਦੀ ਦਾ ਸਮਾਂ ਲੰਘ ਗਿਆ ਹੈ ਪਰ ਸਮੇਂ ਦੀ ਵਿੱਥ ਨਾਲ ਇਕ ਸ਼ਾਇਰ ਵਜੋਂ ਪ੍ਰੋ: ਮੋਹਨ ਸਿੰਘ ਦੀ ਵਡਿਆਈ ਨੂੰ ਕੋਈ ਫਰਕ ਨਹੀਂ ਪਿਆ, ਇਹ ਹੋਰ ਵਧੇਰੇ ਪ੍ਰਮਾਣਤ ਹੁੰਦੀ ਗਈ ਹੈ।

ਪ੍ਰਗਤੀਵਾਦੀ ਕਦਰਾਂ-ਕੀਮਤਾਂ ਨਾਲ ਪਰਨਾਏ ਇਸ ਯੁਗ-ਕਵੀ ਨਾਲ ਸਾਂਝ ਦਾ 'ਸਿਰਜਣਾ' ਨੂੰ ਬਹੁਤ ਮਾਣ ਹੈ। 1965 ਵਿਚ 'ਸਿਰਜਣਾ' ਦਾ ਪ੍ਰਵੇਸ਼ ਅੰਕ ਪ੍ਰੋ: ਮੋਹਨ ਸਿੰਘ ਦੀ ਕਾਵਿ-ਰਚਨਾ ਨਾਲ਼ ਹੀ ਸ਼ੁਰੂ ਹੋਇਆ ਸੀ। ਉਸ ਤੋਂ ਮਗਰੋਂ ਵੀ ਅਨੇਕਾਂ ਵਾਰ ਪ੍ਰੋਫੈਸਰ ਸਾਹਿਬ ਦੀਆਂ ਕਾਵਿ-ਰਚਨਾਵਾਂ 'ਸਿਰਜਣਾ' ਦੇ ਮੁੱਢਲੇ ਪੰਨਿਆਂ ਦਾ ਸ਼ਿੰਗਾਰ ਬਣਦੀਆਂ ਰਹੀਆਂ। 1978 ਵਿਚ ਉਹਨਾਂ ਦੇ ਦਿਹਾਂਤ ਵਾਲੇ ਸਾਲ 'ਸਿਰਜਣਾ' ਦੇ ਜਨਵਰੀ-ਮਾਰਚ ਅੰਕ ਵਿਚ ਪ੍ਰੋਫੈਸਰ ਸਾਹਿਬ ਦੀਆਂ ਤਿੰਨ ਕਵਿਤਾਵਾਂ ਛਪੀਆਂ ਸਨ। ਦਿਹਾਂਤ ਤੋਂ ਚਾਰ ਦਿਨ ਪਹਿਲਾਂ ਹੀ ਉਹਨਾਂ ਨੇ ਆਪਣੀਆਂ ਕੁਝ ਹੋਰ ਨਵੀਆਂ ਕਵਿਤਾਵਾਂ ਇਕੱਠੀਆਂ 'ਸਿਰਜਣਾ' ਵਿਚ ਛਪਵਾਉਣ ਦੀ ਗੱਲ ਕੀਤੀ ਸੀ।

ਸ਼ਤਾਬਦੀ ਦੇ ਮੌਕੇ ਹੱਥਲੇ ਅੰਕ ਵਿਚ ਡਾ. ਚਮਨ ਲਾਲ ਦਾ ਭਾਰਤੀ ਪ੍ਰਗਤੀਵਾਦੀ ਕਾਵਿ-ਸੰਦ੍ਰਿਸ਼ ਦੇ ਹਵਾਲੇ ਨਾਲ ਪ੍ਰੋ: ਮੋਹਨ ਸਿੰਘ ਦੀ ਕਾਵਿ-ਰਚਨਾ ਸੰਬੰਧੀ ਇਕ ਆਲੋਚਨਾਤਮਕ ਲੇਖ ਛਾਪਿਆ ਜਾ ਰਿਹਾ ਹੈ। ਨਾਲ ਹੀ ਅਸੀਂ 'ਸਿਰਜਣਾ' ਦੇ ਅੰਕਾਂ ਵਿਚ ਛਪੀਆਂ ਉਹਨਾਂ ਦੀਆਂ ਕੁਝ ਗ਼ਜ਼ਲਾਂ ਇੱਥੇ ਮੁੜ ਪ੍ਰਕਾਸ਼ਤ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।

-ਰਘਬੀਰ ਸਿੰਘ

OO

ਮੁੱਕਿਆ ਹਨੇਰਾ ਪਰ ਅਜੇ, ਬਾਕੀ ਹਨੇਰ ਹੈ
ਘਸਮੈਲਾ ਚਾਨਣਾ ਅਤੇ, ਤਿੜਕੀ ਸਵੇਰ ਹੈ
ਮੁੱਲਾਂ ਜੀ ਕੁੱਟੀ ਜਾਉ ਕਿਉਂ, ਈਦੁਲਫਿਤਰ ਦੀ ਭੇਹਰ
ਕਿਸ ਨਾਲ ਰੋਜ਼ਾ ਖੋਲ੍ਹੀਏ, ਖਾਲੀ ਚੰਗੇਰ ਹੈ

ਭੂਦਾਨ ਕਰਦਾ ਵੱਟੇ ਵਿਚ ਸ਼੍ਰਮ-ਦਾਨ ਮੰਗਦਾ
ਬਣੀਏ ਸਮਾਜ ਦਾ ਕਿਹਾ, ਖੱਚਰਾ ਗਵੇੜ ਹੈ

ਝੂਠੇ ਸਮਾਜਵਾਦ 'ਤੇ ਭੁੱਲਿਓ ਨਾ ਸਾਥੀਓ
ਜਿਓਂਦਾ ਬਦਲ ਕੇ ਭੇਸ ਅਜੇ ਤਕ ਕੁਬੇਰ ਹੈ

ਦੇ ਦੇ ਕੇ ਦਸਤਕਾਂ ਕਈ, ਮੇਆਰ ਮੁੜ ਗਏ
ਠੇਕਾ ਖੁੱਲ੍ਹਣ 'ਚ ਸਾਕੀਆ ਕਿਤਨੀ ਕੁ ਦੇਰ ਹੈ

OO

ਭਾਵੇਂ ਮੇਰੇ ਅੰਦਰ ਸੂਰਜ ਚੰਦ ਸੀ
ਫਿਰ ਵੀ ਬੜਾ ਹਨੇਰਾ ਜੀਵਨ-ਪੰਧ ਸੀ

ਜਿੱਧਰ ਕਦਮ ਵਧਾਏ ਉੱਧਰ ਕੰਧ ਸੀ
ਜੋ ਬੂਹਾ ਖੜਕਾਇਆ ਉਹੀਓ ਬੰਦ ਸੀ

ਮੁਅਤਦਿਲ ਮੌਸਮ ਦਾ ਮੂੰਹ ਨਹੀਂ ਦੇਖਿਆ
ਜਾਂ ਕਹਿਰਾਂ ਦੀ ਗਰਮੀ ਸੀ, ਜਾਂ ਠੰਡ ਸੀ

ਜਿਹੜੇ ਵੀ ਰੰਗਲੇ ਖਿੱਦੋ ਨੂੰ ਫੋਲਿਆ
ਉਸ ਦੇ ਅੰਦਰ ਭਰਿਆ ਗੁੱਦੜ ਗੰਦ ਸੀ

ਇਕ ਹੱਥ ਆਪਣਾ ਸਿੱਲ ਦੇ ਥੱਲੇ ਹੀ ਰਿਹਾ
ਦੂਜੇ ਹੱਥ ਵਿਚ ਲੱਖ ਤਰ੍ਹਾਂ ਦਾ ਧੰਦ ਸੀ

ਸ਼ਸਤਰਬਧ ਪ੍ਰਬੰਧ ਨਾਲ ਕਿੰਝ ਜੂਝਦੇ
ਸਾਡੇ ਕੋਲ ਤਾਂ ਇਕੋ ਸ਼ਸਤਰ ਛੰਦ ਸੀ

OO

ਅਸਾਂ ਵੀ ਦੋਸਤੋ ਕੁਝ ਤਾਂ ਮੁਕਾਈਆਂ ਬੂੰਦਾਂ
ਕੀ ਹੋਇਆ ਜ਼ਹਿਰ ਜੇ ਸਾਰਾ ਨਾ ਸਾਥੋਂ ਪੀ ਹੋਇਆ

ਅਸਾਂ ਵੀ ਆਪਣੇ ਹਿੱਸੇ ਦੇ ਲਾਏ ਕੁਝ ਟਾਂਕੇ
ਕੀ ਹੋਇਆ ਚਾਕ ਜੇ ਸਾਰਾ ਨਾ ਸਾਥੋਂ ਸੀ ਹੋਇਆ

ਅਸਾਂ ਵੀ ਪਾੜਛੇ ਲਾਹੇ ਨੇ ਉੱਚੇ ਪਰਬਤ ਦੇ
ਜੇ ਸਾਡੇ ਤੇਸ਼ੇ ਦਾ ਘੁੰਡ ਮੁੜ ਗਿਆ ਤਾਂ ਕੀ ਹੋਇਆ

ਕਿਤੇ ਕਿਤੇ ਅਸਾਡੇ ਜਨੂੰ ਦੀ ਪੈੜ ਵੀ ਹੈ
ਜੇ ਸਾਰਾ ਥਲ ਨਾ ਅਸੀਂ ਗਾਹ ਸਕੇ ਤਾਂ ਕੀ ਹੋਇਆ

ਹਜਾਬ ਯਾਰ ਦਾ ਮੁੱਕਿਆ ਨਾ ਬਾਦਸ਼ਾਹ ਦਾ ਅਤਾਬ
ਹੈ ਫਿਰ ਵੀ ਜੀ ਲਿਆ ਯਾਰੋ ਜਿਵੇਂ ਹੈ ਜੀ ਹੋਇਆ

OO



## ਦੋ ਗ਼ਜ਼ਲਾਂ/ਜਗਜੀਤ ਬਰਾੜ

ਮੈਂ ਸਿਤਾਰਾ ਕਿਉਂ ਬਣਾਂ ਭੌਂਦਾ ਹੈ ਜੋ ਸੂਰਜ ਦੇ ਨਾਲ
ਮੈਂ ਬਣਾਂ ਕੁਝ ਨਾ ਬਣਾਂ ਪਰ ਤੁਰਾਂਗਾ ਆਪਣੀ ਹੀ ਚਾਲ।

ਤੁਰਦੇ ਤੁਰਦੇ ਇਕ ਦਿਨ ਸਨ ਪੈਰ ਰਸਤਾ ਬਣ ਗਏ
ਓਸ ਦਿਨ ਤੋਂ ਹੀ ਮਿਰੀ ਮੰਜ਼ਲ ਕਰੀ ਜਾਂਦੀ ਹੈ ਭਾਲ।

ਭੁੱਲ ਕੇ ਓਹਨਾਂ ਨੂੰ ਵੀ, ਤੂੰ ਨਾ ਹਨੇਰਾ ਸਮਝਣਾ
ਮਿਲਣਗੇ ਸਾਏ ਹਮੇਸ਼ਾ ਰੌਸ਼ਨੀ ਦੇ ਨਾਲ ਨਾਲ।

ਰੇਤ ਦੀ ਦੀਵਾਰ ਜਿਉਂ, ਮੈਂ ਧਾੜ ਕਰ ਦਾ ਗਿਰ ਗਿਆ
ਖ਼ਤ ਉਹਦਾ ਮਿਲਿਆ ਕਿ ਚੁਪਕੇ ਆ ਗਿਆ ਕੋਈ ਭੁਚਾਲ।

ਕੌਣ ਹੈ ਜੋ ਬੋਲਦਾ ਹੈ, ਕੌਣ ਹੈ ਦਿੰਦਾ ਜਵਾਬ
ਮੈਂ ਇਕੱਲਾ ਹਾਂ, ਇਹ ਕਿਹੜਾ ਕਰ ਰਿਹੈ ਕੀਹਨੂੰ ਸੁਆਲ?

ਅੱਗ ਇਉਂ ਭੜਕੀ ਕਿ ਸੜ ਕੇ ਰਾਖ ਘਰ ਤਾਂ ਹੋ ਗਿਆ
ਪਰ ਸਬੱਬੀਂ ਬਚ ਰਿਹਾ ਇਕ ਮੋਰਨੀ ਵਾਲਾ ਰੁਮਾਲ।

ਜਦ ਕਦੇ ਵੀ ਰੌਸ਼ਨੀ ਦੀ ਮਜ਼੍ਹਬ ਨੂੰ ਜਾਪੇ ਕਮੀ,
ਗਲ 'ਚ ਮੇਰੇ ਟਾਇਰ ਪਾ ਕੇ ਉਹ ਜਗਾਉਂਦਾ ਹੈ ਮਿਸ਼ਾਲ।

****

ਉੱਚੀ ਥਾਂ ਤੋਂ, ਤੇਰੇ ਹੱਥੋਂ ਗਿਰ ਕੇ ਟੁੱਟਣਾ ਚਾਹਵਾਂ
ਟੁਕੜਾ ਟੁਕੜਾ ਕਰਾਂ ਇਕੱਠਾ ਤੇਰੇ ਘਰ ਦੇ ਆਵਾਂ
ਉੱਚੀ ਥਾਂ ਤੋਂ ਗਿਰ ਕੇ ਟੁੱਟਾ ਕਦੇ ਕਦੇ ਇਉਂ ਚਾਹਵਾਂ
ਇਕ ਇਕ ਟੁਕੜਾ ਜੋੜਾਂ ਬਹਿ ਕੇ, ਮੈਂ ਫਿਰ "ਮੈਂ" ਬਣ ਜਾਵਾਂ।

ਸ਼ਾਮੀਂ ਛਿਣ ਛਿਣ ਵਧੇ, ਜਾਪਦਾ ਇਹ ਦੁਸ਼ਮਣ ਦਾ ਕੱਦ
ਰਾਤੀਂ ਮਸਾਂ ਲਪੇਟਾਂ ਆਪਣਾ ਖ਼ੌਫ਼ਨਾਕ ਪਰਛਾਵਾਂ।

ਮੁੱਦਤ ਪਿੱਛੋਂ ਖ਼ਬਰੇ ਤੇਰਾ ਬੋਲ ਸੁਣ ਪਏ ਈਕਣ
ਟਿਕੀ ਰਾਤ ਨੂੰ ਇਕ ਮਨ ਹੋ ਕੇ ਆਪਣਾ ਆਪ ਬੁਲਾਵਾਂ।

ਜੰਮਦੇ ਖ਼ਾਬ ਕਤਲ ਹੋ ਜਾਂਦੇ, ਭਰ ਜੋਬਨ ਵਿਚ ਪੁੱਤਰ
ਤੇਰੇ ਮੇਰੇ ਸ਼ਹਿਰ ਘਟਦੀਆਂ ਇੱਕੋ ਹੀ ਘਟਨਾਵਾਂ।

ਜਦੋਂ ਸਬੂਤਾ ਸਾਂ ਸੌਖਾ ਸੀ ਤੇਰਾ ਅਕਸ ਲੁਕੋਣਾ
ਹੁਣ ਹਰ ਟੁਕੜੇ ਤੇਰਾ ਚਿਹਰਾ, ਸਾਰੇ ਕਿਵੇਂ ਛੁਪਾਵਾਂ?

ਸ਼ਾਮ ਢਲੇ ਮਨ 'ਚੋਂ ਹੈ ਤੇਰੀ ਯਾਦ ਗੁਜ਼ਰਦੀ ਈਕਣ
ਜਿਉਂ ਹੜ੍ਹ ਵਿਚ ਦਰਿਆ 'ਤੋਂ ਲੰਘੇ ਪੰਛੀ ਦਾ ਪਰਛਾਵਾਂ।

[Southern Hills@ Trilogy, Rio Vista, CA 94571-2177, U.S.A.]

## ਛੱਤਾਂ ਘਰ ਨਹੀਂ ਹੁੰਦੀਆਂ/ਬਲਬੀਰ ਪਰਵਾਨਾ

ਝੜੀ ਪੈ ਰਹੀ ਹੈ ਇਕਸਾਰ
ਸਵੇਰ ਤੋਂ ਹੀ
ਚੜ੍ਹ ਚੜ੍ਹ ਆਉਂਦੇ ਬੱਦਲ
ਵਿਹੜੇ ਦੇ ਫਰਸ਼ 'ਤੇ
ਵਹਿ ਰਹੀ ਪਾਣੀ ਦੀ ਤਹਿ
    ਨਾ ਕੇਵਲ ਵਿਹੜੇ 'ਚ ਪੈ ਰਹੀਆਂ ਕਣੀਆਂ ਦਾ ਪਾਣੀ
    ਸਗੋਂ ਛੱਤ ਦਾ ਪਾਣੀ ਵੀ
    ਪਰਨਾਲੇ 'ਚ ਇਕੱਠਾ ਹੋ ਆਉਂਦਾ ਹੇਠਾਂ
    ਖਿੱਲਰ ਜਾਂਦਾ ਸਾਰੇ ਵਿਹੜੇ 'ਚ
ਤੇ ਸੁੱਕੇ ਰਹਿੰਦੇ ਛੱਤ ਹੇਠਾਂ
ਘਰ ਕਮਰੇ
ਛੱਤਾਂ ਬਚਾਅ ਲੈਂਦੀਆਂ ਹਨ ਗਿੱਲਾ ਹੋਣ ਤੋਂ
ਜੋ ਕੁਝ ਉਹਨਾਂ ਹੇਠ
ਪਰ ਛੱਤਾਂ-
-ਜ਼ਿੰਦਗੀ ਦੀ ਗਰੰਟੀ ਨਹੀਂ ਹੁੰਦੀਆਂ
ਕਿ ਉਹਨਾਂ ਹੇਠਾਂ
ਭਰਿਆ ਹੋ ਸਕਦਾ ਹੈ ਕਬਾੜ ਵੀ
ਜਾਅਲਸਾਜ਼ੀ ਦੇ ਦਸਤਾਵੇਜ਼
ਤੇ...
-ਤੇ ਬੋਅ ਮਾਰਦੇ ਰਿਸ਼ਤੇ ਵੀ
ਸਿਰਫ਼ ਛੱਤ ਸਿਰ 'ਤੇ ਹੋਣ ਨਾਲ
ਘਰ ਨਹੀਂ ਬਣ ਜਾਂਦਾ
ਨਾ ਇਕੱਠੇ ਰਹਿਣ ਨਾਲ ਹੀ
ਹੋ ਜਾਂਦੇ ਹਾਂ ਹਮਸਫ਼ਰ
ਸਾਥੀ

ਪਰ ਫਿਰ ਵੀ
ਛੱਤਾਂ ਬਣੀਆਂ ਰਹਿਣ ਦੀ ਕਰਦੇ ਹਾਂ ਕਾਮਨਾ
ਕਿ 'ਜ਼ਿੰਦਗੀ' ਨਾ ਸਹੀ
'ਗਿੱਲੇ' ਹੋਣ ਤੋਂ ਬਚੇ ਰਹਾਂਗੇ

ਏਨੇ ਹੋ ਗਏ ਹਾਂ ਸੁਵਿਧਾਵਾਦੀ
ਏਸ ਦੌਰ ਵਿਚ

ਮੀਂਹ ਪੈ ਰਿਹਾ ਹੈ ਸਵੇਰ ਤੋਂ ਹੀ...❑❑

[ਸਾਹਿਤ ਸੰਪਾਦਕ, ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ]



## ਦੋ ਕਵਿਤਾਵਾਂ/ਸੁਰਿੰਦਰ ਗਿੱਲ

### ਸਾਹਿਤ ਸਮਾਗਮ

ਸਮਾਗਮ ਹੋ ਗਿਆ ਸੁਹਣਾ
ਸਾਰਾ ਕਾਰਜ ਕ੍ਰਮ ਚੰਗਾ ਚੱਲਿਆ
ਮੁਸਕਰਾਉਂਦੇ ਲੋਕ ਸਾਰੇ ਤੁਰ ਗਏ ਆਪਣੇ ਘਰੀਂ
ਆਓ! ਹੁਣ ਆਪਣੀ ਵਾਰੀ।

ਆਓ ਹੁਣ ਨਿਸਚਿੰਤ ਹੋ ਕੇ ਬੈਠੀਏ
ਤੇ ਥਕੇਵਾਂ ਦੂਰ ਕਰੀਏ।

ਸਾਹਿਤ ਸਮਾਗਮ ਕਾਰਨ ਕਿੰਨੇ ਲੋਕ ਮਿਲੇ
ਨੇਤਾ, ਨੀਤੀਵੇਤਾ, ਵੱਡੇ ਸੱਨਅਤਕਾਰ
ਕਲਾ ਜਗਤ ਦੇ ਤਾਰੇ ਲੇਖਕ ਸਾਹਿਤਕਾਰ
ਭਾਂਤ ਸੁਭਾਂਤੇ ਤਜਰਬਿਆ 'ਚੋਂ ਲੰਘਦੇ ਬੁੱਧਜੀਵੀ
ਕਵੀ ਆਲੋਚਕ ਰੰਗ ਕਰਮੀ ਤੇ ਗਲਪਕਾਰ
ਖ਼ਬਰਾਂ ਰੂਪੀ ਪਾਨ ਚਬਾਉਂਦੇ ਪੱਤਰਕਾਰ।

ਮੇਲ ਮਿਲਾਪ ਰਹੇ ਤਾਂ ਮੇਲਾ
ਅੱਖੋਂ ਉਹਲੇ ਕੌਣ ਕਿਸੇ ਦਾ?
ਆਓ ਹੁਣ ਨਿਸ਼ਚਿੰਤ ਬੈਠੀਏ ਅਤੇ ਥਕੇਵਾਂ ਲਾਹੀਏ
ਚੁੱਕੋ ਚੁੱਕੋ ਗਰਮ ਗਲਾਸ
ਤਿੱਪ ਤਿੱਪ ਦੀ ਚੁਸਕੀ ਅੰਦਰ ਜੈ ਪ੍ਰਕਾਸ਼।

ਸਾਹਿਤ ਸਿਰਜਣਾ ਤੋਂ ਗੱਲ ਚੱਲੀ
ਚੁਸਤ ਚੁਟਕਲੇਬਾਜ਼ੀ ਦੇ ਦਰ ਆਣ ਖੜ੍ਹੀ
ਅਗਲੀ ਪਿਛਲੀ ਭੁੱਲ ਭੁਲਾ ਕੇ ਹਰ ਕੋਈ ਤੇਜ਼ ਤਰਾਰ ਚੁਟਕਲੇ ਦਾਗੇ
ਪੂਰੀ ਵਾਹ ਲਾਵੇ ਕਿ ਦਿਲ ਦਾ ਦਰਦ ਨਾ ਜਾਗੇ
ਚਿੰਤਾਵਾਂ ਦੇ ਚਿੱਕੜ ਡੁੱਬੇ ਕੌਣ ਅਭਾਗੇ?

### ਦੀਰਘ ਦੁਖਾਂਤ

ਆਪਾਂ ਤਾਂ ਆਰੰਭ ਤੋਂ ਹੀ
ਆਪਣੇ ਬਚਪਨ ਤੋਂ ਹੀ
ਰੁੱਖੇ ਰਾਹਾਂ, ਕੌੜੀਆਂ ਰੁੱਤਾਂ 'ਚ ਤੁਰਦੇ ਰਹੇ ਹਾਂ

ਜ਼ਿੰਦਗੀ ਦੇ ਹਰ ਪੜਾਅ ਹਰ ਮੋੜ 'ਤੇ
ਨਦੀ ਡਿੱਗੀ ਲੂਣ ਦੀ ਸਿੱਲ ਵਾਂਗ ਖੁਰਦੇ ਰਹੇ ਹਾਂ

ਫੁੱਲਾਂ ਦੀ ਰੁੱਤ ਕਿੰਨੇ ਕੰਡਿਆਲੇ ਤੇ ਕੌੜੇ ਰਾਹ ਤੁਰੇ
ਸਾਡੇ ਪੈਰੀਂ ਸੁੰਨੀਆਂ ਰੋਹੀਆਂ ਰੱਕੜਾਂ

ਸੂਕਦੇ ਦਰਿਆ ਪਰਬਤ ਬਿੱਫਰੇ

ਜਦ ਕਦ ਕਿਸੇ ਖ਼ੁਸ਼ੀ ਦੀ ਭਾਲ 'ਚ ਨਿਕਲੇ
ਭਾਵਾਂ ਚਾਵਾਂ ਇੱਛਾਵਾਂ ਦੇ ਸਭ ਦਰਵਾਜ਼ੇ ਬੰਦ ਮਿਲੇ
ਆਪਾਂ ਵੀ ਸਿਰੜੀ ਸੀ ਪਲ ਪਲ ਦਸਤਕ ਦੇਣੋਂ ਨਹੀਂ ਟਲੇ

ਜਿਵੇਂ ਕਿਵੇਂ ਵੀ
ਲਗਨ 'ਚ ਲੱਗੇ
ਸਿਰੜ ਸਹਾਰੇ
ਤੁਰਦੇ ਰਹੇ
ਸੁਲਗਦੀ ਰੱਖ
ਮਸਤਕ ਦੀ ਅੰਗਿਆਰੀ
ਸਿਖਰ ਦੁਪਹਿਰੇ ਢਲ ਗਈ ਆਥਣ
ਸ਼ੈਲ ਜਵਾਨੀ ਪਿਆਰੀ

ਉਸ ਲੰਮੇ ਸੰਗਰਾਮ 'ਚ ਤੂੰ ਅੰਗਿਆਰਾ ਬਣ ਕੇ ਮਘਿਆ
ਸੰਕਟ ਕਹਿਰ ਹਨੇਰੀ ਤੇਰਾ ਮੁੱਖੜਾ ਦੂਣਾ ਜਗਿਆ

ਝੂਮਦੇ ਜਿੱਤਦੇ ਰਹੇ ਜਿੱਤਾਂ ਦੇ ਜਸ਼ਨ ਮਨਾਉਂਦੇ
ਹਾਰਾਂ ਦੀ ਹੋਣੀ ਵੀ ਆਪਾਂ ਰੁੱਤਾਂ ਵਾਂਗ ਹੰਢਾਉਂਦੇ

ਜਬਰ ਜ਼ੁਲਮ ਦੇ ਸੰਕਟ ਸਾਹਵੇਂ ਕਦੇ ਨਾ ਡੋਲੇ ਕੰਬੇ
ਸੰਘਰਸ਼ਾਂ ਦੀ ਸ਼ਾਹਰਾਹ ਤੁਰਦੇ ਨਾ ਹੁੱਟੇ ਨਾ ਹੰਭੇ

ਤੇਰੇ ਘਰ ਆਂਗਣ 'ਚ ਖਿੜਿਆ ਫੁੱਲ ਇਕ ਨਿੱਕਾ ਜਿਹਾ
ਸੁਰਾਂ ਦੇ ਸੰਚਾਰ ਤੋਂ ਆਹਰਾ ਬੇਚਾਰਾ ਬਾਲ ਭੋਲਾ
ਆਪਣੇ ਮਨ ਦੀ ਗੱਲ ਆਖਣ ਵਾਸਤੇ
ਕੱਲ੍ਹ ਆਪਣੇ ਆਪ ਸੰਗ ਸੰਘਰਸ਼ ਕਰਦਾ ਸੀ ਜਦੋਂ

ਉਸਦੀ ਮਜਬੂਰੀ ਦਾ ਅਨੁਭਵ
ਤੇਰੇ ਮਨ 'ਤੇ ਮਣਾਂ ਮੂੰਹੀਂ ਭਾਰ
ਜ਼ਿੰਦਗੀ ਵਿਚ ਪਹਿਲੀ ਵਾਰ ਦੇਖਿਆ ਮੈਂ
ਤੇਰੇ ਚਿਹਰੇ 'ਤੇ ਨਿਰਾਸ਼ਾ ਦਾ ਗੁਬਾਰ

ਤੇਰੀਆਂ ਅੱਖਾਂ 'ਚ ਛਲਕੇ ਅੱਥਰੂ

ਕੀ ਕੋਈ ਹੀਲਾ ਨਹੀਂ ਹੈ
ਟਾਲ ਸਕੀਏ ਇਸ ਨਿੱਕੀ ਜਿੰਦ ਦੇ
ਦੀਰਘ ਦੁਖਾਂਤ ਨੂੰ ? ❑❑

**[1093, ਸੈਕਟਰ 63, ਮੁਹਾਲੀ]**



## ਦੋ ਕਵਿਤਾਵਾ / ਗੁਰਿੰਦਰ ਸਿੰਘ ਆਜ਼ਾਦ

### ਅਪਣੱਤ

ਆ ਇਕ ਦੂਜੇ ਲਈ ਜੀਵੀਏ
ਬਿਨਾਂ ਕਿਸੇ ਸ਼ਰਤ ਤੋਂ
ਤੂੰ ਸਾਂਭੀ ਰੱਖ ਆਪਣੀ ਪਛਾਣ
ਮੈਂ ਵੀ ਰਹਾਂ ਆਪਣੇ ਆਪ 'ਚ-ਸਾਬਤ ਸਾਲਮ!
ਤੇਰੇ ਮੇਰੇ ਅਧੂਰੇਪਣ
ਵਿਸਰ ਹੋ ਜਾਵਣ ਆਪਣੇ ਕੋਲੋਂ- ਸਹਿਜ ਸੁਭਾਅ।

ਆ ਕਿਸੇ ਬਿਰਖ ਦੀ ਤਰ੍ਹਾਂ
ਤੂੰ ਪਸਰ ਮੇਰੇ ਵਜੂਦ ਵਿਚ
ਆਪਣੀ ਹੋਂਦ ਬਣਾ
ਥੰਮ ਲਵਾਂ ਮੈਂ ਵੀ ਤੈਨੂੰ
ਆਪਣੀ ਹੀ ਕਿਸੀ-ਬੇਪਛਾਣੀ ਜਿਹੀ
ਅਣਭੋਲ ਕਿਸੀ ਗਰਜ ਲਈ
ਤੂੰ ਝੁਕ ਮੇਰੇ ਵਜੂਦ 'ਤੇ-ਬੇਪਰਵਾਹ, ਬੇਖਬਰ
ਵਿਗਸਿਆ ਰਹਾਂ ਮੈਂ ਵੀ
ਤੇਰੀ ਹਰਿਆਵਲ ਦੀ ਛਾਂ ਹੇਠ
ਆ ਇਕ ਦੂਜੇ ਵਿਚ ਸਮਾਅ, ਪੂਰੀਏ ਖਲਾਅ
ਆਪਣਾ ਆਪਣਾ-ਬਿਨਾਂ ਕਿਸੇ ਸ਼ਰਤ ਤੋਂ।

### ਦਹਿਲੀਜ਼ 'ਤੇ ਲਟਕਦੇ ਨਕਾਬ

ਘਰ ਦੀ ਕੰਜਕ
ਜਿਸ ਲਈ ਸ਼ੀਸ਼ਾ-ਕੋਈ ਵਰਜਿਤ ਫਲ ਹੈ
ਜਿਸਦਾ ਅਕਸ-ਜਿਸਦੀ ਪਛਾਣ
ਬਸ ਫਿਕਰ ਦੀ ਕੋਈ ਰੇਖਾ ਹੈ
ਜੋ-ਕਹਿੰਦੇ ਨੇ-ਉਸਦੇ ਜਨਮ ਦੇ ਨਾਲ਼ ਹੀ
ਬਾਪੂ ਦੇ ਮੱਥੇ 'ਤੇ
ਝਰੀਟੀ ਗਈ ਸੀ!

ਘਰ ਦੀ ਕੰਜਕ
ਜਿਸਦੇ ਆਪਣੇ ਅਵਚੇਤਨ ਵਿਚ ਵੀ
ਯੁਗਾਂ ਤੋਂ ਉਕਰੀ
ਕੋਈ ਲਛਮਣ ਰੇਖਾ ਹੈ!!
ਵਕਤ ਵੇਖ ਰਿਹਾ ਹੈ
ਉਹ ਜਾਣ ਲਵੇ ਹੁਣ
ਕਿ ਰਾਵਣ, ਲਛਮਣ-ਰੇਖਾ ਦੇ ਉਸ ਪਾਰ ਹੀ ਨਹੀਂ
ਇਸ ਪਾਰ ਵੀ ਹਨ!!! ❑❑

**[ਪਿੰਡ ਤੇ ਡਾਕ : ਢਕਾਨਸੂ ਕਲਾਂ, ਤਹਿਸੀਲ ਰਾਜਪੁਰਾ - 140 401]**

## ਚਾਰ ਕਵਿਤਾਵਾਂ / ਜਸਵੰਤ ਕੜਿਆਲ

### ਨਦੀ ਤੇ ਮਨੁੱਖ

ਨਦੀ ਵਗਦੀ ਰਹੇ-ਤੇਜ਼...ਹੌਲੀ...
ਕਿਤੇ ਸੌੜੀ...ਕਿਤੇ ਚੌੜੀ...
ਮਨੁੱਖ ਚਲਦਾ ਰਹੇ-ਸ਼ਾਂਤ...ਅਸ਼ਾਂਤ...
ਕਦੇ ਵਿਸ਼ਾਲ...ਕਦੇ ਸੀਮਤ...
ਆਖ਼ਰਕਾਰ-ਨਦੀ ਨੂੰ ਸਮੁੰਦਰ ਮਿਲੇ
ਮਨੁੱਖ ਨੂੰ ਮੰਜ਼ਿਲ

### ਕਿਤਾਬ ਤੇ ਕਹੀ

ਕਿਤਾਬ-ਗਿਆਨ ਵਧਾਉਂਦੀ
ਕਹੀ-ਰਿਜ਼ਕ ਲਿਆਉਂਦੀ
ਕਹੀ ਚਲਾਈ-ਚੁੱਲ੍ਹਾ ਤਪਿਆ
ਕਿਤਾਬ ਪੜ੍ਹੀ-ਗਿਆਨ ਵਧਿਆ
ਬਿਨ ਕਿਤਾਬਾਂ-ਗਿਆਨ ਅਧੂਰਾ
ਬਿਨ ਕਹੀ-ਰਿਜ਼ਕ ਨਾ ਪੂਰਾ
ਕਿਰਤ, ਗਿਆਨ ਤੇ ਰਿਜ਼ਕ
ਜਿੰਦਗੀ ਦਾ ਅਸਲੀ ਆਨੰਦ।

### ਸੂਰਜ

ਸਵੇਰੇ ਉੱਠ
ਸਿਜਦਾ ਕਰਦਾ ਹਾਂ-ਸੂਰਜ ਦੀ ਲਾਲੀ ਨੂੰ
ਸੂਰਜ ਤੋਂ ਸਿੱਖਦਾਂ ਹਾਂ-ਰੋਜ਼ ਇਕ ਨਵਾਂ ਸਬਕ
ਸਹਿਜ, ਤਬਦੀਲੀ ਤੇ ਮੰਜ਼ਿਲ ਨੂੰ ਪਾਉਣਾ
ਛਾਏ ਕਾਲੇ ਬੱਦਲਾਂ ਨੂੰ ਕਿਵੇਂ ਪਰ੍ਹਾਂ ਹਟਾਉਣਾ
ਸਕਿੰਟਾਂ ਰਾਹੀਂ...ਮਿੰਟਾਂ ਰਾਹੀਂ...ਘੰਟਿਆਂ ਰਾਹੀਂ...
ਆਪਣਾ ਸਫ਼ਰ ਮੁਕਾਉਣਾ।

### ਜ਼ਿੰਦਗੀ

ਪਲ ਪਲ ਦਾ ਜੋੜ-ਦਿਨ ਬਣ ਗਿਆ
ਇਕ ਇਕ ਦਿਨ-ਸਾਲ ਬਣ ਗਏ
ਸਾਲ ਬੀਤਦੇ ਗਏ-ਸਾਹ ਮਨਫ਼ੀ ਹੁੰਦੇ ਗਏ
ਬਚਪਨ ਖੇਡ ਗਿਆ-ਜਵਾਨੀ ਮਹਿਕ ਗਈ
ਬੁਢਾਪਾ ਖਾਮੋਸ਼ ਹੋ ਗਿਆ
ਇਸ ਤਰ੍ਹਾਂ-ਕਈ ਦੁੱਖਾਂ ਤੇ ਸੁੱਖਾਂ ਦੀਆਂ ਸਵੇਰਾਂ ਦਾ
ਜੰਗਲ ਪਾਰ ਕਰਦਿਆਂ
ਇਕ ਜ਼ਿੰਦਗੀ ਬੀਤ ਗਈ
ਅਮੋਲਕ ਜ਼ਿੰਦਗੀ...ਜਿਸਦੀ ਕੀਮਤ
ਮੇਰੇ ਸ਼ਬਦ ਬਿਆਨ ਨਹੀਂ ਕਰ ਸਕੇ ❑❑

[ਪਿੰਡ ਕੜਿਆਲ, ਜ਼ਿਲ੍ਹਾ ਮੋਗਾ-142 042]



## ਚੀਸ ਪ੍ਰਾਹੁਣੀ / ਗੁਰਭਜਨ ਗਿੱਲ

ਸ਼ਾਮਾ ਵੇਲੇ ਚੀਸ ਪ੍ਰਾਹੁਣੀ, ਮੇਰੇ ਮਨ ਦਾ ਦਰ ਖੜਕਾਵੇ
ਜਾਗੀ ਪੀੜ ਇਕੱਲੀ ਜਿੰਦੜੀ, ਦਿਲ ਵੀ ਜੀਕਣ ਬੁਝਿਆ ਬੁਝਿਆ
ਕਿਸੇ ਮਜ਼ਾਰ 'ਤੇ ਮੂਧਾ ਜਿਵੇਂ ਤਰੇੜਿਆ ਦੀਵਾ।

ਦੂਰ ਕਿਤੇ ਸਾਗਰ ਦੇ ਸਿਰ 'ਤੇ ਬੱਦਲ ਚੜ੍ਹਿਆ
ਕਾਲੀ ਘਟ ਨੇ ਨ੍ਹੇਰ ਮਚਾਇਆ
ਮੇਰੇ ਪਿੰਡ ਦੇ ਸਿਰ 'ਤੇ ਪਰ ਔੜਾਂ ਦਾ ਸਾਇਆ
ਹਰ ਜੀਅ ਜੀਕਣ ਹਾਉਕਾ ਤੁਰਦਾ
ਧੂੰਏ ਵਿਚ ਰਾਹ ਕਿਸੇ ਨਾ ਕੋਈ
ਸ਼ਾਮਾਂ ਵੇਲੇ ਇਹ ਕੈਸੀ ਅਨਹੋਣੀ ਹੋਈ।

ਮੇਰੇ ਸਨਮੁਖ ਟੁੱਟਿਆ ਸ਼ੀਸ਼ਾ, ਕੰਕਰ ਕੰਕਰ ਅਕਸ ਖਿੱਲਰਿਆ
ਇਸ ਤੋਂ ਆਪਣੇ ਬਾਰੇ ਹੁਣ ਮੈਂ ਕੀਹ ਜਾਣਾਂਗਾ?
ਇਹ ਤਾ ਆਪ ਗੁਆਚੀ ਕਾਇਆ
ਤਿੜਕਿਆ ਅਕਸ ਨਿਹਾਰ ਰਿਹਾ ਹਾਂ।

ਹੁਣ ਮੈਂ ਕਿਹੜੇ ਮੋਢੇ ਆਪਣਾ ਸੀਸ ਟਿਕਾਵਾਂ?
ਰੋਂਦਾ ਰੋਂਦਾ ਥੱਕ ਜਾਵਾਂ, ਹੌਲਾ ਹੋ ਜਾਵਾਂ
ਅੱਖਾਂ ਵਿਚ ਦਰਿਆ ਤੇ ਨਦੀਆਂ, ਦਿਲ ਵਿਚ ਉੱਛਲੇ ਤਲਖ਼ ਸਮੁੰਦਰ
ਮੈਥੋਂ ਆਪਣਾ ਰਾਹ ਪੁੱਛਦਾ ਹੈ, ਕਿੱਧਰ ਜਾਵਾਂ?

ਮੇਰੇ ਕੋਲ ਰੁਮਾਲ ਨਾ ਕੋਈ, ਕਿਸੇ ਮੁਹੱਬਤੀ ਰੂਹ ਦਾ ਦਿੱਤਾ
ਅੱਖੀਆਂ ਉੱਤੇ ਧਰਕੇ ਅੱਥਰੂ ਰੁਕ ਜਾਂਦੇ ਨੇ
ਜਿਸ ਵਿਚ ਨਦੀਆਂ, ਦਰਿਆ, ਸਾਗਰ ਸੁੱਕ ਜਾਂਦੇ ਨੇ।

ਏਸ ਪਰਾਈ ਧਰਤੀ ਉਤੇ, ਮੇਰੀ ਆਪਣੀ ਪੈੜ ਨਹੀਂ ਹੈ
ਨਾ ਮੇਰਾ ਪਰਛਾਵਾਂ ਏਥੇ, ਨਾ ਮੇਰਾ ਪਰਛਾਵਾਂ ਓਥੇ
ਬਰਫ਼ਾਨੀ ਟੀਸੀ ਤੇ ਚੰਨ ਹੈ, ਰਾਤ ਚੌਧਵੀਂ ਦੂਰ ਪਿਆ ਲਿਸ਼ਕੋਰਾਂ ਮਾਰੇ
ਬਿਟ ਬਿਟ ਝਾਕ ਰਹੇ ਨੇ ਤਾਰੇ
ਇਹ ਵੀ ਮੇਰੇ ਵਰਗੇ ਸਾਰੇ, ਨਾ ਜਾਗੇ, ਨਾ ਸੁੱਤੇ ਲੱਗਣ ਥੱਕੇ ਹਾਰੇ।

ਹਰੇ ਕਚੂਰ ਦਰਖ਼ਤਾਂ ਉਤੇ ਪੱਤ ਹਰਿਆਲੇ
ਸੂਰਜ ਦੀ ਲਿਸ਼ਕੋਰ 'ਚ ਲਿਸ਼ਕਣ, ਪਰ ਹੋਠਾਂ 'ਤੇ ਚੁੱਪ ਦੇ ਤਾਲੇ
ਜੀਭਾ ਕਿਤੇ ਗੁਆਚ ਗਈ ਹੈ, ਕੰਨਾਂ ਦੇ ਵਿਚ ਸਿੱਕਾ ਢਲਿਆ
ਕੁੱਲ ਧਰਤੀ ਦਾ ਸਾਂਝਾ ਦੀਵਾ, ਕਿੱਥੇ ਚੜ੍ਹ ਕੇ ਸੂਰਜ ਬਲਿਆ।

ਬਾਲ ਅਲੂੰਏਂ ਧਰਤੀ ਦੀ ਹਿੱਕੜੀ 'ਤੇ ਠਰਦੇ
ਪੈਰੋਂ ਤੇੜੋਂ ਨੰਗ ਮੁਨੰਗੇ ਹਰ ਹਰ ਕਰਦੇ
ਜੰਮਣ ਸਾਰ ਹੀ ਜ਼ਿੰਦਗੀ ਕਿਤੇ ਗੁਆਚ ਗਈ ਹੈ
ਰਹਿਣ ਮੌਤ ਦਾ ਲੇਖਾ ਕਰਦੇ, ਪਰ ਨਾ ਡਾਢੇ ਰੱਬ ਤੋਂ ਡਰਦੇ।

ਹਾੜ੍ਹ ਸਿਆਲੇ, ਪੱਤਝੜ ਅਤੇ ਪੁੰਗਾਰੇ ਰੁੱਤੇ
ਖੜ ਖੜ ਖੜ ਖੜ ਡੱਬੇ ਰੇਲ ਪਟੜੀਆਂ ਉਤੇ

ਵਕਤ ਦੇ ਹੇਠਾਂ ਅੱਥਰਾ ਘੋੜਾ, ਇਹ ਨਾ ਮੈਨੂੰ ਦੇਵੇ ਦਾਈ
ਖੇਡੀ ਜਾਵੇ ਲੁਕਣ ਮਚਾਈ
ਮੈਂ ਇਹਦੇ ਸੰਗ ਦੌੜ ਰਿਹਾਂ ਸਿਰਤੋੜ ਨਿਰੰਤਰ
ਆਦਮ ਜੂਨ ਗੁਆਚੀ ਬਣ ਬੈਠਾ ਹਾਂ ਯੰਤਰ
ਜਿਉਂਦੇ ਜੀਅ ਨਹੀਂ ਹੋ ਸਕਣਾ, ਮੈਂ ਕਦੇ ਸੁਤੰਤਰ।

ਉੱਚੇ ਭਵਨ, ਪਹਾੜਾਂ, ਮਹਿਲ ਅਟਾਰੀਆਂ ਉੱਤੇ
ਚੰਨ ਤੇ ਸੂਰਜ ਪੁੱਠੇ ਹੋ ਕੇ ਵੰਡਦੇ ਚਾਨਣ।

ਧਰਤੀ 'ਤੇ ਵੀ ਵੱਸਦੇ ਲੋਕੀਂ
ਜੋ ਨਾ ਸ਼ਿਕਵਾ, ਰੋਸ ਸ਼ਿਕਾਇਤ, ਆਪਣੀ ਜੀਭਾ ਉੱਤੇ ਧਰਦੇ
ਸ਼ਾਮ, ਸਵੇਰੇ, ਰਾਤਾਂ ਤੇ ਪ੍ਰਭਾਤਾਂ ਵੇਲੇ, ਖ਼ੌਰੇ ਕਿੰਨੇ ਤਰਲੇ ਪਾਉਂਦੇ
ਰਹਿੰਦੇ ਦੇਵੀ ਦੇਵ ਧਿਆਉਂਦੇ
ਨ੍ਹੇਰੇ ਦੀ ਲੋਈ ਨਾ ਪਾਟੇ, ਰਾਹਾਂ ਦੇ ਵਿਚ ਜਿੰਦ ਮੁਕਾਉਂਦੇ
ਮੇਰਾ ਅੰਬਰ ਵੀ ਕਿਉਂ ਅੱਜ ਤਕ ਕਾਲ ਕਲੂਟਾ
ਪੁੰਗਰਦਾ ਨਾ ਆਸ ਦਾ ਬੂਟਾ
ਫੁੱਲਾਂ 'ਚੋਂ ਖੁਸ਼ਬੋਈ ਮੋਈ, ਪ੍ਰਕ੍ਰਿਤੀ ਦੀ ਨਬਜ਼ ਖਲੋਈ
ਸੂਰਜ ਮੇਰੇ ਨਾਲ ਜਿਵੇਂ ਹੈ ਰੁੱਸਿਆ ਰੁੱਸਿਆ
ਚੰਦਰਮਾ 'ਚੋਂ ਚਾਨਣ ਜਾਪੇ ਖੁੱਸਿਆ ਖੁੱਸਿਆ
ਬਿਰਖ਼ ਨਿਪੱਤਰੇ ਵਾਂਗੂੰ ਗੁੰਮ ਗੁੰਮ, ਦਲਦਲ ਅੰਦਰ ਇਕੋ ਲੱਤ ਦੇ ਭਾਰ ਖੜ੍ਹਾ ਹਾਂ
ਕਦੇ ਕਦੇ ਤਾਂ ਇਉਂ ਲੱਗਦਾ ਹੈ, ਮੈਂ ਉਹ ਪੰਛੀ, ਜਿਸ ਦੇ ਪੈਰੀਂ ਝਾਂਜਰ ਹੋਏ
ਖੰਭ ਧਾਗੇ ਵਿਚ ਉਲਝੇ, ਉਸ ਤੋਂ ਉੱਡ ਨਾ ਹੋਏ
ਸੁਪਨੇ ਦੇ ਵਿਚ ਹੇਕ ਅਧੂਰੀ ਸੰਘ ਵਿਚ ਅਟਕੇ
ਜਾਂ ਖੂਹੀ ਵਿਚ ਡਿੱਗਦੇ ਡਿੱਗਦੇ, ਮੌਣ ਕਿਨਾਰੇ ਹੱਥ ਪੈ ਜਾਵੇ
ਕੱਲ-ਮੁ-ਕੱਲਾ ਰੋਵਾਂ ਤੇ ਕੋਈ ਨੇੜ ਨਾ ਆਵੇ
ਨਾ ਉਪਰ ਨਾ ਹੇਠਾਂ, ਦੱਸੋ ਕਿੱਧਰ ਜਾਵੇ!
ਸ਼ਾਮਾਂ ਵੇਲੇ ਕਈ ਵਾਰੀ ਇਉਂ ਸਾਹ ਰੁਕਦਾ ਹੈ।

ਹੇ ਮੇਰੇ ਜੀਵਨ ਦੀ ਜਗਮਗ ਜਗਦੀਏ ਬੱਤੀਏ, ਆ ਜਾ ਰਲ ਕੇ ਸੁਪਨੇ ਕੱਤੀਏ
ਸੁਪਨੇ ਵਿਚ ਪਰੁੱਚੀਏ ਨੀ ਸਾਹਾਂ ਦੀਏ ਲੜੀਏ
ਆ ਜਾ ਏਸ ਇਬਾਰਤ ਨੂੰ ਅੱਜ ਰਲ ਕੇ ਪੜ੍ਹੀਏ
ਸੂਰਜ ਸਾਡੇ ਸਾਹੀਂ ਕਿਉਂ ਨਹੀਂ ਨਿੱਘ ਵਰਤਾਉਂਦਾ
ਚੰਦਰਮਾ ਵੀ ਕਿਉਂ ਨਹੀਂ ਸਾਡੇ ਮਨ ਰੁਸ਼ਨਾਉਂਦਾ।

ਆ ਜਾ ਮਨ ਦੇ ਮੈਲੇ ਸ਼ੀਸ਼ੇ ਮੁੜ ਲਿਸ਼ਕਾਈਏ
ਸ਼ਾਮਾਂ ਵੇਲੇ ਇਕ ਦੂਜੇ ਦਾ ਚਾਨਣ ਬਣੀਏ
ਆਪਣ ਅਤੇ ਬੇਗਾਨੇ ਰਾਹ 'ਚੋਂ ਨੇਰ੍ਹ ਮਿਟਾਈਏ
ਸਾਹਾਂ ਵਿਚ ਕਸਤੂਰੀ ਮੱਥੇ ਕੇਸਰ ਟਿੱਕਾ
ਇਸ ਧਰਤੀ ਨੂੰ ਜਿਉਣ ਜੋਗੜੀ ਆਪ ਬਣਾਈਏ।❑❑

[113 ਐੱਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ]



## ਅੱਠ ਕਵਿਤਾਵਾਂ/ਗੁਰਨਾਮ ਢਿੱਲੋਂ

### ਖਤ

ਖਤ ਤਾਂ ਹੁੰਦੇ
ਦੋ ਦਿਲਾਂ ਦਾ ਬਿਨ ਤਾਰਾਂ ਜੁੜ ਜਾਣਾ
ਕੋਮਲ ਸੂਖਮ ਜਜ਼ਬਿਆਂ ਦਾ
ਘਿਉ-ਸ਼ੱਕਰ ਹੋ ਜਾਣਾ।

ਮਿਤਰੋ! ਅੱਜ ਵਿਗਿਆਨ ਦਾ ਯੁਗ ਹੈ
ਕੌਣ ਕਿਸੇ ਨੂੰ ਖ਼ਤ ਲਿਖਦਾ ਹੈ
ਖ਼ਤ ਵੀ ਹੁਣ ਧੰਦੇ ਦੇ ਕਾਸਦ।

ਕਥਾ ਕੀ ਖ਼ਤ ਦੀ ਕਰਨੀ
ਹੁਣ ਤਾਂ ਦਿਲ ਵੀ ਵਿਕਦੇ ਅਤੇ ਖਰੀਦੇ ਜਾਂਦੇ
ਹੁਣ ਨਹੀਂ ਦਿਲ ਸਮੁੰਦਰੋਂ ਡੂੰਘੇ
ਹੁਣ ਤਾਂ ਮੁਲਾਕਾਤ ਤੋਂ ਪਹਿਲਾਂ
ਹਰ ਕੋਈ ਦਿਲ ਦੀਆਂ ਜਾਣੇਂ।

ਲੱਗੀ ਤੋਂ ਖਤ ਵਾਂਗ ਖਜ਼ਾਨਾ ਲਗਦੇ
ਜੱਗ ਤੋਂ ਚੋਰੀ ਰੰਗ ਇਹਨਾਂ ਦੇ ਸਾਂਭ ਸਾਂਭ ਕੇ ਰੱਖੀਏ।

ਟੁੱਟੀ ਤੋਂ ਖ਼ਤ ਵੱਡਿਆਂ ਰੰਗਾਂ ਵਾਲੇ
ਵਿਕਣ ਲਈ ਪੱਤਰਕਾਵਾਂ ਵੱਲ ਛੂਹਲੇ ਕਦਮੀਂ ਤੁਰਦੇ।

ਨੈਣ ਨਕਸ਼ ਮੰਡੀ ਦੇ ਬੜੇ ਸੁਹਾਵੇ, ਰਤਾ ਲੱਜ ਨਾ ਰਹਿੰਦੀ
ਖਿੱਲਰ ਜਾਂਦੇ ਅੱਖਰਾਂ ਦੇ ਰੰਗ, ਚੂੜਾ ਭੱਜਦਾ ਮਹਿੰਦੀ ਲਹਿੰਦੀ

### ਮੁਬਾਰਕ

ਬੜੀ ਦੇਰ ਦੀ ਗੱਲ ਹੈ ਮਿੱਤਰ
ਇਕ ਬਿਰਖ ਦੀ ਛਾਵੇਂ ਦੋਵੇਂ ਹੀ ਬੈਠੇ ਸਾਂ
ਪਰ ਮੇਰਾ ਰਸਤਾ ਵੱਖਰਾ ਸੀ, ਤੇ ਤੇਰਾ ਰਸਤਾ ਵੱਖਰਾ ਸੀ
ਕੌੜੀਆਂ ਮਿੱਠੀਆਂ ਯਾਦਾਂ ਦੇ ਫੁੱਲ ਝੋਲੀ ਪਾ ਕੇ
ਆਪਣੇ ਆਪਣੇ ਰਸਤੇ ਪੈ ਗਏ।

ਅਰਸੇ ਪਿੱਛੋਂ ਪਤਾ ਨਹੀਂ ਤੈਨੂੰ ਕੀ ਚੇਤੇ ਆਇਆ
ਤੂੰ ਮੇਰੇ ਵੱਲ ਮਿੱਤਰਤਾ ਦਾ ਮੁੜ ਕੇ ਹੱਥ ਵਧਾਇਆ
ਇਹ ਕਰਮ ਕੁਝ ਅਸੁਭਾਵਕ ਸੀ।

ਸ਼ਾਇਰ ਬੜੇ ਤਿਤਲੀ-ਦਿਲ ਹੁੰਦੇ
ਵਧੇ ਹੋਏ ਹੱਥ ਤਾਈਂ ਝੱਟ ਫੜ ਲੈਂਦੇ ਨੇ
ਘਟਨਾ ਇਹ ਸੁਭਾਵਕ ਸੀ।

ਕੁਲ ਸ੍ਰਿਸ਼ਟੀ ਦੇ ਕਣ ਤੇ ਅੰਸ਼, ਅਣੂ ਪਰਮਾਣੂ
ਇਕ ਦੂਜੇ ਸੰਗ ਟੁੱਟਦੇ ਜੁੜਦੇ ਰਹਿੰਦੇ ਨੇ
ਇਹ ਪ੍ਰਕਿਰਿਆ ਇਸ ਬ੍ਰਹਿਮੰਡ ਦੀ ਸਿਰਜਣ ਸ਼ਕਤੀ

ਜੀਵਨ ਲੀਲ੍ਹਾ ਜੱਗ ਰਚਨਾ ਹੈ

ਮੇਰੀ ਜੀਵਨ ਸ਼ੈਲੀ ਤੱਕ ਕੇ, ਤੈਨੂੰ ਜਿਵੇਂ ਭੁਲੇਖਾ ਲੱਗਾ
ਮੈਂ ਤੇਰਾ ਪੱਕਾ ਹਮਰਾਹੀ ਬਣ ਜਾਵਾਂਗਾ
ਤਾਨ ਤੇਰੀ 'ਤੇ ਨੱਚਾਂਗਾ ਤੇ ਗਾਵਾਂਗਾ
ਵੇਖ ਪਿਆਰੇ! ਸਮਿਆਂ ਦੇ ਰੰਗ ਬੜੇ ਨਿਆਰੇ
ਅੱਜ ਵੀ ਤੇਰਾ ਮੇਰਾ ਰਸਤਾ, ਵੱਖਰਾ ਹੀ ਪਰਗਟ ਹੋਇਆ ਹੈ
ਅੱਜ ਵੀ ਆਪਾਂ ਦੋਵੇਂ ਦੂਰੀ ਸਿਰਜ ਰਹੇ ਹਾਂ

ਐਪਰ ਸੱਤ ਅਸਮਾਨੀਂ ਚੜ੍ਹ ਕੇ, ਇਕ ਦੂਜੇ ਦੇ ਆਂਗਣ ਦੇ ਵਿਚ
ਸ਼ਿਕਵੇ ਗਿਲ਼ੇ ਸ਼ਕਾਇਤਾਂ ਮਿਹਣੇ ਬੇਵਫ਼ਾਈ ਧੋਖਾ ਆਦਿ ਦੀ ਵਰਖਾ ਕਰਦੇ
ਆਪਾਂ ਹੁਣ ਨਹੀਂ ਚੰਗੇ ਲਗਦੇ, ਆਪਾਂ ਇੰਜ ਨਹੀਂ ਚੰਗੇ ਲਗਦੇ

ਤੇਰਾ ਜੀਵਨ ਲਕਸ਼ ਮੁਬਾਰਕ ਤੈਨੂੰ ਹੋਵੇ
ਮੇਰਾ ਜੀਵਨ ਲਕਸ਼ ਮੁਬਾਰਕ ਮੈਨੂੰ ਹੋਵੇ

ਬੜੀ ਦੇਰ ਦੀ ਗੱਲ ਹੈ ਮਿੱਤਰ
ਇਕ ਬਿਰਖ ਦੀ ਛਾਵੇਂ ਦੋਵੇਂ ਹੀ ਬੈਠੇ ਸਾਂ।

## ਮਾਲਕ

ਅਸਾਨੂੰ ਇਹ ਵਿਰਸੇ ਵਿਚ ਮਿਲਿਆ
ਅਸੀਂ ਤਾਂ ਇਸ ਵਿਚ ਵਸਦੇ ਨਹੀਂ ਹਾਂ
ਇਹ ਸੁਪਨਾ ਸਾਕਾਰ ਤੁਹਾਡਾ
ਇਸ ਨੂੰ ਆਪਣਾ ਹੀ ਘਰ ਸਮਝੋ
ਤੁਸੀਂ ਹੀ ਹੁਣ ਇਸ ਦੇ ਸਵਾਮੀ ਹੋ।

ਕਰੋ ਹਿਫ਼ਾਜ਼ਤ ਪੂਰੀ ਇਸ ਦੀ
ਇਸ ਨੂੰ ਕਿਧਰੇ ਦਾਗ ਨਾ ਲਾਓ
ਕੂਚੀ ਫੇਰ ਕੇ ਪੋਚਾ ਲਾ ਕੇ
ਇਸ ਦਾ ਮੂੰਹ-ਮੱਥਾ ਲਿਸ਼ਕਾਓ
ਕੰਧਾਂ ਛੱਤ ਬਾਰੀਆਂ ਬੂਹੇ, ਅਲਮਾਰੀਆਂ ਕੁੰਡੇ ਜਿੰਦਰੇ
ਜਿਸਮ ਆਪਣੇ ਦੇ ਅੰਗ ਸਮਝੋ
ਇਸ ਦੇ ਬਾਗ ਬਗੀਚੇ ਤਾਈਂ, ਖੁਸ਼ਬੂਦਾਰ ਤੇ ਰੰਗ ਬਿਰੰਗੇ ਫੁੱਲਾਂ ਨਾਲ ਸਜਾਓ

ਅਸੀਂ ਜਦੋਂ ਵੀ ਕਰਨ ਨਿਰੀਖਣ ਆਈਏ
ਸਾਡੇ ਪੈਰਾਂ ਹੇਠਾਂ ਸੁੰਦਰ ਨੈਣ ਵਿਛਾਓ
ਉਂਝ ਤਾਂ ਹੈ ਹਮਦਰਦੀ ਹਰਦਮ ਨਾਲ ਤੁਹਾਡੇ
ਨਾ ਅਸੀਂ ਲਾਲਚ ਦੀ ਗੱਡੀ ਉਤੇ ਚੜ੍ਹੀਏ
ਐਪਰ ਕਿਰਾਇਆ ਪੇਸ਼ਗੀ ਲੈਣਾ
ਅਸੀਂ ਆਪਣਾ ਹੱਕ ਸਮਝੀਏ
ਤੁਸੀਂ ਨਾ ਦੇਣ ਲੱਗੇ ਘਬਰਾਓ।

ਅਸੀਂ ਤਾਂ ਸਭ ਦੇ ਦੁੱਖਾਂ-ਦਰਦਾਂ ਵਿਚ ਸਹਿਭਾਗੀ ਹਾਂ
ਕਦੇ ਨਾ ਸੋਚੋ-ਅਸੀਂ ਤੁਹਾਨੂੰ ਵਾਧੂ ਘਾਟੂ ਜੀਵ ਸਮਝੀਏ



ਅਤੇ ਤੁਹਾਨੂੰ ਏਸ ਮਕਾਨ 'ਚ
ਵਸਦੇ ਰਹਿਣ ਦੀ ਪੂਰਨ ਖੁੱਲ੍ਹ ਹੈ।

ਕਾਨੂੰਨ ਜ਼ਾਬਤਾ ਸਦਾਚਾਰ ਨੂੰ ਭੁਲ ਭੁੱਲਾਕੇ
ਐਪਰ ਜਦੋਂ ਅਸੀਂ ਫੁਰਮਾਈਏ
"ਕਰ ਦਿਓ ਖਾਲੀ ਹੁਣ ਘਰ ਸਾਡਾ।"
ਸਾਡੇ ਇਹਨਾਂ ਹੁਕਮਾਂ ਉੱਤੇ ਫੁੱਲ ਚੜ੍ਹਾਓ
ਤੇ ਉਠ ਜਾਓ।

## ਰੂਹ

ਸ਼ਬਦਾਂ ਦੇ ਵੀ ਕਈ ਰੰਗ ਹਨ
ਕਈ ਰਸ ਹਨ/ ਕਈ ਸ਼ੇਡ ਹਨ/ ਕਈ ਭੇਦ ਹਨ
ਕਈ ਤਰ੍ਹਾਂ ਦੀ ਖੁਸ਼ਬੂ ਹੈ
ਕਈ ਸ਼ਬਦ ਹਨ ਜੱਗੋਂ ਬਾਹਰੇ
ਪਤਾ ਨਹੀਂ ਉਹ ਕਿਸ ਅਨੂਪਮ ਕੁੱਖੋਂ ਜਨਮੇਂ
ਕਿਸ ਬਿਧ ਧਰਤੀ ਉੱਤੇ ਉੱਤਰੇ
ਧਰਤੀ ਉੱਤੇ ਵਿਚਰਨ ਨਾਲ ਜਿਵੇਂ ਹੋ ਜਾਵਣ ਅਸਲੋਂ ਮੈਲੇ
ਜੀਵਾਂ ਦੇ ਪਰਛਾਵੇਂ ਨਾਲ ਜਿਵੇਂ ਉਹ ਜਾਵਣ ਜੁਗ ਜੁਗ ਭਿੱਟੇ
ਚੜ੍ਹ ਵਿਮਾਨ ਵਿਚ ਅੱਧ ਅਸਮਾਨੀਂ ਉਡਦੇ
ਜਾਂ ਕਾਰ 'ਚੋਂ ਪੈਰ ਨਾ ਭੋਂ 'ਤੇ ਲਾਉਂਦੇ
ਇਕ ਦੇਸ਼ 'ਚੋਂ ਦੂਜੇ ਦੇਸ਼ 'ਚ
ਇਕ ਸ਼ਹਿਰ 'ਚੋਂ ਦੂਜੇ ਸ਼ਹਿਰ 'ਚ
ਕਰਨ ਹੰਗਾਮੀ ਦੌਰੇ
ਰਸਤੇ ਦੇ ਵਿਚ ਕਿਤੇ ਕਿਆਮ ਨਾ ਕਰਦੇ
ਖੱਬੀ-ਖਾਂ ਵੀ ਸੀਸ ਝੁਕਾ ਕੇ ਲੰਘਦੇ
ਰਾਜ-ਭਾਗ ਵਿਚ ਜੈ ਜੈ ਗੂੰਜੇ

ਕੁਝ ਸ਼ਬਦ ਹਨ ਆਦਿ-ਜੁਗਾਦੋਂ
ਵਿਧਮਾਤਾ ਨਾਲ ਲੜਨਾ ਸਿੱਖੇ
ਵੇਲੇ ਨਾਲ ਵੀ ਆਢਾ ਲਾਉਂਦੇ
ਬੱਸ ਅੱਡਿਆਂ 'ਤੇ ਧੱਕੇ ਖਾਂਦੇ
ਰਾਹਾਂ ਦੇ ਵਿਚ ਧੂੜਾਂ ਫੱਕਦੇ
ਤਨ ਉੱਤੇ ਹਰ ਕਹਿਰ ਹੰਢਾਉਂਦੇ
ਐਪਰ ਅਰਥਾਂ ਵਿਚ ਰੂਹ ਪਾਉਂਦੇ।

## ਵਿੰਗੇ-ਟੇਢੇ

ਪਤਾ ਨਹੀਂ ਉਹ ਕਿਹੇ ਲੋਕ ਨੇ, ਕਿਸ ਮਿੱਟੀ ਦੇ ਜਾਏ
ਕਿਹੜੇ ਬੋਹੜ ਦੀ ਸੰਘਣੀ ਛਾਂ ਮਾਨਣ
ਕਿਹੜੇ ਬੋਧ-ਬਿਰਖ ਦਾ ਸੁੱਚਾ ਫਲ਼ ਖਾਂਦੇ ਹਨ
ਕਿਹੜੀ ਮੁਰਗੀ ਪਾਲ਼ੀ
ਜਿਹੜੀ ਮਾਣਕ ਮੋਤੀਆਂ ਦੇ ਅੰਡੇ ਹੈ ਦਿੰਦੀ।

ਪਤਾ ਨਹੀਂ ਉਹ ਕੌਣ ਲੋਕ ਨੇ
ਨਵੀਆਂ ਨਿੱਤ ਮੁਹਿੰਮਾ ਉੱਤੇ ਚੜ੍ਹਦੇ
ਕੂਲੇ ਨਰਮ ਪੋਟਿਆਂ ਦੇ ਵਿਚ ਪਕੜਨ ਦੇ ਲਈ
ਕਿਹੜੇ ਸੋਨ-ਬਿਰਖ ਦੀਆਂ ਕਲਮਾਂ ਘੜਦੇ।

ਪਤਾ ਨਹੀਂ ਕਾਰੇ-ਹੱਥਾਂ ਵਿਚ ਕੀ ਜਾਦੂ ਹੈ
ਮੀਟੀ ਮੁੱਠ ਵਿਚ ਕੀ ਰਮਜ਼ ਹੈ

ਪਤਾ ਨਹੀਂ ਕਿਸ ਪਰਬਤ 'ਤੇ ਬਹਿ
ਸਾਗਰ ਕੰਢੇ ਜਾਂ ਜੰਗਲ ਵਿਚ
ਕਿਹੜੇ ਭੂਤ ਪ੍ਰੇਤ ਦੇਵਤਾ ਦੇਵੀ ਦਾ ਤਪ ਕੀਤਾ
ਉਹਨਾਂ ਦਾ ਘੜਿਆ ਅਣਘੜਿਆ ਹਰ ਇਕ ਅੱਖਰ
ਅੰਬਰ ਵਿਚ ਧਰੂ ਬਣ ਚਮਕੇ

ਪਤਾ ਨਹੀਂ ਉਹ ਕੈਸੇ ਲੋਕ ਨੇ
ਜਦੋਂ ਦੇ ਸ਼ਬਦਾਂ ਦੀ ਰਾਹ ਉੱਤੇ
ਵਿੰਗੇ-ਟੇਢੇ ਕਦਮ ਉਲੀਕੇ
ਵੱਡੇ ਵੱਡੇ ਕੋਟ ਫਤਿਹ ਫਿਰ ਕੀਤੇ
ਜਿੱਧਰ ਜਾਵਣ-ਧੁੰਮਾਂ ਪਾਵਣ।

## ਆ

ਆ ਤੂੰ ਝੂਮ ਕੇ ਮੇਰੇ ਪਾਸ ਆ
ਪੈਰਾਂ ਨੂੰ ਰਸਤਾ ਮਿਲੇ ਰਸਤੇ ਨੂੰ ਦਿਸ਼ਾ
ਦਿਸ਼ਾ ਨੂੰ ਮੰਜ਼ਲ ਮਿਲੇ ਮੰਜ਼ਲ ਬਣੇ ਪੜਾਅ
ਪੜਾਅ ਦਰ ਪੜਾਅ ਚਲਦਾ ਰਹੇ ਸਿਲਸਿਲਾ।

ਆ ਕਿ ਜੀਵਨ ਦੀ ਜੋਤ ਬੁਝ ਨਾ ਜਾਏ
ਫਿਜ਼ਾ ਵਿਚ ਕੋਈ ਪਰਿੰਦਾ ਗੀਤ ਤਾਂ ਗਾਏ
ਆ ਕਿ ਮੁਹੱਬਤ ਦਾ ਦੁਸ਼ਮਣ ਜਾਣਾ ਨਾ ਪਾਏ
ਆ ਕਿ ਗ਼ਮਗੀਨ ਰੁੱਤ ਮੁੜ ਮੁਸਕਰਾਏ।

ਆ ਕਿ ਰਾਹਾਂ 'ਚ ਫਿਰ ਰੌਣਕ-ਬਹਾਰ ਆਏ
ਔਕੜ ਮੁਸੀਬਤ ਆਏ ਤੇ ਬੇਸ਼ੁਮਾਰ ਆਏ
ਘੜੀ ਪਰਖ ਦੀ ਵੀ ਹਜ਼ਾਰ ਵਾਰ ਆਏ
ਕੋਈ ਵਲਵਲਾ ਜਾਗੇ ਦਿਲ 'ਚ ਉਭਾਰ ਆਏ।

ਆ ਕਿ ਕੋਈ ਨਜ਼ਮ ਗੀਤ ਗ਼ਜ਼ਲ ਬਣੇ
ਜ਼ਿੰਦਗੀ ਵਿਚ ਕੋਈ ਤਾਂ ਯਾਦਗਾਰੀ ਪਲ ਬਣੇ
ਜ਼ਲਜ਼ਲਾ ਬਣੇ ਕਿਧਰੇ ਕੋਈ ਹਲਚਲ ਬਣੇ
ਜੜ ਹੋਇਆ ਸਿਲਸਿਲਾ ਚਲ ਸੋ ਚਲ ਬਣੇ

ਆ ਕਿ ਨਦੀਆਂ 'ਚ ਰੁਕਿਆ ਨੀਰ ਚੱਲੇ
ਰਾਤ ਦੀ ਹਿੱਕ ਵਿਚ ਚਾਨਣ ਦਾ ਤੀਰ ਚੱਲੇ
ਹਨੇਰੇ ਦੇ ਦਿਲ ਨੂੰ ਜੋ ਚੀਰ ਚੀਰ ਚੱਲੇ



ਨਵਾਂ ਦੌਰ ਚੱਲੇ ਮੁੱਢ ਤੋਂ ਅਖੀਰ ਚੱਲੇ।

ਆ ਕਿ ਸਾਗਰ ਅੱਜ ਤੈਨੂੰ ਚਿਤਾਰਦਾ ਹੈ
ਆ ਕਿ ਪਰਬਤ ਖੜ੍ਹਾ ਮੁਖੜਾ ਸੰਵਾਰਦਾ ਹੈ
ਆ ਕਿ ਅੰਬਰ ਪਿਆ ਆਵਾਜ਼ਾਂ ਮਾਰਦਾ ਹੈ
ਆ ਕਿ ਜ਼ਰ੍ਹਾ ਜ਼ਰ੍ਹਾ ਬੱਸ ਤੈਨੂੰ ਪੁਕਾਰਦਾ ਹੈ

ਆ ਤੂੰ ਸੁੰਦਰ ਤਸਵੀਰ ਬਣ ਕੇ ਆ
ਪਾਜੀ ਨਹੀਂ ਰਤਾ ਦਲੇਰ ਬਣ ਕੇ ਆ
ਸਾਫ਼ਗੋ ਆ, ਨਾ ਹੇਰ ਫੇਰ ਬਣ ਕੇ ਆ
ਇਤਫਾਕ ਬਣ ਕੇ ਆ ਨਾ ਤੇਰ ਮੇਰ ਬਣ ਕੇ ਆ।
ਆ! ਤੂੰ ਆ!! ਤੂੰ ਆ!!! ਤੂੰ ਆ!!!!

## ਸਾਥੀ

ਮੈਂ ਕੋਮਲ ਕੋਮਲ ਸੁਪਨਿਆਂ ਦੇ ਖੇਤਾਂ ਅੰਦਰ
ਚਾਵਾਂ ਲਾਡਾਂ ਦੇ ਸੰਗ ਸਟਰਾਬਰੀ ਦੀ ਫਸਲ ਉਗਾਉਂਦੀ
ਉਹ ਸੰਧੂਰੇ ਹਾਥੀ ਵਾਂਙੂ ਧਰਤੀ ਲਿਤਾੜਦਾ ਆਉਂਦਾ
ਫੁੱਲਾਂ 'ਤੇ ਪੱਤੀਆਂ ਦੀਆਂ ਆਂਦਰਾਂ ਮਿੱਧਦਾ,
ਘੋਰ ਉਜਾੜਾ ਪਾਉਂਦਾ।

ਮੈਂ ਹਰੀਆਂ ਆਸ਼ਾਵਾਂ ਦੀ ਪੱਧਰੀ ਵਾਦੀ ਵਿਚ
ਲੈਵੰਡਰ ਦੇ ਬੂਟੇ ਲਾਉਂਦੀ, ਚੌਗਿਰਦਾ ਮਹਿਕਾਉਂਦੀ
ਮਧੂ-ਮੱਖੀਆਂ ਚੀਚ-ਵਹੁਟੀਆਂ ਅਤੇ ਤਿਤਲੀਆਂ ਸੰਗ
ਮੈਂ ਨੱਚਦੀ ਗਾਉਂਦੀ
ਨਾਸ਼ਪਾਤੀਆਂ, ਦਾਖਾਂ, ਆੜੂ, ਸੇਬ, ਅਲੂਚੇ, ਚੈਰੀ ਦੇ ਬਾਗਾਂ ਨੂੰ
ਕਿਰਣਾਂ ਨਾਲ ਨਹਾਉਂਦੀ, ਖੁਸ਼ੀ ਮਨਾਉਂਦੀ
ਉਹ ਬੁਲਡੋਜਰ ਉੱਤੇ ਚੜ੍ਹ ਕੇ ਆਉਂਦਾ
ਧਰਤੀ ਪੁੱਟ ਪੁੱਟ ਸੁੱਟਦਾ, ਖੱਡਾਂ ਟੋਏ ਪਾਉਂਦਾ, ਕਹਿਰ ਵਰਤਾਉਂਦਾ।

ਬਚੇ-ਖੁਚੇ ਅਰਮਾਨ ਦੀਆਂ ਤਾਰਾਂ ਫੇਰ ਜੋੜ ਕੇ, ਗਮਲਿਆਂ ਵਿਚ ਮੈਂ
ਹਾਇਆਸੈਨਥ, ਫਰਨਜ, ਆਈਵੀ, ਬਰੋਲੀਅਡ,ਐਸਪੀਡਿਸਟ੍ਰਾ ਤੇ ਲਿੱਲੀਡੇ ਜਹੇ
ਸੂਰਜ ਚੰਦ ਤਾਰੇ ਮਾਣਕ ਪੁਖਰਾਜ ਨੀਲਮ ਲਾਉਂਦੀ
ਮਾਰਨਖੰਡੇ ਸਾਨ੍ਹ ਵਾਂਗ ਉਹ ਖੌਰੂ ਪਾਉਂਦਾ ਆਉਂਦਾ
ਗਮਲੇ ਭੰਨ ਤੋੜ ਕੇ ਮੂਧੇ ਕਰਦਾ ਤੇ ਤਰਥੱਲ ਮਚਾਉਂਦਾ
ਉੱਚੀ ਉੱਚੀ ਬੜ੍ਹਕਾਂ ਮਾਰਦਾ, ਤੇ ਬਘਿਆੜ ਵਾਂਗ ਚਿੰਘਾੜਦਾ।

ਇਸ ਯੁੱਗ ਵਿਚ ਵੀ, ਇਸ ਦੋਪਾਏ ਬਣ-ਮਾਨਸ ਦਾ
ਮੇਰੇ ਨਾਲ ਇਹ ਕੀ ਰਿਸ਼ਤਾ ਸੀ! ਕੀ ਰਿਸ਼ਤਾ ਸੀ!!
ਆਖਰ ਦੋਪਾਏ ਤੋਂ ਅੱਕ, ਮੈਂ ਫੈਸਲਾ ਕੀਤਾ ਪੱਕ

ਇਕ ਚੌਪਾਇਆ, ਹੁਣ ਮੈਂ ਯਾਰ ਬਣਾਇਆ
ਜਦ ਵੀ ਇਸ ਦੀ ਪਿੱਠ ਉੱਤੇ ਹੱਥ ਫੇਰਾਂ, ਖੀਵਾ ਹੋ ਹੋ ਪੂਛ ਹਿਲਾਵੇ

ਪੈਰਾਂ ਉੱਤੇ ਵਿਛ ਵਿਛ ਜਾਵੇ
ਤੇ ਮੇਰਾ ਦੁੱਖ-ਸੁੱਖ ਵੰਡਾਵੇ
ਮੇਰੀ ਸਿਰਜੀ ਦੁਨੀਆਂ
ਵਲਵਲਿਆਂ ਦੇ ਬਾਗ ਬਗੀਚੇ ਤੇ ਫਸਲਾਂ ਦੀ ਰਾਖੀ ਕਰਦਾ
ਮੇਰੀ ਰਾਖੀ ਖਾਤਰ ਮਰਨੋਂ ਰਤਾ ਨਾ ਡਰਦਾ।

ਜਦ ਦਾ ਮੇਰੇ ਜੀਵਨ ਵਿਚ ਇਹ ਆਇਆ
ਖਿੜ ਪਿਆ ਮੇਰੇ ਦਿਲ ਦਾ ਫੁਲ ਮੁਰਝਾਇਆ

ਕਦੇ ਬਣੇ ਇਹ ਸ੍ਵਾਨ ਨਾ ਹਾਥੀ
ਮੇਰਾ ਡੋਗੀ-ਮੇਰਾ ਸਾਥੀ।

## ਦੂਰਭਾਸ਼

ਸਾਰਾ ਦਿਨ ਵਿਗੋਚਾ ਭੋਗਾਂ, ਨਾ ਹੱਸਾਂ ਨਾ ਰੋਵਾਂ
ਦੁੱਖ-ਸੁੱਖ ਦਿਲ ਦਾ ਕਰਨ ਲਈ ਮੈਂ, ਕਿਸ ਦੇ ਪਾਸ ਖਲੋਵਾਂ।

ਵਸਤਾਂ ਜਿਣਸਾਂ ਦੇ ਸੰਗ ਡਾਢੇ, ਸਜੇ-ਸਜਾਏ ਸਾਫ ਤੇ ਸੁਥਰੇ
ਭਰੇ ਬਜ਼ਾਰਾਂ ਵਿਚੋਂ ਲੰਘਾਂ
ਕਿਸੇ ਨਾਲ ਨਾ ਅੱਖ ਮਿਲਾਵਾਂ
ਗੱਲ ਕਰਨ ਤੋਂ ਸੰਗਾਂ
ਸਭ ਕੁਝ ਅੰਦਰੇ-ਅੰਦਰ ਜਰ ਲਾਂ
ਰਤਾ ਨਾ ਉੱਚੀ ਖੰਘਾ।

ਮੱਸਿਆ ਮੇਲ਼ੇ ਵਾਂਗ ਵਗਦੀਆਂ ਭਰੀਆਂ ਸੜਕਾਂ
ਗਲੀ ਮੁਹੱਲੇ ਮੇਲ-ਮਿਲਾਪ ਕੇਂਦਰਾਂ
ਵਰਕਸ਼ਾਪ ਕੰਟੀਨ ਜਾਂ ਕੰਮ 'ਤੇ
ਪੱਥਰਾਂ ਇੱਟਾਂ ਕੰਧਾਂ ਖੰਭਿਆਂ ਖੁੰਢਾਂ ਵਰਗੇ
ਬੇਸ਼ੁਮਾਰ ਜੀਵਾਂ ਦੇ ਸੰਗ ਟਕਰਾਵਾਂ
ਫਿਰਦੀਆਂ ਲਾਸ਼ਾਂ ਜਹੀਆਂ ਭਾਰੀ ਭੀੜਾਂ ਵਿਚੋਂ
ਇਕ ਮੋਈ ਜਹੀ 'ਹੈਲੋ' ਉਪਜੇ
ਰੂਹ ਨਾਲ ਜਿਉਂਦਾ ਮਾਨਵ ਕਿੱਥੋਂ ਲੱਭ ਲਿਆਵਾਂ।

ਸ਼ਾਮ ਪਈ ਤੋਂ ਰਹਿ ਨਾ ਹੋਵੇ
ਦਾਰੂ ਵਾਲੀ ਬੋਤਲ ਵਿਚੋਂ ਭਰ ਭਰ ਪੈੱਗ ਲਗਾਵਾਂ
ਕਿਸੇ ਪੁਰਾਣੇ ਮਿੱਤਰ ਤਾਈਂ
ਦਿਲ ਦਾ ਗੁੱਬ-ਗੁਬਾਰ ਕੱਢਣ ਲਈ, ਦੂਰਭਾਸ਼ ਖੜਕਾਵਾਂ
ਉਸਤਤ ਨਿੰਦਿਆ ਚੁਗਲੀ ਹਾਸਾ-ਠੱਠਾ ਦੁੱਖ-ਸੁੱਖ
ਸਾਰਾ ਸਮਾਚਾਰ , ਦਿਲ ਖੋਹਲ ਸੁਣਾਵਾਂ
ਵਿਚ ਨਿਰਾਸ਼ਾ ਭਰੇ-ਭਰਾਤੇ ਅੱਕੇ ਮਨ ਨੂੰ
ਰਤਾ ਕੁ ਰਾਹਤ ਦੁਆਵਾਂ।❑❑

[32, Bullscopse Lane, Horndean, Waterlooville, Hants,U.K. P08 9RA]



# ਮੇਰਾ ਨਾਂ ਜਹਾਨ

## ਅਮੀਨ ਮਲਿਕ

ਸਾਡੇ ਘਰੋਂ ਕੜ੍ਹੀ ਦੀ ਬੋ ਆਉਂਦੀ ਸੀ ਤੇ ਪੁਰਾਣੇ ਢੰਗ ਦਾ ਪੜ੍ਹਿਆ-ਲਿਖਿਆ ਅੰਗਰੇਜ਼
ਸਾਡੇ ਘਰੋਂ ਕੜ੍ਹੀ ਦੀ ਬੋ ਆਉਂਦੀ ਸੀ ਤੇ ਪੁਰਾਣੇ ਢੰਗ ਦਾ ਪੜ੍ਹਿਆ-ਲਿਖਿਆ ਅੰਗਰੇਜ਼
ਜੋੜਾ ਗੁਆਂਢੋਂ ਘਰ ਵੇਚ ਗਿਆ। ਹੋਇਆ ਤੇ ਚੰਗਾ ਹੀ ਸੀ ਉਹ ਟੁਰ ਗਏ, ਕਿਉਂ ਜੇ ਉਹ ਬਹੁਤੇ ਸਾਫ
ਸੁਥਰੇ ਜਿਹੇ ਨਖਰੀਲੇ ਅੰਗਰੇਜ਼ ਸਨ। ਅਸੀਂ ਬੂਹੇ ਤੋਂ ਬਾਹਰ ਚਾਉਲਾਂ ਦੀ ਘਰੋੜੀ ਵੀ ਚਿੜੀਆਂ ਅੱਗੇ
ਪਾਉਂਦੇ ਸਾਂ ਤੇ ਉਹ ਨੱਕ ਮੂੰਹ ਵੱਟਦੇ ਸਨ। ਇਕ ਵੇਰਾਂ ਤੇ ਉਹਨਾਂ ਕੌਂਸਲ ਨੂੰ ਰਪੋਰਟ ਵੀ ਕਰ ਦਿੱਤੀ
ਕਿ ਇੰਝ ਕਰਨ ਨਾਲ ਸਾਡੇ ਘਰ ਚੂਹੇ ਆਉਣ ਦਾ ਖਤਰਾ ਏ। ਲੀੜੇ ਟੰਗਣ ਲਈ ਕੰਧ ਵਿਚ ਆਪਣੇ
ਪਾਸੇ ਕਿੱਲ ਵੀ ਠੋਕਦੇ ਤੇ ਉਹ ਸਾਡੇ ਉਤੇ ਠੋਕ ਕੇ ਰੁਅਬ ਪਾਉਂਦੇ ਕਿ "ਤੁਹਾਨੂੰ ਏਸ ਮੁਲਕ ਦੀ
ਰਹਿਤਲ ਨਹੀਂ ਆਉਂਦੀ, ਤੁਸੀਂ ਹਰ ਵੇਲੇ ਡੰਡੇ ਕੂੰਡੇ ਖੜਕਾਉਂਦੇ ਰਹਿੰਦੇ ਓ, ਕੜ੍ਹੀਆਂ ਨੂੰ ਤੜਕੇ ਲਾ
ਕੇ ਸਾਡੇ ਨੱਕ ਸਾੜ ਛਡਦੇ ਓ"।

ਕਿਸੇ ਔਕੜ ਪਾਰੋਂ ਸੁਣਨੀਆਂ ਪੈਂਦੀਆਂ ਨੇ। ਕਿਸੇ ਔਕੜ ਪਾਰੋਂ
ਕੀ ਕਰੀਏ ਰੋਟੀ ਲਈ ਸਾਰਿਆਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਨੇ। ਅਸੀਂ ਤੇ ਅੱਗੇ
ਆਪਣਾ ਦੇਸ ਛੱਡਣਾ ਪਵੇ ਤੇ ਦੇਸਾਂ ਵਾਲੇ ਕਾਂ ਵੀ ਪਰਦੇਸੀ ਕੂੰਜਾਂ ਨੂੰ ਮਿਹਣੇ ਦੇਂਦੇ ਨੇ। ਅਸੀਂ ਤੇ ਅੱਗੇ
ਹੀ ਕਾਂ ਸਾਂ ਜਿਹੜੇ ਚਿੱਟੀਆਂ ਕੂੰਜਾਂ ਦੇ ਦੇਸ ਆ ਵਸੇ। ਸਾਨੂੰ ਤੇ ਹਰ ਪਾਸਿਉਂ ਹੀ ਘਾਟ ਸੀ- ਅੰਨ
ਪਾਣੀ ਦੀ ਘਾਟ, ਅਕਲ ਦੀ ਘਾਟ ਅਤੇ ਮੂੰਹ-ਮੱਥੇ ਦੀ ਘਾਟ। ਲੀੜੇ ਵੀ ਮੈਲੇ ਤੇ ਰੰਗ ਵੀ ਲਾਖੇ।
ਸਾਡੇ ਕੋਲ ਹੈਗਾ ਈ ਕੀ ਸੀ? ਅਸਾਂ ਤੇ ਆਪਣੀ ਮਾਂ ਦੀ ਬੋਲੀ ਵੀ ਇੰਝ ਦਿਆਂ ਲੋਕਾਂ ਕੋਲੋਂ ਡਰ ਕੇ
ਹੀਣਤਾ ਦੇ ਮੈਲੇ ਪੋਤੜਿਆਂ 'ਚ ਲਵ੍ਹੇਟ ਕੇ ਰੂੜੀ 'ਤੇ ਸੁੱਟ ਛੱਡੀ ਸੀ। ਉਂਝ ਵੀ ਅਸੀਂ ਕਾਲੀਆਂ
ਕਰਤੂਤਾਂ ਵਾਲੇ ਕਾਲੇ ਲੋਕ ਗੋਰਿਆਂ ਦੇ ਦੇਸ ਆ ਕੇ ਗੋਰਿਆਂ ਦੇ ਗੁਆਂਢ ਆ ਕੇ ਗੋਰਿਆਂ ਵਰਗੇ
ਘਰਾਂ ਵਿਚ ਰਹੀਏ ਤੇ ਉਹਨਾਂ ਨੂੰ ਸਾੜਾ ਤੇ ਪੈਣਾ ਹੀ ਚਾਹੀਦਾ ਸੀ। ਅਸੀਂ ਤੇ ਆਪਣਿਆਂ ਨੂੰ ਵੀ ਰੱਜ
ਕੇ ਰੋਟੀ ਖਾਂਦਾ ਨਹੀਂ ਦੇਖ ਸਕਦੇ। ਇਹ ਸਾਰੀਆਂ ਗੱਲਾਂ ਰੱਬ ਨੇ ਉੱਡੋਂ ਹੀ ਪਾ ਕੇ ਟੋਰਿਆ ਏ ਬੰਦੇ ਨੂੰ।
ਰੱਬ ਦੇ ਕਾਨੂੰਨ ਅੱਗੇ ਬੰਦੇ ਦੇ ਬਣਾਏ ਕਾਨੂੰਨ ਲਿੱਸੇ ਹੀ ਹੁੰਦੇ ਨੇ।

ਜਿਸ ਦਿਨ ਗੁਆਂਢੀਆਂ ਨੇ ਬੂਹੇ ਅੱਗੇ 'ਫਾਰ ਸੇਲ' ਦਾ ਫੱਟਾ ਲਾਇਆ ਅਸੀਂ ਗੋਡੇ ਗੋਡੇ
ਜਿਸ ਦਿਨ ਗੁਆਂਢੀਆਂ ਨੇ ਬੂਹੇ ਅੱਗੇ 'ਫਾਰ ਸੇਲ' ਦਾ ਫੱਟਾ ਲਾਇਆ ਅਸੀਂ ਗੋਡੇ ਗੋਡੇ
ਰਾਜ਼ੀ ਹੋਏ ਕਿ ਰੱਬ ਕਰੇ ਇਹ ਘਰ ਛੇਤੀ ਵਿਕ ਜਾਏ ਤੇ ਇਹ ਕਾਲੇ ਮੂੰਹ ਵਾਲੇ ਗੋਰੇ ਸਾਡਾ ਖਹਿੜਾ
ਛੱਡਣ..ਮੂੰਹ ਭਾਵੇਂ ਸਾਡੇ ਹੀ ਕਾਲੇ ਸਨ, ਪਰ ਸਾਡੇ ਦਿਲ ਨਹੀਂ ਸਨ ਕਾਲੇ। ਪਰਾਏ ਦੇਸ ਆ ਕੇ
ਮਜਬੂਰੀ ਕਾਰਨ ਦਿਲਾਂ ਨੂੰ ਸਾਫ ਈ ਰੱਖਣਾ ਪੈਂਦਾ ਏ। ਕਿਉਂ ਜੇ ਨਾ ਤੇ ਪੁਲਸ ਰਿਸ਼ਵਤ ਲੈਂਦੀ ਏ ਤੇ
ਨਾ ਜੱਜ ਵੱਢੀ ਖਾਂਦਾ ਏ। ਏਸ ਕਰਕੇ ਏਥੇ ਆ ਕੇ ਅਸੀਂ ਸਾਫ ਸੁਥਰੇ ਤੇ ਸਿੱਧੇ ਤੀਰ ਸਾਂ।

ਅਖੀਰ ਇਕ ਦਿਹਾੜੇ ਗਾਹਕ ਮਕਾਨ ਦੇਖਣ ਆ ਗਏ। ਗਾਹਕਾਂ ਨੇ ਮਕਾਨ ਨੂੰ ਏਡੇ ਧਿਆਨ
ਅਖੀਰ ਇਕ ਦਿਹਾੜੇ ਗਾਹਕ ਮਕਾਨ ਦੇਖਣ ਆ ਗਏ। ਗਾਹਕਾਂ ਨੇ ਮਕਾਨ ਨੂੰ ਏਡੇ ਧਿਆਨ
ਨਾਲ ਨਾ ਵੇਖਿਆ ਜੇਡੇ ਧਿਆਨ ਨਾਲ ਅਸੀਂ ਗਾਹਕਾਂ ਨੂੰ ਵੇਖਿਆ-ਕਦੀ ਕੰਧਾਂ ਉੱਤੋਂ ਕਦੀ ਬੂਹੇ ਦੀ
ਝੀਤ ਰਾਹੀਂ ਤੇ ਕਦੀ ਬਾਰੀਆਂ ਥਾਣੀਂ। ਉਹਨਾਂ ਨੂੰ ਤੇ ਚੰਗੇ ਮਕਾਨ ਦੀ ਤਾਂਘ ਹੋਣੀ ਹੀ ਸੀ ਪਰ ਸਾਨੂੰ
ਚੰਗੇ ਗੁਆਂਢੀ ਦੀ ਬੜੀ ਲੋੜ ਸੀ-ਅਖੇ ਚੰਦਰਾ ਗੁਆਂਢ ਨਾ ਹੋਵੇ, ਲਾਈਲੱਗ ਨਾ ਹੋਵੇ ਘਰ ਵਾਲਾ।
ਅਸੀਂ ਗਵੇੜ ਲਾਉਂਦੇ ਰਹੇ ਕਿ ਮਕਾਨ ਵੇਖਣ ਵਾਲੇ ਗੋਰੇ ਨੇ ਕਿ ਅਫਰੀਕਾ ਦੇ ਕਾਲੇ। ਇਹਨਾਂ ਦੇ ਬਾਲ
ਕਿੰਨੇ ਨੇ। ਨ੍ਹਾਤੇ ਧੋਤੇ ਚਿੱਟਿਆਂ ਲੀੜਿਆਂ ਵਾਲੇ ਨੇ ਜਾਂ ਸਾਡੇ ਵਰਗੇ ਟੁੱਟੇ ਭੱਜੇ। ਸਾਡੇ ਟੱਬਰ 'ਚੋਂ
ਕਿਸੇ ਆਖਿਆ, ਇਹ ਗੋਰੇ ਜੇ, ਦੂਜੇ ਕਿਹਾ ਅੰਨ੍ਹਾ ਹੋਇਆ ਏਂ, ਇਹ ਤੇ ਕਾਲੇ ਨੇ। ਸੱਚੀ ਗੱਲ ਇਹ
ਸੀ ਕਿ ਉਹ ਗੋਰੇ ਵੀ ਸਨ ਤੇ ਕਾਲੇ ਵੀ। ਇਕ ਕਾਲੇ ਨੇ ਗੋਰੀ ਵਿਆਹ ਲਈ ਹੋਈ ਸੀ। ਉਹ ਨਾ ਗੋਰੇ
ਸਨ ਨਾ ਕਾਲੇ। ਇਹ ਖਿਚੜੀ ਜਿਹੀ ਬਲੈਕ ਐਂਡ ਵ੍ਹਾਈਟ ਨਮੂਨਾ ਚੰਗਾ ਲੱਗਾ। ਇਹ ਗੱਲ ਸਾਡੇ
ਹੱਕ ਵਿਚ ਏਸ ਕਰਕੇ ਜਾਂਦੀ ਸੀ ਕਿ ਕਾਲੇ ਨੇ ਨਹੀਂ ਸੀ ਵੇਖਿਆ ਕਿ ਮੇਰੀ ਜਨਾਨੀ ਕਾਲੀ ਹੀ ਹੋਵੇ

ਤੇ ਜਨਾਨੀ ਨੇ ਵੀ ਭੇਦ-ਭਾਵ, ਰੰਗ-ਰੋਗਨ ਤੇ ਡੱਡੂ ਵਰਗਾ ਨੱਕ ਦਾ ਵੇਰਵਾ ਨਹੀਂ ਸੀ ਕੀਤਾ। ਏਥੋਂ ਥਹੁ ਲਗਦੀ ਸੀ ਕਿ ਇਹ ਦੋਵੇਂ ਰੱਬ ਦੀਆਂ ਬਣਾਈਆਂ ਸ਼ੈਆਂ ਨੂੰ ਇਕੋ ਹੀ ਅੱਖ ਨਾਲ ਵੇਖਦੇ ਨੇ। ਹੁਣ ਅਸੀਂ ਖੁਲ੍ਹ-ਡੁੱਲ੍ਹ ਕੇ ਡੰਡ ਪਾਵਾਂਗੇ ਅਤੇ ਬੂਹੇ ਖੋਲ੍ਹ ਕੇ ਕੜ੍ਹੀਆਂ ਨੂੰ ਤੜਕੇ ਲਾਵਾਂਗੇ।

ਅਸਾਂ ਦੁਆਵਾਂ ਮੰਗੀਆਂ ਕਿ ਰੱਬ ਕਰੇ ਨਵੇਂ ਗੁਆਂਢੀਆਂ ਨੂੰ ਘਰ ਪਸੰਦ ਆ ਜਾਏ ਤੇ ਭਾਅ ਵਾਰਾ ਖਾ ਜਾਏ। ਅਸੀਂ ਵੀ ਬਾਹਰ ਨਿਕਲ ਕੇ ਉਹਨਾਂ ਦੇ ਅੱਗੇ ਆ ਆ ਖਲੋਂਦੇ ਸਾਂ ਕਿ ਵੇਖ ਲਉ ਅਸੀਂ ਤੁਹਾਡੇ ਗੁਆਂਢੀ ਹਾਂ ਤੇ ਤੁਹਾਡੇ ਹੀ ਥੱਲੇ ਲੱਗਕੇ ਰਵ੍ਹਾਂਗੇ। ਗੋਰੀ ਨੇ ਮੈਨੂੰ ਹੈਲੋ ਵੀ ਕੀਤਾ ਤੇ ਮੈਂ ਆਪਣੀ ਸਦੀਆਂ ਪੁਰਾਣੀ ਗੁਲਾਮੀ ਦੀ ਰੀਤ ਮੂਜਬ ਉਹਨੂੰ ਮੱਥੇ 'ਤੇ ਹੱਥ ਰੱਖ ਕੇ ਸਲਾਮ ਕੀਤਾ। ਉਹ ਖੁਸ਼ ਹੋ ਕੇ ਹੱਸੀ ਤੇ ਮੈਂ ਹਾਸੇ 'ਤੇ ਖੁਸ਼ ਹੋ ਗਿਆ। ਪਿੱਛੋਂ ਕਾਲਾ ਵੀ ਨਿਕਲਿਆ ਤੇ ਉਹਨੇ ਮੇਰੇ ਨਾਲ ਹੱਥ ਮਿਲਾਇਆ। ਮੈਂ ਹੱਥ ਮਿਲਾ ਕੇ ਹੱਥ ਛਾਤੀ ਨੂੰ ਲਾਇਆ ਤੇ ਆਖਿਆ ਤੈਨੂੰ ਮਿਲਕੇ ਬੜੀ ਖੁਸ਼ੀ ਹੋਈ ਏ। ਓਸ ਆਖਿਆ ਮੈਨੂੰ ਵੀ ਬੜਾ ਚਾਅ ਚੜ੍ਹਿਆ ਏ ਤੈਨੂੰ ਵੇਖਕੇ। ਸੱਚੀ ਗੱਲ ਤੇ ਇਹ ਸੀ ਕਿ ਮੇਮ ਨੂੰ ਮੈਂ ਤਾਂ ਸਲਾਮ ਕੀਤਾ ਪਈ ਉਹ ਏਸ ਦੇਸ ਦੇ ਮਾਲਕ ਨੇ। ਤੇ ਕਾਲੇ ਨਾਲ ਹੱਥ ਏਸ ਕਰਕੇ ਮਿਲਾਇਆ ਕਿ ਉਹ ਲੜਾਕੇ ਤੇ ਤਗੜੇ ਬੜੇ ਨੇ। ਏਸ ਦੇਸ ਵਿਚ ਗੋਰੇ ਡਰਾਉਂਦੇ ਤੇ ਕਾਲੇ ਮਾਰਦੇ ਨੇ। ਅਸੀਂ ਵਿਚਾਰੇ ਤੇਲੀਆ ਕਮੀਦ ਘਸਮੈਲੇ ਹਰ ਪਾਸਿਉਂ ਘਾਟੇ 'ਚ। ਉਹ ਜਾਂਦੇ ਜਾਂਦੇ ਦੱਸ ਗਏ ਪਈ "ਸਾਨੂੰ ਇਹ ਘਰ ਪਸੰਦ ਆ ਗਿਆ ਏ।" ਸਾਨੂੰ ਵੀ ਇਹ ਗੱਲ ਪਸੰਦ ਆਈ।

ਅਖੀਰ ਇਹ ਬਲੈਕ ਐਂਡ ਵ੍ਹਾਈਟ ਫਿਲਮ ਸਾਡੇ ਗੁਆਂਢ ਆ ਕੇ ਚੱਲਣ ਲੱਗ ਪਈ। ਏਸ ਫਿਲਮ ਵਿਚ ਇਕ ਨਿੱਕਾ ਜਿਹਾ ਪਾਤਰ ਜਾਨੀ ਵੀ ਸੀ। ਗੋਰੀ ਨੂੰ ਕਾਲੀ ਪਿਉਂਦ ਲੱਗੀ ਵਿਚੋਂ ਕਲਮੀ ਕਿਰਦਾਰ ਜਾਨੀ ਫੁੱਟਿਆ ਸੀ। ਇਹਨਾਂ ਦੋਹਵਾਂ ਦਾ ਇਕੋ ਹੀ ਬਾਲ ਸੀ ਜਿਸਦੀ ਉਮਰ ਤਿੰਨ ਚਾਰ ਸਾਲ ਹੋਵੇਗੀ। ਅਖੀਰ ਇਹ ਸਾਹਬ ਲੋਕ ਸਨ...ਤਬੀਅਤ ਦੇ ਸਾਹਬ। ਸ਼ਾਮ ਨੂੰ ਆਪਣੇ ਕੁੱਤੇ ਨਾਲ ਜਾਨੀ ਦੀ ਉਂਗਲ ਫੜ ਕੇ ਸੈਰ ਨੂੰ ਵੀ ਨਿਕਲਦੇ। ਚਿੱਟੀ ਦੁੱਧ ਗੋਰੀ ਵਿਚੋਂ ਜੰਮਿਆ ਕਾਲੇ ਸਿਆਹ ਪਿਉ ਦਾ ਪੁੱਤ ਘਸਮੈਲਾ ਜਾਨੀ ਇੰਝ ਲਗਦਾ ਜਿਵੇਂ ਚਿੱਟੀ ਕਬੂਤਰੀ ਤੇ ਕਾਲੇ ਕਾਂ ਵਿਚਕਾਰ ਮੈਲਾ ਜਿਹਾ ਟੋਟਰੂ ਤੁਰਿਆ ਜਾਂਦਾ ਹੋਵੇ। ਉਹ ਕਾਲੀ ਰਾਤ ਦਾ ਚਿੱਟੀ ਦੁਪਹਿਰ 'ਚੋਂ ਜੰਮਿਆ ਸਿਆਲ ਦੀ ਸ਼ਾਮ ਵਰਗਾ ਜੀਅ ਸੀ। ਕਦੀ ਕਦੀ ਆਪਣੀ ਗਰਾਊਂਡ ਵਿਚ ਬੈਠੇ ਉਹ ਜਾਨੀ ਨਾਲ ਗੱਲਾਂ ਕਰਦੇ ਤੇ ਜਾਨੀ ਬੜੇ ਧਿਆਨ ਨਾਲ ਮਾਂ ਦਾ ਚਿੱਟਾ ਦੁੱਧ ਅਤੇ ਪਿਉ ਦਾ ਕਾਲਾ ਸ਼ਾਹ ਰੰਗ ਵੇਖ ਕੇ ਆਪਣੇ ਹੱਥ ਦੇ ਨਸਵਾਰੀ ਰੰਗ ਵੱਲ ਵੇਖਦਾ ਤੇ ਉਹਨੂੰ ਕੁਝ ਓਪਰਾ ਓਪਰਾ ਜਿਹਾ ਲਗਦਾ। ਨਾ ਉਹਨੂੰ ਮਾਂ ਆਪਣੀ ਲਗਦੀ ਤੇ ਨਾ ਪਿਉ। ਉਹ ਰੰਗਾਂ ਵਿਚ ਫਸਕੇ ਰੱਬ ਦੇ ਰੰਗ ਵੇਖਦਾ ਰਹਿੰਦਾ। ਘਰ ਵਿਚ ਤਿੰਨ ਜੀਅ ਤੇ ਤਿੰਨਾਂ ਦੇ ਤਿੰਨ ਰੰਗ। ਜਾਨੀ ਏਸ ਤਿਕੋਣ ਦੀਆਂ ਤਿੰਨਾਂ ਨੁੱਕਰਾਂ 'ਤੇ ਖਲੋ ਕੇ ਵੇਖ ਚੁੱਕਿਆ ਸੀ, ਉਹਨੂੰ ਕੋਈ ਵੀ ਖੂੰਜਾ ਆਪਣਾ ਨਹੀਂ ਸੀ ਲੱਗਿਆ। ਖੱਟੇ ਨੂੰ ਮਾਲਟੇ ਦੀ ਪਿਉਂਦ ਲੱਗੀ ਹੋਵੇ ਤੇ ਕਿੰਨੋ ਆਪਣਾ ਪਿਉ ਕਿਸ ਨੂੰ ਆਖੇ। ਜਾਨੀ ਏਸ ਬੂਟੇ ਨਾਲ ਲਮਕਿਆ ਰਿਹਾ ਤੇ ਵੱਡਾ ਹੁੰਦਾ ਗਿਆ।

ਸਾਡੇ ਗੁਆਂਢੀਆਂ ਨੂੰ ਆਏ ਅਜੇ ਛੇ ਕੁ ਮਹੀਨੇ ਹੀ ਹੋਏ ਸਨ ਤੇ ਗੋਰੀ ਨੇ ਸਾਡਾ ਬੂਹਾ ਖੜਕਾਇਆ। ਮੈਂ ਬੂਹਾ ਖੋਲ੍ਹਿਆ ਤੇ ਅੱਗੋਂ ਗੋਰੀ ਵੇਖ ਕੇ ਖਿੜ ਉਠਿਆ। ਉਹ ਹੱਸਦੀ ਹੱਸਦੀ ਅੰਦਰ ਆਈ ਤੇ ਸਾਡੇ ਦੋਹਵਾਂ ਨਾਲ ਹੱਥ ਮਿਲਾ ਕੇ ਆਖਣ ਲੱਗੀ-"ਜੇ ਤੁਹਾਨੂੰ ਤਕਲੀਫ ਨਾ ਹੋਵੇ ਤੇ ਇਕ ਦਸ ਪੌਂਡ ਹਫਤੇ ਲਈ ਉਧਾਰ ਦੇ ਦੇਉ।" ਮੇਰਾ ਜੀਅ ਕਰੇ ਛੇਤੀ ਨਾਲ ਬੋਝੇ 'ਚੋਂ ਕੱਢ ਕੇ ਫੜਾ ਦੇਵਾਂ ਤੇ ਉੱਤੋਂ ਸ਼ੁਕਰੀਆ ਅਦਾ ਕਰਾਂ। ਪਰ ਰਾਣੀ ਕੋਲੋਂ ਡਰਦਾ ਸਾਂ ਕਿ ਕਿਧਰੇ ਏਸ ਚਾਅ ਵਿਚ ਸ਼ੱਕ ਦਾ ਫਾਹ ਨਾ ਪਵਾ ਲਵਾਂ। ਮੈਂ ਆਪਣੇ ਦੋਵੇਂ ਹੱਥ ਮਲਕੇ ਵਰਾਛਾਂ ਚੌੜੀਆਂ ਕਰਕੇ ਮੁਸਕਰਾਇਆ ਤੇ ਦੂਹਰਾ ਜਿਹਾ ਹੋ ਕੇ ਰਾਣੀ ਵੱਲ ਵੇਖਿਆ। ਉਹਨੇ ਅੱਗੋਂ ਆਖਿਆ, "ਇਹ ਜੂਠ ਆ ਹੀ ਗਈ ਏ ਤੇ



ਦੇ ਦਿਉ ਦਸ ਪੌਂਡ, ਹੁਣ ਤਾਂ ਦੇਣੇ ਹੀ ਪੈਣੇ ਨੇ।" ਮੈਂ ਓਸੇ ਵੇਲੇ ਨਵਾਂ ਨਕੋਰ ਸਹੇ ਦੇ ਕੰਨ ਵਰਗਾ ਖੜਕਦਾ ਦਸਾਂ ਦਾ ਨੋਟ ਗੋਰੀ ਦੇ ਹੱਥ 'ਤੇ ਰੱਖ ਦਿੱਤਾ। ਓਸ ਨੇ ਥੈਂਕ ਯੂ ਆਖਿਆ ਤੇ ਮੈਂ ਯੂ ਵੈੱਲਕਮ ਕਿਹਾ। ਉਹ ਬਾਹਰ ਚਲੀ ਗਈ ਤੇ ਮੈਂ ਅੰਦਰੋਂ ਖੁਸ਼ ਕਿ ਗੋਰਿਆਂ ਨੇ ਸਾਡੇ ਕੋਲੋਂ ਵੀ ਉਧਾਰ ਮੰਗਿਆ। ਮੈਂ ਆਪਣੇ ਦੇਸ ਦਾ ਭਾਂਗਾ ਕੱਢ ਲਿਆ ਜਿਹੜਾ ਅਸੀਂ ਸਾਰੀ ਹਯਾਤੀ ਇਹਨਾਂ ਕੋਲੋਂ ਅਮਰੀਕਨ ਇਮਦਾਦ ਦੀ ਲਾਲ ਕਣਕ ਦਾ ਆਟਾ ਖਾਂਦੇ ਰਹੇ ਆਂ। ਹੁਣ ਇਹਨਾਂ ਨੂੰ ਵੀ ਪਤਾ ਲੱਗਾ ਏ ਨਾ ਕੀ ਹੁੰਦੀਆਂ ਨੇ ਲੋੜਾਂ ਅਤੇ ਕਿਵੇਂ ਪੈਂਦੀਆਂ ਨੇ ਸਾਡੀਆਂ ਜ਼ਰੂਰਤਾਂ। ਪਤਾ ਲੱਗ ਗਿਆ ਹੈ ਨਾ ਕਿਵੇਂ ਮਾਰਦੇ ਹਾਂ ਅਸੀਂ ਨੱਕ ਉੱਤੇ ਦਸਾਂ ਦਾ ਨੋਟ। -ਇਹਨਾਂ ਸੋਹਣੀਆਂ ਸੋਹਣੀਆਂ ਸੋਚਾਂ ਵਿਚ ਭੁੰਮਣੀਆਂ ਪਾ ਰਿਹਾ ਸੀ ਤੇ ਕੋਲੋਂ ਰਾਣੀ ਨੇ ਆਖਿਆ, "ਅੱਗੋਂ ਧਿਆਨ ਰੱਖੀਂ, ਇਹ ਕਈ ਕਈ ਗੋਰੇ ਲੀਚੜ ਵੀ ਬੜੇ ਹੁੰਦੇ ਨੀ। ਤੇ ਇਹਨਾਂ ਨੂੰ ਉਧਾਰ ਮੰਗਣ ਲੱਗਿਆਂ ਕਿਰਕ ਵੀ ਨਹੀਂ ਆਉਂਦੀ। ਵੇਖੋ ਨਾ ਕਿਵੇਂ ਟੱਸ ਕੱਢ ਕੇ ਆਈ ਏ ਉਧਾਰ ਮੰਗਣ ਜਿਵੇਂ ਮੁਕਲਾਵੇ ਚੱਲੀ ਏ। ਖਸਮ ਕੰਮ ਵੀ ਕਰਦਾ ਏ, ਇਕ ਹੀ ਬਾਲ ਏ ਤੇ ਕਾਹਦੀ ਟੋਟ ਪੈ ਗਈ ਸੂ। ਇੰਝ ਹੀ ਕਈ ਗੋਰੇ ਔਂਤਰੇ ਬੇਸੁਰੀ ਜਹੀ ਜ਼ਿੰਦਗੀ ਦੇ ਆਦੀ ਹੁੰਦੇ ਐ।"

ਮੈਂ ਰਾਣੀ ਦੀਆਂ ਗੱਲਾਂ ਨੂੰ ਐਂਵੇਂ ਸੌਂਕਣ ਦਾ ਸਾੜਾ ਜਿਹਾ ਸਮਝਕੇ ਆਪਦੀ ਨਾਸਮਝੀ ਦੇ ਢੇਰ ਉੱਤੇ ਸੁੱਟ ਛੱਡਿਆ। ਕਿਉਂ ਜੇ ਮੈਨੂੰ ਤੇ ਬੜਾ ਮਾਣ ਸੀ ਕਿ ਸਾਡੇ ਕੋਲੋਂ ਵਲਾਇਤੀ ਬੰਦਿਆਂ ਨੇ ਉਧਾਰ ਮੰਗਿਆ ਏ। ਝੱਟ ਕੁ ਲੰਘਿਆ ਤੇ ਮੈਂ ਬਾਰੀ ਥਾਣੀਂ ਝਾਤੀ ਮਾਰੀ ਤੇ ਉਹ ਦੋਵੇਂ ਜੀਅ ਜਾਨੀ ਨੂੰ ਕੋਲ ਬਿਠਾਕੇ ਗਰਾਊਂਡ ਵਿਚ ਮੇਜ਼ ਕੁਰਸੀਆਂ 'ਤੇ ਬੈਠੇ ਗਲ ਵਿਚ ਐਪਰਨ ਬੰਨ੍ਹ ਕੇ ਛੁਰੀ ਕਾਂਟੇ ਫੜੀ ਪੀਜ਼ਾ ਕੱਟ ਕੱਟ ਖਾ ਰਹੇ ਸਨ। ਦਿਲ 'ਚ ਆਖਿਆ ਇਹ ਲੋਕ ਉਧਾਰ ਵੀ ਕੇਡੇ ਵਕਾਰ ਨਾਲ ਖਾਂਦੇ ਨੇ। ਖਾ ਪੀ ਕੇ ਦੋਹਵਾਂ ਨੇ ਸਿਗਰਟਾਂ ਲਾ ਲਈਆਂ ਤੇ ਮੈਂ ਰਾਣੀ ਨੂੰ ਸੱਦਕੇ ਦਸਾਂ ਦੇ ਨੋਟ ਦਾ ਉਡਦਾ ਧੂੰਆਂ ਵਿਖਾਇਆ ਤੇ ਉਹ ਆਖਣ ਲੱਗੀ, "ਵੇਖਾਂ ਕਿਸਰਾਂ ਲਾਟੀਕੀਨ ਬਣਕੇ ਸਾਹਬ ਬਣੀ ਬੈਠੇ ਨੇ ਬੇਗ਼ੈਰਤ"। ਉਹਨਾਂ ਨੂੰ ਵਸੋਂ ਕੀਤਿਆਂ ਵਾਹਵਾ ਦਿਹਾੜੇ ਟੱਪ ਗਏ। ਕਦੀ ਕਦੀ ਉਹਨਾਂ ਘਰੋਂ ਉੱਚੀ ਬੋਲਣ ਦੀ ਵਾਜ ਆਉਣੀ ਤੇ ਰਾਣੀ ਨੇ ਕੰਨ ਲਾ ਕੇ ਸੁਣਿਆ ਤੇ ਆਖਣ ਲੱਗੀ, "ਪੈਸਿਆਂ ਤੋਂ ਲੜ ਰਹੇ ਨੇ ਨਿਖਸਮੇਂ"।

ਫਿਰ ਹਰ ਹਫਤੇ ਹੀ ਇੰਝ ਦੀ ਖਹਿਬੜਾ-ਖਹਿਬੜੀ ਹੁੰਦੀ ਸੀ। ਮੈਨੂੰ ਤੇ ਉਂਝ ਵੀ ਗੱਲਾਂ ਦੀ ਸਮਝ ਨਹੀਂ ਸੀ ਆਉਂਦੀ- ਇਕ ਖੜਾਕ ਜਿਹਾ ਲਗਦਾ ਸੀ। ਰਾਣੀ ਕੋਲੋਂ ਪੁੱਛਿਆ ਤੇ ਓਸ ਆਖਿਆ, "ਇਹਨਾਂ ਦੇ ਘਰਾਂ ਵਿਚ ਜਦੋਂ ਵੀ ਲੜਾਈ ਹੁੰਦੀ ਏ, ਪੈਸਿਆਂ ਤੋਂ ਹੀ ਹੁੰਦੀ ਏ।" ਚੰਗੀ ਤਰ੍ਹਾਂ ਗਹੁ ਕੀਤੀ ਤੇ ਹਮੇਸ਼ਾ ਬੁੱਧ ਜੁਮਾਰਾਤ ਵਾਲੇ ਦਿਹਾੜੇ ਹੀ ਰੌਲਾ-ਰੱਪਾ ਪੈਂਦਾ ਸੀ। ਮੈਂ ਰਾਣੀ ਨੂੰ ਪੁੱਛਿਆ ਤੇ ਉਹ ਗੁੱਸੇ 'ਚੋਂ ਬੋਲੀ, "ਤੈਨੂੰ ਤੇ ਪਤਾ ਨਹੀਂ ਕਦੋਂ ਸਮਝ ਆਉਣੀ ਏਂ, ਬੁੱਧ ਜੁਮਾਰਾਤ ਹਫਤੇ ਦੇ ਅਖੀਰਲੇ ਦਿਹਾੜੇ ਹੁੰਦੇ ਨੇ ਤੇ ਅਖੀਰਲੇ ਪੈਸੇ ਖਰਚ ਕਰਕੇ ਅਖੀਰਲੇ ਦਿਹਾੜੇ ਇਹ ਲੜਾਈ ਵਿਚ ਈ ਕੱਢਦੇ ਨੇ। ਇਹਨਾਂ ਦਾ ਸਲੂਕ ਵੇਖਣਾ ਹੋਵੇ ਤੇ ਹਫਤੇ ਵਾਲੇ ਦਿਨ ਵੇਖਿਆ ਕਰ ਜਦੋਂ ਨਵੀਂ ਨਵੀਂ ਤਨਖਾਹ ਹੱਥ 'ਚ ਹੁੰਦੀ ਏ।" ਮੈਂ ਬਣਾ ਕੇ ਧਿਆਨ ਕੀਤਾ, ਗੱਲ ਸੱਚੀ ਸੀ। ਹਫਤੇ ਵਾਲੇ ਦਿਹਾੜੇ ਦੋਵੇਂ ਜੀਅ ਸਿਗਰਟਾਂ ਲਾ ਕੇ ਕੁੱਤਾ ਫੜਕੇ ਜਾਨੀ ਨੂੰ ਨਾਲ ਲੈ ਕੇ ਸੈਰਾਂ ਕਰਨ ਟੁਰ ਪੈਂਦੇ।

ਇਕ ਦਿਨ ਕਾਲੇ ਮਾਰਟਨ ਨੇ ਮੈਨੂੰ ਲਾਅਨ ਵਿਚ ਫਿਰਦਿਆਂ ਵੇਖਿਆ ਤੇ ਕੰਧ ਉੱਤੋਂ ਦੀ ਹੀ ਬੜੇ ਪਿਆਰ ਨਾਲ ਹੱਸਕੇ ਹੱਥ ਮਿਲਾਇਆ। ਮੈਂ ਵੀ ਹਾਲ-ਚਾਲ ਪੁੱਛਿਆ ਤੇ ਆਖਣ ਲੱਗਾ, "ਅਸੀਂ ਬੜੇ ਨਸੀਬਾਂ ਵਾਲੇ ਹਾਂ ਕਿ ਤੁਹਾਡੇ ਜਿਹੇ ਲੋਕ ਸਾਡੇ ਗੁਆਂਢੀ ਨੇ, ਅਸੀਂ ਚੰਗੇ ਲੋਕਾਂ ਨੂੰ ਹਮੇਸ਼ਾ ਯਾਦ ਰੱਖਦੇ ਹਾਂ"। ਮੈਂ ਸੁਣ ਕੇ ਬੜਾ ਰਾਜ਼ੀ ਹੋਇਆ ਕਿ ਖੌਰੇ ਦਸ ਪੌਂਡ ਉਧਾਰ ਲਏ ਹੋਏ ਮੋੜਨ ਲੱਗਾ ਏ। ਉਹਨੇ ਦੋ-ਚਾਰ ਏਧਰ-ਓਧਰ ਦੀਆਂ ਗੱਲਾਂ ਕਰਕੇ ਆਖਿਆ, "ਮੈਂ ਬੜੇ ਚਿਰ ਤੋਂ ਤੁਹਾਡੇ

ਘਰੋਂ ਕੜ੍ਹੀ ਦੀ ਖੁਸ਼ਬੋ ਸੁੰਘਕੇ ਮੰਗਣਾ ਚਾਹੁੰਦਾ ਸਾਂ ਪਰ ਰੋਜ਼ੀ ਆਖਦੀ ਸੀ ਕਿ ਕਿਧਰੇ ਮਾਈਂਡ ਨਾ ਕਰਨ"। ਇਹ ਗੱਲ ਸੁਣਕੇ ਮੈਨੂੰ ਲੱਗ ਗਿਆ ਕਿ ਹੁਣ ਹੌਲੀ ਹੌਲੀ ਸਾਡੀ ਹਾਂਡੀ ਤੀਕ ਅੱਪੜਨ ਲੱਗ ਗਿਆ ਏ ਤੇ ਕਿਧਰੇ ਚੰਗੇਰ 'ਤੇ ਆ ਕੇ ਹੀ ਨਾ ਬਹਿ ਜਾਏ। ਮੈਂ ਜਾਨ ਛੁਡਾਣ ਲਈ ਆਖਿਆ ਕਿ ਅੱਜ ਤੇ ਕੜ੍ਹੀ ਪਕਾਈ ਨਹੀਂ, ਰਾਤ ਦੀ ਵਧੀ ਹੋਈ ਸ਼ਾਇਦ ਕਿਧਰੇ ਪਈ ਹੋਵੇ। ਕਲ੍ਹ ਪਕਾਵਾਂਗੇ ਤੇ ਜ਼ਰੂਰ ਦੇਵਾਂਗੇ। ਸ਼ਾਇਦ ਅੱਜ ਉਹ ਕਿਧਰੇ ਬਹੁਤਾ ਹੀ ਥੁੜਿਆ ਹੋਇਆ ਸੀ। ਆਖਣ ਲੱਗਾ, "ਕੋਈ ਹਰਜ ਨਹੀਂ, ਰਾਤ ਦੀ ਕੜ੍ਹੀ ਫਰਿੱਜ ਵਿਚ ਖਰਾਬ ਨਹੀਂ ਹੁੰਦੀ।" ਇਹ ਆਖਕੇ ਅਜੇ ਮੇਰਾ ਜਵਾਬ ਵੀ ਨਾ ਸੁਣਿਆ ਤੇ ਰੋਜ਼ੀ ਨੇ ਪਲੇਟ ਲਿਆ ਮੇਰੇ ਹੱਥ ਫੜਾਈ। ਮੈਂ ਡਰਦਾ ਡਰਦਾ ਪਲੇਟ ਫੜਕੇ ਰਾਣੀ ਕੋਲ ਗਿਆ ਤੇ ਰਾਣੀ ਆਖਿਆ, "ਪਹਿਲੇ ਗੁਆਂਢੀ ਔਤਰੇ ਸਾਨੂੰ ਪਕਾਉਣ ਨਹੀਂ ਸੀ ਦਿੰਦੇ ਤੇ ਇਹ ਕਮੀਣੇ ਸਾਨੂੰ ਖਾਣ ਨਹੀਂ ਦਿੰਦੇ। ਇੰਝ ਹੀ ਕੱਚੀ ਜਿਹੀ ਹਯਾਤੀ ਹੰਢਾਉਣ ਵਾਲੇ ਸਾਰੀ ਉਮਰ ਅੱਧਰਾਣੇ ਜਿਹੇ ਰਹਿੰਦੇ ਨੇ। ਵਜ਼ੀਰਾਬਾਦ ਸਾਡੀ ਗਲੀ ਵਿਚ ਔਤਰੇ ਜੋਗੀ ਇੰਝ ਦੇ ਹੁੰਦੇ ਸਨ, ਜਦੋਂ ਚਾਰ ਪੈਸੇ ਲੱਭ ਜਾਣੇ ਤੇ ਵਾਹਵਾ ਕਚਰੇ ਕੜਕਾਂਦੇ। ਮੁੱਕ ਜਾਂਦੇ ਤਾਂ ਲੜ ਲੜ ਫਾਵੇ ਹੋਕੇ ਲੋਕਾਂ ਵੱਲੋਂ ਆਟਾ ਜਾਂ ਦੋ ਗਲਾਸ ਚੌਲ ਮੰਗਣ ਤੁਰ ਪੈਂਦੇ।"

ਮਾਰਟਨ ਕੰਮ 'ਤੇ ਟੁਰ ਜਾਂਦਾ ਤੇ ਰੋਜ਼ੀ ਆਪਣੇ ਪੁੱਤ ਜਾਨੀ ਨੂੰ ਕਦੀ ਕਦੀ ਸਾਡੇ ਵੱਲ ਛੱਡਕੇ ਫੇਰੇ-ਟੋਰੇ 'ਤੇ ਅਜਿਹੀ ਜਾਂਦੀ ਕਿ ਜਾਨੀ ਨੂੰ ਦੋ ਦੋ ਡੰਗ ਸਾਡੇ ਵੱਲੋਂ ਹੀ ਮਿਰਚਾਂ ਵਾਲੀ ਕੜ੍ਹੀ ਖਾਕੇ ਖਾਖਾਂ ਲੂਹਣੀਆਂ ਪੈਂਦੀਆਂ। ਇਕ ਦਿਨ ਰੋਜ਼ੀ ਦੇ ਮੁੜਨ ਤੋਂ ਪਹਿਲਾਂ ਹੀ ਮਾਰਟਨ ਘਰ ਆ ਗਿਆ ਤੇ ਪੁੱਛਦਾ ਪੁਛਾਉਂਦਾ ਸਾਡੇ ਵੱਲ ਆ ਵੜਿਆ। ਅੱਗੇ ਵੇਖਿਆ ਤੇ ਜਾਨੀ ਰੋ ਰੋ ਕੇ ਫਾਵਾ ਹੋ ਗਿਆ ਸੀ। ਮਾਰਟਨ ਨੇ ਰਾਣੀ ਨੂੰ ਪੁੱਛਿਆ, "ਮਿਸਿਜ਼ ਮਲਿਕ ਉਹ ਕੁੱਤੀ ਕਿਧਰ ਗਈ ਏ"। ਰਾਣੀ ਆਖਿਆ, "ਅੱਗੇ ਤੇ ਦੋ ਤਿੰਨ ਵਜੇ ਤੀਕਰ ਆ ਜਾਂਦੀ ਹੁੰਦੀ ਸੀ, ਬੱਸ ਅੱਜ ਹੀ ਰਤਾ ਕੁ ਕੁਵੇਲ ਹੋ ਗਈ ਏ।" ਮਾਰਟਨ ਨੇ ਮੱਥੇ 'ਤੇ ਹੱਥ ਮਾਰਕੇ ਆਖਿਆ, "ਕੰਮ-ਕਾਜ ਉਹ ਕਰਦੀ ਕੋਈ ਨਹੀਂ। ਪਰ ਉਹ ਰੰਡੀ ਜਾਂਦੀ ਕਿੱਥੇ ਆ"? ਏਨੇ ਚਿਰ 'ਚ ਰੋਂਦਾ-ਰੋਂਦਾ ਜਾਨੀ ਮਾਰਟਨ ਨੂੰ ਚੰਬੜ ਗਿਆ ਪਰ ਰੋਜ਼ੀ ਤੋਂ ਤਪਿਆ ਹੋਇਆ ਮਾਰਟਨ ਰੋਜ਼ੀ ਵਿਚੋਂ ਜੰਮੇ ਹੋਏ ਪੁੱਤ ਨੂੰ ਕੀ ਕਰਦਾ, ਉਹਨੇ ਜਾਨੀ ਨੂੰ ਧੱਕਾ ਦੇ ਕੇ ਆਖਿਆ, "ਸ਼ਟ ਅਪ ਬਾਸਟਰਡ, ਸਨ ਔਫ ਬਿੱਚ"। ਮਾਰਟਨ ਨੂੰ ਆਪਣਾ ਪੁੱਤ ਵੀ ਕਤੂਰਾ ਹੀ ਲੱਗਾ। ਉਸਨੇ ਬੱਸ ਏਨਾ ਕੁ ਲਿਹਾਜ਼ ਕੀਤਾ ਕਿ ਆਪਣੇ ਆਪ ਨੂੰ ਗੁੱਸੇ 'ਚ ਕੁੱਤਾ ਨਾ ਆਖਿਆ। ਰਾਣੀ ਨੇ ਬਥੇਰਾ ਓਸਨੂੰ ਵੀਰਾ ਭਰਾਵਾ ਆਖਕੇ ਠੰਡਾ ਕਰਨ ਦਾ ਚਾਰਾ ਕੀਤਾ ਪਰ ਜੇ ਘਰ ਵਿਚ ਲੋਅ, ਬੋਝੇ 'ਚ ਪੈਸਾ, ਛਾਬੀ 'ਚ ਰੋਟੀ ਅਤੇ ਜਨਾਨੀ ਵਿਚ ਵਫਾ ਨਾ ਰੁਵੇ ਤੇ ਜਿਉਣ ਲਈ ਬੰਦੇ 'ਚ ਰਹਿ ਕੀ ਜਾਂਦਾ ਏ। ਚਾਰੇ ਪਾਸਿਉਂ ਹਰਿਆ ਹੋਇਆ ਮਾਰਟਨ ਰੋਜ਼ੀ ਦੀ ਉਡੀਕ ਦਾ ਕੂੜਾ ਆਸਰਾ ਲੈਕੇ ਜਾਨੀ ਦੀ ਬਾਂਹ ਫੜਕੇ ਆਪਣੇ ਘਰ ਟੁਰ ਗਿਆ।

ਖੌਰੇ ਕਿਹੜੇ ਵੇਲੇ ਆਈ ਸੀ ਰੋਜ਼ੀ। ਸਾਨੂੰ ਤੇ ਓਦੋਂ ਹੀ ਪਤਾ ਲੱਗਾ ਜਦੋਂ ਗਾਲ੍ਹੋਗਾਲ੍ਹੀ ਮਾਕੜ ਧੀਕੜ ਤੇ ਦੁਹਾਈ-ਪ੍ਹਾਰਿਆ ਦੀਆਂ ਵਾਜਾਂ ਆਈਆਂ। ਨਾਲ ਹੀ ਬਾਹਰ ਵੇਖਿਆ ਤੇ ਚਾਂਹ-ਚਾਂਹ ਕਰਦੀ ਪੁਲਸ ਦੀ ਗੱਡੀ ਆ ਗਈ।

ਰਾਣੀ ਨੇ ਮੈਨੂੰ ਹਿਲਾਇਆ, "ਜ਼ਰਾ ਬਾਹਰ ਤੇ ਵੇਖੋ"।

"ਕਿਉਂ ਬ੍ਰਾਰੇ ਆ ਗਏ ਨੇ", ਮੈਂ ਗੱਲ ਹਾਸੇ 'ਚ ਪਾ ਛੱਡੀ।

"ਹਾਏ, ਹਾਏ, ਬਾਹਰ ਤੇ ਪੁਲਸਾਂ ਆ ਗਈਆਂ ਜੇ", ਰਾਣੀ ਨੇ ਹੱਥਾਂ ਨੂੰ ਮਲਦੇ ਹੋਏ ਆਖਿਆ।

"ਆਈਆਂ ਨੇ ਤੇ ਆਈਆਂ ਰਹਿਣ, ਤੇਰੇ 'ਤੇ ਕਿਹੜਾ ਚਰਸ ਦਾ ਸ਼ੱਕ ਏ"।

"ਕੀ ਕਰਦੇ ਓ, ਪਤਾ ਤੇ ਲਵੋ, ਆਖਰ ਗੁਆਂਢ ਮੱਥਾ ਏ, ਕੁਝ ਸੁਰਤ ਕਰੋ", ਰਾਣੀ ਮੇਰੇ ਉਤੋਂ ਰਜਾਈ ਖਿੱਚਕੇ ਆਖਿਆ। ਮੈਂ ਲੋਈ ਦੀ ਬੁੱਕਲ ਮਾਰਕੇ ਨਿਕਲਿਆ ਤੇ ਦੋ ਸਿਪਾਹੀ



ਮਾਰਟਨ ਦੇ ਬੂਹੇ ਅੱਗੇ ਖਲੋਤੇ ਵੇਖ ਕੇ ਪੁੱਛਿਆ, ਕੀ ਹੋਇਆ ਏ ਅਫਸਰ ਜੀ? ਉਹਨਾਂ ਅਜੇ ਮੈਨੂੰ ਜਵਾਬ ਵੀ ਨਹੀਂ ਸੀ ਦਿੱਤਾ ਤੇ ਰੋਜ਼ੀ ਨੇ ਕੁੰਡਾ ਖੋਲ੍ਹ ਕੇ ਅੰਦਰ ਵਾੜ ਲਏ। ਅਸਾਂ ਸ਼ੀਸ਼ਾਂ ਥਾਣੀਂ ਬਥੇਰੀਆਂ ਝਾਤੀਆਂ ਮਾਰੀਆਂ ਪਰ ਕੋਈ ਸਵਾਦ ਨਾ ਆਇਆ। ਇਹ ਵਲਾਇਤੀ ਲੜਾਈਆਂ ਤੇ ਵਲਾਇਤੀ ਨਿਆਂ ਸਨ ਜਿਹੜੇ ਚੁੱਪ ਚਪੀਤੇ ਹੁੰਦੇ ਅਤੇ ਅੰਦਰੋਂ ਅੰਦਰੀ ਹੀ ਮੁੱਕ ਜਾਂਦੇ ਨੇ। ਹੁੰਦੀ ਖਾਂ ਸਾਡੇ ਪਿੰਡਾਂ ਦੀ ਲੜਾਈ, ਸਾਰਾ ਪਿੰਡ ਬਨੇਰਿਆਂ 'ਤੇ ਬਹਿ ਜਾਂਦਾ, ਬਾਲ ਖੁਰਲੀਆਂ 'ਤੇ ਚੜ੍ਹ ਕੇ ਗਿੱਧਾ ਪਾਉਂਦੇ ਤੇ ਬਾਲਾਂ ਤੋਂ ਵੱਡੇ ਰੁੱਖਾਂ 'ਤੇ ਚੜ੍ਹਕੇ ਮੰਡੂਆ ਵੇਖਦੇ। ਜੇ ਕਦੇ ਪੁਲਸ ਆ ਜਾਏ ਤਾਂ ਬੰਦੇ ਡਰਦੇ ਮਾਰੇ ਖੂਹਾਂ 'ਚ ਲਮਕ ਜਾਂਦੇ, ਕਣਕਾਂ 'ਚ ਲੁਕ ਜਾਂਦੇ, ਲੰਬੜਦਾਰ ਕੁੱਕੜ ਕੋਹਣ ਲੱਗ ਪੈਂਦਾ ਅਤੇ ਪੈਂਦਾਂ ਉਤੇ ਦੋਹਰਾਂ ਵਿਛਾਕੇ ਸਰ੍ਹਾਣੇ ਰੱਖ ਦਿੱਤੇ ਜਾਂਦੇ।

ਲਿਹਾਜ਼ਾ ਸਾਨੂੰ ਕੋਈ ਵੀ ਸੁਆਦ ਨਾ ਆਇਆ ਏਸ ਵਲਾਇਤੀ ਲੜਾਈ ਦਾ। ਨਾ ਡੋਈਆਂ ਚੱਲੀਆਂ ਨਾ ਹਾਂਡੀਆਂ ਭੱਜੀਆਂ। ਨਾ ਕਿਸੇ ਗਲਮੇ ਫੜੇ ਅਤੇ ਨਾ ਕਿਸੇ ਖੱਟੇ-ਮਿੱਠੇ ਜਿਹੇ ਮਿਹਣੇ ਦਿੱਤੇ। ਦੂਜੇ ਦਿਹਾੜੇ ਬੂਹਾ ਖੜਕਿਆ ਤੇ ਰੋਜ਼ੀ ਸਾਡੇ ਅੰਦਰ ਲੰਘ ਆਈ। ਜਾਗੀਆਂ ਜਾਗੀਆਂ, ਥੱਕੀਆਂ ਥੱਕੀਆਂ ਅਤੇ ਅੱਧ ਖੁਲ੍ਹੀਆਂ ਉਨੀਂਦੇ ਨਾਲ ਲਾਲ ਡੋਰੇ ਪਈਆਂ ਬਿੱਲੀਆਂ ਅੱਖਾਂ ਵੇਖਕੇ ਮੇਰੇ ਜੀਅ ਨੂੰ ਘੇਰ ਜਹੀ ਪਈ। ਇਹ ਤੇ ਮੈਂ ਨਹੀਂ ਦੱਸ ਸਕਦਾ ਕਿ ਘੇਰ ਤਰਸ ਨਾਲ ਪਈ ਸੀ ਜਾਂ ਤਰਸੇਵੇਂ ਨਾਲ। ਜੇ ਉਹ ਮੇਰਾ ਤਰਸੇਵਾਂ ਸੀ ਤੇ ਮੈਂ ਵੀ ਕਾਬਲੇ ਤਰਸ ਹੀ ਸਾਂ। ਉਹਦੀ ਅੱਖਾਂ ਦੀਆਂ ਗੰਨੀਆਂ ਰੋ ਰੋ ਕੇ ਮੋਟੀਆਂ ਹੋ ਗਈਆਂ ਸਨ ਅਤੇ ਕਾਸ਼ਨੀ ਰੰਗ ਵੇਖਕੇ ਮੈਨੂੰ ਰੱਬ ਦੇ ਰੰਗ ਯਾਦ ਆ ਗਏ। ਮੈਂ ਰੋਜ਼ੀ ਨੂੰ ਬੈਠਕ ਵਿਚ ਬਿਠਾ ਕੇ ਉਹਦੀ ਦਰਦਨਾਕ ਹਾਲਤ ਰਾਣੀ ਨੂੰ ਦੱਸੀ ਤੇ ਉਹ ਗ਼ਜ਼ਬਨਾਕ ਹੋ ਕੇ ਆਖਣ ਲੱਗੀ, "ਰੋਜ਼ੀ ਦੀ ਹਾਲਤ ਤੇ ਪਤਾ ਨਹੀਂ ਕਿਸਰਾਂ ਦੀ ਏ, ਪਰ ਮੈਨੂੰ ਤੇ ਤੇਰੀ ਹਾਲਤ 'ਤੇ ਤਰਸ ਆਉਂਦਾ ਏ। ਹਰ ਇਕ ਨੂੰ ਆਪਣੀ ਹਾਲਤ ਉਤੇ ਕਾਬੂ ਹੁੰਦਾ ਤੇ ਹਾਲਤਾਂ ਇੰਝ ਨਾ ਵਿਗੜਦੀਆਂ-ਹਾਂ"। ਮੈਨੂੰ ਪਤਾ ਲੱਗ ਗਿਆ ਕਿ ਮੈਂ ਆਪਣੀ ਹੁਸ਼ਿਆਰੀ ਦੇ ਘੋੜੇ ਤੋਂ ਸਿਰ ਪਰਨੇ ਡਿੱਗ ਪਿਆ ਹਾਂ। ਮੈਂ ਚੁੱਪ ਕਰਕੇ ਧੌਣ ਉਤੇ ਖੁਰਕ ਕਰਨ ਲੱਗ ਪਿਆ। ਮੈਨੂੰ ਉਂਝ ਵੀ ਏਸ ਮੁਲਕ ਵਿਚ ਵੜੇ ਅਜੇ ਪਹਿਲਾ ਹੀ ਵਰ੍ਹਾ ਸੀ। ਪੱਕੀ ਰਿਹਾਇਸ਼ ਦਾ ਦਾਰੋਮਦਾਰ ਰਾਣੀ ਦੇ ਹੱਥ ਹੀ ਸੀ।

ਇਹ ਚੰਗਾ ਹੋਇਆ ਕਿ ਮੇਰੀ ਇੱਜ਼ਤ ਰਹਿ ਗਈ। ਰਾਣੀ ਨੇ ਸਵੇਰ ਦੀ ਬਚੀ ਚਾਹ ਦੀ ਪੱਤੀ 'ਚ ਪਾਣੀ ਪਾ ਕੇ ਤੂੰਬਾ ਕੁ ਦੁੱਧ ਪਾਇਆ ਤੇ ਕੱਪ ਬਣਾਕੇ ਰੋਜ਼ੀ ਅੱਗੇ ਧਰ ਦਿੱਤਾ। ਕੱਪ ਧਰਕੇ ਆਪਣੀ ਜ਼ੁਬਾਨ ਵਿਚ ਬੁੜ ਬੁੜ ਕਰਦੀ ਰਾਣੀ ਬਾਹਰ ਨਿਕਲ ਗਈ। ਮੈਨੂੰ ਪਤਾ ਸੀ ਕਿ ਰੋਜ਼ੀ ਨੂੰ ਅੰਦਰ ਵਾੜਨ ਦਾ ਮੁਜਰਮ ਮੈਂ ਹਾਂ। ਮੈਨੂੰ ਮੇਰੇ ਆਪਣੇ ਹੀ ਅੰਦਰ ਦਾ ਹਨੇਰਾ ਡਰਾਈ ਜਾਂਦਾ ਸੀ। ਰੋਜ਼ੀ ਆਪਣੇ ਦੁੱਖ ਸੁਣਾਈ ਜਾ ਰਹੀ ਸੀ ਪਰ ਮੈਨੂੰ ਰਾਣੀ ਦੇ ਖੌਫ਼ ਦਾ ਦੁੱਖ ਖਾਈ ਜਾਂਦਾ ਸੀ। ਮੈਂ ਉਹਦੀਆਂ ਗੱਲਾਂ ਸੁਣਕੇ ਯੈੱਸ ਯੈੱਸ ਤੇ ਆਖੀ ਜਾਂਦਾ ਸਾਂ ਪਰ ਅੰਦਰੋਂ ਮੇਰਾ ਕੁਝ ਨ੍ਹੀ ਸੀ ਰਿਹਾ। ਹਾਲਾਂ ਮੇਰਾ ਕਸੂਰ ਕੋਈ ਨਹੀਂ ਸੀ। ਮੈਂ ਕਿਹੜਾ ਉਹਨੂੰ ਸੱਦਣ ਗਿਆ ਸਾਂ। ਫੇਰ ਵੀ ਮੇਰੇ ਅੰਦਰਲਾ ਐਬ ਮੈਨੂੰ ਚੋਰ ਬਣਾਈ ਬੈਠਾ ਸੀ ਕਿ ਮੇਰਾ ਰੋਜ਼ੀ ਨਾਲ ਸਾਹਮਣੇ ਬਿਠਾਕੇ ਗੱਲਾਂ ਕਰਨ ਨੂੰ ਜੀਅ ਕਰਦਾ ਸੀ। ਕਿਉਂ ਜੇ ਅੱਜ ਉਹ ਹਰ ਪਾਸਿਉਂ ਲੁੱਟੀ-ਪੁੱਟੀ ਉੱਜੜੀ-ਪੁਜੜੀ ਅਤੇ ਥੱਕੀ-ਹਾਰੀ ਸੀ। ਉਹਦਾ ਹੁਣ ਕੋਈ ਪਾਸਾ ਨਹੀਂ ਸੀ ਰਹਿ ਗਿਆ। ਉਹ ਖੌਰੇ ਤਾਂ ਹੀ ਸਾਡੇ ਪਾਸ ਆ ਗਈ ਸੀ ਕਿ ਮੇਰੇ ਪਾਸੋਂ ਉਹਨੂੰ ਕੋਈ ਆਸ ਸੀ ਕਿ ਮੈਂ ਉਸਨੂੰ ਪਾਸਾ ਦੇ ਕੇ ਨਹੀਂ ਲੰਘ ਜਾਵਾਂਗਾ। ਅੱਖਾਂ ਮੇਰੀਆਂ ਰੋਜ਼ੀ 'ਤੇ ਸਨ ਤੇ ਧਿਆਨ ਮੇਰਾ ਰਾਣੀ 'ਤੇ ਸੀ, ਕਿਉਂਕਿ ਰਾਣੀ ਦਾ ਜੀਅ ਕਰਦਾ ਸੀ ਕਿ ਰੋਜ਼ੀ ਹੁਣ ਛੇਤੀ ਨਾਲ ਤਿੱਤਰ ਹੋ ਜਾਵੇ। ਰਾਣੀ ਨੂੰ ਉਹਦੇ ਚਾਲੇ ਠੀਕ ਨਹੀਂ ਸਨ ਲਗਦੇ।

ਰੋਜ਼ੀ ਨੂੰ ਮੈਂ ਮਾਰਟਨ ਬਾਰੇ ਪੁੱਛਿਆ ਤੇ ਓਸ ਦੱਸਿਆ ਪਈ "ਮਾਰਟਨ ਕੁੱਤਾ ਕੰਮ 'ਤੇ ਟੁਰ ਗਿਆ ਏ ਤੇ ਜਾਨੀ ਅਜੇ ਤੀਕਰ ਸੁੱਤਾ ਪਿਆ ਏ"। ਦੋ ਚਾਰ ਏਧਰ ਓਧਰ ਦੀਆਂ ਗੱਲਾਂ ਕਰਕੇ ਰੋਜ਼ੀ

ਨੇ ਆਖਿਆ, "ਮਿਸਟਰ ਮਲਿਕ ਜੇ ਤੈਨੂੰ ਬੁਰਾ ਨਾ ਲੱਗੇ ਤਾਂ ਮੈਨੂੰ ਪੰਜਾਂ ਪੌਂਡਾਂ ਦੀ ਅੱਜ ਬੜੀ ਹੀ ਡਾਢੀ ਲੋੜ ਹੈ"। ਮੈਂ ਹੋਂਠਾਂ ਉਤੇ ਉਂਗਲ ਰੱਖਕੇ ਬਰੂਹਾਂ ਵੱਲ ਵੇਖਿਆ ਤੇ ਛੇਤੀ ਨਾਲ ਰੋਜ਼ੀ ਨੂੰ ਪੰਜਾਂ ਦਾ ਨੋਟ ਫੜਾ ਦਿੱਤਾ। ਰੋਜ਼ੀ ਵੀ ਕਿਹੜੀ ਨੱਕ 'ਚ ਬੁਰਕੀ ਪਾਉਂਦੀ ਸੀ, ਉਹਨੂੰ ਵੀ ਪਤਾ ਲੱਗ ਗਿਆ ਕਿ ਮਿਸਟਰ ਮਲਿਕ ਏਸ ਵੇਲੇ ਖੌਫ ਅਤੇ ਪਿਆਰ ਦੇ ਵਿਚਕਾਰ ਖਲੋਤਾ ਚੋਰੀਆਂ ਕਰ ਰਿਹਾ ਏ। ਉਹਨੂੰ ਮੇਰੀ ਹਾਲਤ ਦਾ ਮੇਰੇ ਨਾਲੋਂ ਕਿਧਰੇ ਬਹੁਤਾ ਪਤਾ ਸੀ, ਕਿਉਂਕਿ ਮੇਰਾ ਤੇ ਸ਼ਾਇਦ ਇਹ ਪਹਿਲਾਂ ਮੌਕਾ ਸੀ ਤੇ ਓਸ ਦੀ ਜਵਾਨੀ ਤੇ ਸ਼ੁਰੂ ਹੀ ਇੰਝ ਦੀਆਂ ਖੇਡਾਂ ਤੋਂ ਹੋਈ ਸੀ। ਓਸ ਨੇ ਨੋਟ ਫੜਨ ਲੱਗਿਆਂ ਬੂਹੇ ਵੱਲ ਵੇਖਿਆ ਤੇ ਨੋਟ ਨੂੰ ਮੁੱਠ ਵਿਚ ਫੇਹਕੇ ਗਲਮੇ ਵਿਚੋਂ ਦੀ ਹਿੱਕ ਨਾਲ ਲਾ ਲਿਆ। ਉੱਤੋਂ ਆਖਣ ਲੱਗੀ, "ਮੈਂ ਤੈਨੂੰ ਛੇਤੀ ਹੀ ਰਿਟਰਨ ਕਰ ਦੇਵਾਂਗੀ।"। ਮੈਂ ਦਿਲ 'ਚ ਆਖਿਆ ਪੌਂਡ ਤੇ ਭਾਵੇਂ ਨਾ ਹੀ ਰਿਟਰਨ ਕਰੀਂ ਪਰ ਪੌਂਡਾਂ ਦਾ ਰਿਟਰਨ ਜ਼ਰੂਰ ਹੋਣਾ ਚਾਹੀਦਾ ਏ। ਗੱਲ ਇਹ ਵੇ ਪਈ ਜੇ ਤੇ ਰੋਜ਼ੀ ਆਪਣੇ ਖਾਵੰਦ ਨਾਲ ਰਾਜ਼ੀ ਖੁਸ਼ੀ ਵਸਦੀ ਰਸਦੀ ਹੁੰਦੀ ਤਾਂ ਮੈਨੂੰ ਰੋਜ਼ੀ ਨਾਲ ਕੀ। ਪਰ ਬੜੀ ਕੁੱਤੀ ਆਦਤ ਹੈ ਮਰਦਾਂ ਦੀ, ਜਦੋਂ ਕੋਈ ਜਨਾਨੀ ਵਿਹਲੀ ਜਹੀ ਹੋ ਜਾਏ ਜਾਂ ਰੱਸਾ ਤੁੜਾਈ ਫਿਰੇ ਤਾਂ ਐਵੇਂ ਹੀ ਉਹ ਚੇਤੇ 'ਚ ਵੜਕੇ ਚਿੱਤ ਨੂੰ ਚੂੰਢੀਆਂ ਵੱਢਣ ਲੱਗ ਪੈਂਦੀ ਏ। ਜਿਵੇਂ ਕਿਸੇ ਗੁੱਡੀ ਦੀ ਡੋਰ ਕਿਸੇ ਦੇ ਹੱਥ ਵਿਚ ਹੋਵੇ ਤਾਂ ਗੁੱਡੀ ਨਾਲ ਏਨੀ ਦਿਲਚਸਪੀ ਨਹੀਂ ਹੁੰਦੀ ਪਰ ਜੇ ਉਹ ਗੁੱਡੀ ਡੋਰੋਂ ਟੁੱਟ ਜਾਵੇ ਤਾਂ ਡਾਵਾਂਡੋਲ ਹੋਈ ਸੋਹਣੀ ਵੀ ਲਗਦੀ ਏ ਤੇ ਉਹਦੇ 'ਤੇ ਮੱਲ ਮਾਰਨ ਨੂੰ ਜੀਅ ਕਰਦਾ ਏ।

ਪੰਜ ਪੌਂਡ ਮੈਨੂੰ ਮੋਇਆਂ ਨੇ ਮੋੜਨੇ ਸਨ, ਮੈਨੂੰ ਤੇ ਪਤਾ ਸੀ ਕਿ ਰੋਜ਼ੀ ਦੀ ਜ਼ਿੰਦਗੀ 'ਚ ਕੋਈ ਖਹਿੰਦਾ ਜਿਹਾ ਮੋੜ ਆ ਗਿਆ ਤਾਂ ਉਸ ਨੇ ਮਾਰਟਨ ਦੇ ਨਾਲ ਜਾਨੀ ਨੂੰ ਵੀ ਮੁੜਕੇ ਨਹੀਂ ਵੇਖਣਾ। ਏਸ ਗੋਰੀ ਕੌਮ ਨੇ ਤੇ ਘਰ ਆਇਆ ਕਦੀ ਕਿਸੇ ਦਾ ਕੁੱਕੜ ਨਹੀਂ ਮੋੜਿਆ, ਮੈਨੂੰ ਸੁਆਹ ਤੇ ਮਿੱਟੀ ਕੁਝ ਲੱਭਣਾ ਸੀ। ਮੈਨੂੰ ਐਵੇਂ ਥਣ ਟੁੱਟੀ ਜਿਹੀ ਆਸ ਹੀ ਲੱਗੀ ਰਹੀ। ਨਾ ਪੰਜ ਪੌਂਡ ਰਿਟਰਨ ਕੀਤੇ ਤੇ ਨਾ ਹੀ ਕੋਈ ਰਿਟਰਨ। ਰੋਜ਼ੀ ਨੇ ਚਾਹ ਦਾ ਕੱਪ ਪੀਤਾ ਤੇ ਬਾਈ ਬਾਈ ਕਰਦੀ ਬਾਹਰ ਨਿਕਲ ਗਈ। ਤਕਾਲੀਂ ਚਾਰ ਵਜੇ ਮਾਰਟਨ ਪਰਤਿਆ ਤੇ ਫੇਰ ਰੌਲਾ ਪੈ ਗਿਆ। ਮੇਰਾ ਖਿਆਲ ਸੱਚਾ ਹੀ ਸੀ ਕਿ ਅੱਜ ਮਾਰਟਨ ਤੇ ਰੋਜ਼ੀ ਦੇ ਵਸੇਬੇ ਦੀ ਅਖੀਰਲੀ ਝੜਪ ਹੈ, ਕਿਉਂਕਿ ਹੁਣ ਸ਼ੈਆਂ ਤੋਂ ਲੜਾਈ ਸ਼ੁਰੂ ਹੋ ਕੇ ਕੁੱਤੇ ਦੀ ਵੰਡ ਤੀਕਰ ਅੱਪੜ ਗਈ ਸੀ। ਰੋਜ਼ੀ ਨੇ ਆਖਿਆ, "ਇਹ ਕੁੱਤਾ ਮੇਰੀ ਮਾਂ ਨੇ ਲੈਕੇ ਦਿੱਤਾ ਸੀ, ਤੂੰ ਪੁੱਤ ਲਗਨਾ ਏਂ ਕੁੱਤੇ ਦਾ, ਮੈਂ ਇਹ ਕੁੱਤਾ ਇੱਥੇ ਨਹੀਂ ਛੱਡਾਂਗੀ"। ਹੌਲੀ ਹੌਲੀ ਰੌਲਾ ਮੱਠਾ ਪੈਂਦਾ ਗਿਆ। ਸ਼ੈਆਂ ਵਸਤਾਂ ਦਾ ਵੰਡ ਵੰਡਈਆ ਹੋ ਗਿਆ, ਸੌਦੇ ਸੂਤ ਸਾਂਭ ਲਏ ਤੇ ਰੋਜ਼ੀ ਫੇਰ ਸਾਡੇ ਘਰ ਆਕੇ ਆਖਣ ਲੱਗੀ, "ਮਿਸਿਜ਼ ਮਲਿਕ ਇਕ ਮਿਹਰਬਾਨੀ ਕਰੋ ਤਾਂ ਮੈਂ ਆਪਣੇ ਬੁਆਏ ਫਰੈਂਡ ਨੂੰ ਫੋਨ ਕਰ ਸਕਨੀ ਆਂ"? ਮੈਂ ਤੇ ਰੋਜ਼ੀ ਦੀ ਸੁਣਕੇ ਦੜ ਵੱਟ ਲਈ ਪਰ ਰਾਣੀ ਨੇ ਇਹ ਜ਼ਹਿਰ ਫੱਕਿਆ ਤੇ ਓਸ ਨੂੰ ਫੋਨ ਕਰਵਾ ਦਿੱਤਾ।

ਅੱਧੇ ਘੰਟੇ ਪਿੱਛੋਂ ਇਕ ਲੰਮੀ ਜਿਹੀ ਕਾਰ ਆ ਕੇ ਸੜਕ 'ਤੇ ਖਲੋ ਗਈ। ਦੋ ਤਿੰਨ ਹਾਰਨ ਵੱਜੇ ਤੇ ਰੋਜ਼ੀ ਨੇ ਬੂਹਾ ਖੋਲ੍ਹ ਕੇ ਅੰਦਰੋਂ ਹੱਥ ਹਿਲਾਇਆ। ਰੋਜ਼ੀ ਨੇ ਵਾਲਾਂ ਦੀਆਂ ਫੁੱਲ ਚਿੜੀਆਂ ਕੱਢਕੇ ਲਿਸ਼ਕਦੇ ਕਲਿੱਪ ਲਾ ਕੇ ਬੁਲ੍ਹੀਆਂ 'ਤੇ ਤਾਜ਼ੀ ਤਾਜ਼ੀ ਸੁਰਖੀ ਲਾਈ ਹੋਈ ਸੀ। ਲੀੜੇ ਏਸਰਾਂ ਦੇ ਸਨ ਜਿਵੇਂ ਅੱਜ ਉਹ ਮੱਸਿਆ 'ਤੇ ਚੱਲੀ ਏ। ਇਹ ਸਾਰਾ ਕੁਝ ਵੇਖਕੇ ਮੈਨੂੰ ਗੁੱਸਾ ਵੀ ਆਇਆ ਤੇ ਥੋੜ੍ਹੀ ਜਿਹੀ ਪਰੇਸ਼ਾਨੀ ਵੀ ਹੋਈ। ਸੋਚਿਆ ਸੀ ਕਿ ਹੁਣ ਉਹਦਾ ਕੋਈ ਪਾਸਾ ਨਹੀਂ ਰਹਿ ਗਿਆ। ਪਰ ਉਹਨੂੰ ਰਾਜ਼ੀ ਵੇਖਕੇ ਜੀਅ ਕੀਤਾ ਉਹਦਾ ਪਾਸਾ ਲਾਹਕੇ ਰੱਖ ਦੇਵਾਂ। ਪੰਜ ਪੌਂਡ ਦੇ ਕੇ ਵੀ ਕਿਸੇ ਪਾਸੇ ਦਾ ਨਾ ਰਿਹਾ। ਕਾਰ 'ਚ ਬੈਠੇ ਉਹਦੇ ਬੁਆਏ ਫਰੈਂਡ ਨੇ ਹੱਥ ਹਿਲਾਇਆ ਤੇ ਬਾਹਰ ਨਿਕਲ ਕੇ ਡਿੱਗੀ ਖੋਹਲ ਦਿੱਤੀ। ਰੋਜ਼ੀ ਆਪਣਾ ਵਲੇਵਾ ਵਿਚ ਰੱਖਣ ਲੱਗ ਪਈ। ਕਾਰ ਵਾਲਾ ਬੰਦਾ ਬੜਾ ਰਾਜ਼ੀ ਅਤੇ ਖੁਸ਼ੀ ਨਾਲ ਬੁਚਕੜੀਆਂ ਚੁੱਕ-ਚੁੱਕ ਕੇ ਕਾਰ ਵਿਚ ਰੱਖੀ ਜਾਂਦਾ ਸੀ। ਇੰਝ ਲਗਦਾ ਸੀ ਜਿਵੇਂ ਰੋਜ਼ੀ ਨੂੰ ਮਾਰਟਨ ਦੇ ਵਿਛੋੜੇ ਦੇ ਗ਼ਮ ਨਾਲੋਂ ਨਵੇਂ ਮਿਲਾਪ ਦਾ ਬਹੁਤਾ ਚਾਅ ਸੀ।



ਜਦੋਂ ਉਹ ਆਪਣਾ ਆਖਰੀ ਸੌਦਾ ਬਿਊਟੀ ਬਾਕਸ ਲੈਕੇ ਸਹੁਰਿਆਂ ਦਾ ਬੂਹਾ ਛੱਡਕੇ ਨਵੇਂ
ਸਹੁਰਿਆਂ ਦੀ ਕਾਰ ਦਾ ਬੂਹਾ ਢੋਣ ਲੱਗੀ ਤਾਂ ਮਾਰਟਨ ਨੇ ਜਾਨੀ ਦਾ ਗੁੱਟ ਫੜਕੇ ਰੋਜ਼ੀ ਦੇ ਕੋਲ ਜਾ
ਖਲ੍ਹਾਰਿਆ। ਰੋਜ਼ੀ ਨੇ ਮੂੰਹ 'ਚ ਮਾਰਟਨ ਨੂੰ ਗੰਦੀ ਜਿਹੀ ਗਾਲ੍ਹ ਕੱਢੀ ਤੇ ਨਾਲ ਹੀ ਕਾਰ ਦਾ ਬੂਹਾ ਬੰਦ
ਕਰ ਲਿਆ। ਜਾਨੀ ਵਾਸਤੇ ਸਾਰੇ ਹੀ ਦਰਵਾਜ਼ੇ ਬੰਦ ਹੋ ਗਏ। ਉਹ ਵਿਚਾਰਾ ਕਾਰ ਦੇ ਬੰਦ ਬੂਹੇ ਵਿਚੋਂ
ਆਪਣੀ ਮਾਂ ਨੂੰ ਹੰਝੂਆਂ ਦਾ ਵਾਸਤਾ ਦੇ ਰਿਹਾ ਸੀ ਕਿ ਮਾਰਟਨ ਨੇ ਅੰਦਰ ਵੜਕੇ ਬੂਹਾ ਢੋ ਲਿਆ।
ਗੋਰੀ ਦਾ ਲਹੂ ਚਿੱਟਾ ਹੋ ਗਿਆ। ਕਾਲੇ ਪਿਉ ਦੇ ਦਿਲ 'ਤੇ ਕਾਲਖ ਜੰਮ ਗਈ ਤੇ ਜਾਨੀ ਵਾਸਤੇ ਦਿਨ
ਰਾਤ ਹਨੇਰੇ ਹੋ ਗਏ। ਕਾਰ ਚਲੀ ਗਈ ਤੇ ਜਾਨੀ ਪਿੱਛੋਂ ਧੂੰਆਂ ਹੀ ਧੂੰਆਂ ਵੇਖਦਾ ਰਿਹਾ। ਉਹਦੇ ਦਿਲ
ਦਾ ਕੋਠਾ ਸੜ ਗਿਆ। ਟੁੱਟਿਆਂ ਹੋਇਆਂ ਰਿਸ਼ਤਿਆਂ ਦੀਆਂ ਠੀਕਰੀਆਂ ਉੱਤੇ ਟੁਰਨ ਦੀ ਕੋਸ਼ਿਸ਼ ਨੇ
ਜਾਨੀ ਦੇ ਕੋਮਲ ਹਿਰਦੇ ਨੂੰ ਲਹੂ-ਲੁਹਾਣ ਕਰ ਦਿੱਤਾ। ਜਦੋਂ ਮਾਂ ਹੀ ਛਾਂ ਨਾ ਬਣੀ ਤਾਂ ਕਿੱਕਰ ਦੇ ਕੰਡੇ
ਵਰਗਾ ਪਿਉ ਕੀ ਆਸਰਾ ਦੇਂਦਾ।

ਕਾਰ ਦਾ ਬੂਹਾ ਬੰਦ ਹੋਣ ਨਾਲ ਕਹਾਣੀ ਤੇ ਮੁੱਕ ਜਾਂਦੀ ਏ। ਪਰ ਨਹੀਂ। ਕਹਾਣੀ ਜਿੱਥੇ ਮੁੱਕੀ
ਏ ਅਸਲ ਕਹਾਣੀ ਦਾ ਮੁੱਢ ਉੱਥੋਂ ਹੀ ਬੱਝਦਾ ਏ। ਦਿਲ ਦੀ ਕੁੜੱਤਣ ਦਾ ਸੁਆਦ ਤੇ ਓਸ ਵੇਲੇ ਸ਼ੁਰੂ
ਹੁੰਦਾ ਏ ਜਦੋਂ ਵਿਆਹ ਦਾ ਚਾਵਾਂ ਭਰਿਆ ਸੁਆਦ ਮੁੱਕਦਾ ਏ। ਸ਼ਾਦੀ ਨੂੰ ਸ਼ਤਰੰਜ ਵਰਗੀ ਖੇਡ
ਬਣਾਉਣ ਵਾਲੇ ਇਹ ਭੁੱਲ ਜਾਂਦੇ ਨੇ ਕਿ ਏਸ ਸਮਾਜ ਨਾਲ ਉਹ ਕਿਸਰਾਂ ਦੀ ਖੇਡ ਖੇਡਦੇ ਨੇ। ਉਹਨਾਂ
ਦੀ ਏਸ ਖੇਡ ਨਾਲ ਕਿੰਨਿਆਂ ਦੀਆਂ ਖੇਡਾਂ ਵਿਗੜਦੀਆਂ ਨੇ। ਉਹ ਭੁੱਲ ਜਾਂਦੇ ਨੇ ਕਿ ਉਹਨਾਂ ਦੀ
ਚਾਵਾਂ ਨਾਲ ਬੀਜੀ ਹੋਈ ਫਸਲ ਦਾ ਮੋਹਰਾ ਕਿੱਥੇ ਕਿੱਥੇ ਖਿਲਰੇਗਾ। ਕੁੜਮਾਈ ਦੀ ਬਿਆਈ ਕਰਨਾ
ਤੇ ਬੜਾ ਸੌਖਾ ਏ ਪਰ ਵੇਲੇ ਸਿਰ ਪਾਣੀ ਦੇ ਕੇ ਗੋਡੀ ਨਾ ਕੀਤੀ ਜਾਏ ਤੇ ਫਸਲ ਚੰਗੀ ਨਹੀਂ ਉਗਦੀ,
ਸਗੋਂ ਪੋਹਲੀ ਤੇ ਭੱਖੜੇ ਦੇ ਕੰਡੇ ਰਾਹਵਾਂ 'ਚ ਖਿਲਰ ਜਾਂਦੇ ਨੇ। ਮਾਰਟਨ ਤੇ ਰੋਜ਼ੀ ਦੀਆਂ ਕੀਤੀਆਂ
ਜਾਨੀ ਅੱਗੇ ਆਈਆਂ। ਗੋਰੀ ਯਾਰ ਨਾਲ ਤੁਰ ਗਈ, ਕਾਲਾ ਅੰਦਰ ਵੜ ਗਿਆ ਤੇ ਘਸਮੇਲਾ
ਇਹਨਾਂ ਦੋਹਵਾਂ ਦਾ ਬੀਜਿਆ ਵੱਢਣ ਲੱਗ ਪਿਆ। ਨਾ ਚਾਨਣੀ ਰਹੀ ਨਾ ਹਨੇਰਾ। ਹੁਣ ਇਹ ਗੋਡਾ
ਲੱਗਾ ਚੰਨ ਪਤਾ ਨਹੀਂ ਕਿਸਰਾਂ ਦੇ ਚੰਨ ਚੜ੍ਹਾਏਗਾ। ਨਾਇਤਫਾਕੀ ਦੀ ਭੋਇੰ 'ਚੋਂ ਉੱਗਿਆ ਹੋਇਆ
ਬੂਟਾ ਕਦੀ ਕਦੀ ਸਮਾਜ ਦੀਆਂ ਰਾਹਵਾਂ 'ਚ ਖਿੱਲਰਕੇ ਬੇਦੋਸੇ ਲੋਕਾਂ ਦੇ ਪੈਰ ਬਿੰਨ੍ਹ ਦੇਂਦਾ ਏ।

ਅਸਾਂ ਸਾਰੇ ਘਰ ਨੇ ਰੋਜ਼ੀ ਦਾ ਦੂਜੇ ਖਾਵੰਦ ਨਾਲ ਟੁਰਦਾ ਮੁਕਲਾਵਾ ਵੇਖਿਆ ਸੀ। ਮੁਕਲਾਵਾ
ਟੋਰਨ ਦਾ ਸੁਆਦ ਤੇ ਬੜਾ ਹੁੰਦਾ ਏ ਪਰ ਏਸ ਮੁਕਲਾਵੇ ਦਾ ਵੱਖਰਾ ਹੀ ਦੁੱਖ ਸੀ। ਅਸੀਂ ਉਧਲ ਗਈ
ਰੋਜ਼ੀ ਕੋਲੋਂ ਆਪਣਾ ਉਧਾਰ ਵੀ ਨਾ ਮੰਗ ਸਕੇ।

ਕਾਰ ਦੇ ਧੂੰਏਂ ਨਾਲ ਅੱਖਾਂ ਮਲਦਾ ਰੋਂਦਾ ਰੋਂਦਾ ਜਾਨੀ ਆਪਣੇ ਪਿਉ ਦੇ ਬੂਹੇ ਵੱਲ ਟੁਰ ਗਿਆ
ਤੇ ਮੈਂ ਬਾਹਰ ਨਿਕਲਿਆ। ਹੌਲੀ ਹੌਲੀ ਵਸਦੇ ਮੀਂਹ ਕੋਲੋਂ ਸਿਰ ਲੁਕਾਕੇ ਜਾਨੀ ਆਪਣੇ ਬੂਹੇ ਅੱਗੇ ਬਣੇ
ਪੌੜੀ ਦੇ ਦੂਜੇ ਦੰਦੇ ਉਤੇ ਗੋਡਿਆਂ 'ਚ ਸਿਰ ਦੇ ਕੇ ਰੋ ਰਿਹਾ ਸੀ। ਸਿਰ ਉੱਤੋਂ ਸਾਏ ਉਠ ਜਾਣ ਉੱਤੇ
ਨਿੱਕੇ ਨਿੱਕੇ ਛੌਰੇ ਛੱਪਰਾਂ ਥੱਲੇ ਸਿਰ ਲੁਕਾਉਣਾ ਪੈਂਦਾ ਏ।

ਮੈਂ ਕੋਲ ਬਹਿਕੇ ਉਹਦੇ ਸਿਰ ਉੱਤੇ ਹੱਥ ਰੱਖਿਆ ਤੇ ਓਸ ਨੇ ਮੇਰੇ ਹੱਥ ਨੂੰ ਵਗਾਹ ਕੇ ਮਾਰਿਆ।
ਉਹ ਖੌਰੇ ਸਾਰੇ ਜਹਾਨ ਨਾਲ ਰੁੱਸ ਗਿਆ ਸੀ। ਉਹਨੂੰ ਹੁਣ ਹਰ ਇਕ ਹੱਥ ਝੂਠਾ ਲਗਦਾ ਸੀ। ਜਿਹੜੇ
ਬਾਲ ਨਾਲ ਮਾਂ ਪਿਉ ਹੀ ਹੱਥ ਕਰ ਜਾਣ ਉਹ ਹੁਣ ਕਿਹੜੇ ਹੱਥ ਨਾਲ ਹੱਥ ਮਿਲਾਵੇਗਾ। ਮਾਂ ਵਰਗੀ
ਸ਼ੈਅ ਹੱਥ 'ਤੇ ਹੱਥ ਮਾਰ ਕੇ ਟੁਰ ਗਈ ਸੀ। ਮੈਂ ਜਾਨੀ ਨੂੰ ਬੁਲਾਇਆ ਚਲਾਇਆ, ਬੜਾ ਪਰਚਾਇਆ
ਪਰ ਉਹ ਪੁੱਠੇ ਹੱਥ 'ਤੇ ਹੱਥ ਨਹੀਂ ਸੀ ਰੱਖਣ ਦੇਂਦਾ। ਉਹ ਪਾਲੇ ਨਾਲ 'ਕੱਠਾ ਹੁੰਦਾ ਜਾਂਦਾ ਸੀ। ਮੈਂ
ਉਹਨੂੰ ਆਪਣੇ ਘਰ ਆਉਣ ਲਈ ਆਖਿਆ ਤੇ ਓਸ ਨੇ ਗੋਡਿਆਂ 'ਚੋਂ ਸਿਰ ਕੱਢ ਕੇ ਮੇਰੇ ਵੱਲ ਵੇ
ਖਿਆ। ਉਹਦੀਆਂ ਅੱਖਾਂ ਲਾਲ ਸੂਹੀਆਂ ਸਨ ...ਗੁੱਸੇ ਨਾਲ ਜਾਂ ਰੋ ਰੋ ਕੇ। ਉਹਦੀਆਂ ਅੱਖਾਂ 'ਚ ਬੜੇ

ਹੀ ਸਵਾਲ ਸਨ। ਉਹ ਮੈਨੂੰ ਆਖ ਰਿਹਾ ਸੀ, "ਹੁਣ ਤੂੰ ਮੈਨੂੰ ਕੀ ਦੇਵੇਂਗਾ? ਤੇਰੇ ਕੋਲੋਂ ਕਿਹੜੀ ਆਸ ਰੱਖਾਂ? ਏਥੇ ਕੌਣ ਕਿਸੇ ਦਾ ਕੁਝ ਲਗਦਾ ਈ? ਜਿੱਥੇ ਮਾਪੇ ਕੁਮਾਪੇ ਹੋ ਜਾਣ ਓਥੇ ਲੋਕਾਂ ਕੋਲੋਂ ਕੀ ਆਸ ਰੱਖਾਂ???? ਉਹਦੀ ਅੱਖ ਵਿਚ ਲਿਖੀਆਂ ਗੱਲਾਂ ਤੇ ਸੱਚੀਆਂ ਸਨ ਪਰ ਮੇਰੇ ਕੋਲੋਂ ਰਿਹਾ ਨਾ ਗਿਆ। ਮੈਂ ਬੂਹਾ ਖੜਕਾਇਆ ਤੇ ਬੜੇ ਲੰਮੇ ਲੰਮੇ ਸੂਟੇ ਲਾਉਂਦਾ ਮਾਰਟਨ ਬਾਹਰ ਆਇਆ। ਮੈਂ ਉਹਨੂੰ ਤਰਲਾ ਮਾਰਿਆ ਕਿ ਜਾਨੀ ਨੂੰ ਅੰਦਰ ਖੜਕੇ ਰੋਟੀ-ਟੁੱਕ ਪੁੱਛੇ ਤੇ ਨਾਲੇ ਉਹ ਸ਼ੁਹਦਾ ਪਾਲੇ ਨਾਲ ਪਿਆ ਠਰਦਾ ਏ। ਮਾਰਟਨ ਨੇ ਆਪਣਾ ਸਿਗਰਟ ਪੈਰ ਥੱਲੇ ਮਲ ਕੇ ਆਖਿਆ, "ਤੈਨੂੰ ਨਹੀਂ ਪਤਾ ਮਿਸਟਰ ਮਲਿਕ ਉਹ ਕੁੱਤੀ ਇਹਨੂੰ ਕਿਉਂ ਛੱਡ ਗਈ ਏ। ਉਹ ਚਾਹੁੰਦੀ ਏ ਮੇਰੇ ਵਖਤਾਂ ਵਿਚ ਵਾਧਾ ਹੋਵੇ। ਉਹ ਜਾਨੀ ਨੂੰ ਮੇਰੇ ਗਲ ਪਾ ਕੇ ਆਪਣੇ ਗਲੋਂ ਬਲਾ ਲਾਹ ਗਈ ਏ। ਤੇ ਨਾਲੇ ਉਹ ਆਪਣੇ ਯਾਰ ਨਾਲ ਖੁਲ੍ਹ ਡੁਲ੍ਹ ਕੇ ਮੌਜਾਂ ਲੁੱਟਣ ਲਈ ਜਾਨੀ ਦਾ ਭਾਰ ਮੇਰੇ ਮੋਢਿਆਂ 'ਤੇ ਸੁੱਟ ਗਈ ਏ। ਮੈਂ ਨੌਕਰੀ ਕਰਾਂਗਾ ਕਿ ਜਾਨੀ ਨੂੰ ਉਂਗਲ ਲਾਕੇ ਲਈ ਫਿਰਾਂਗਾ"।

ਮਾਰਟਨ ਦੀਆਂ ਇਹ ਗੱਲਾਂ ਸੁਣ ਕੇ ਮੈਨੂੰ ਦੁੱਖ ਤੇ ਹੋਇਆ ਪਰ ਮੇਰੇ ਅੰਦਰ ਏਸ਼ੀਆ ਦੀ ਮਿੱਟੀ ਦਾ ਬਣਿਆ ਹੋਇਆ ਦਿਲ ਤੜਫ ਤੜਫ ਜਾਂਦਾ ਸੀ। ਮੈਂ ਆਖਿਆ ਵੇਖ ਮਾਰਟਨ ਰੋਜ਼ੀ ਤੇ ਮੰਦਾ ਕਰ ਗਈ ਏ ਪਰ ਜਾਨੀ ਨੇ ਕਿਹੜਾ ਕਸੂਰ ਕੀਤਾ ਏ ਜੀਹਦੇ ਲਈ ਤੁਸਾਂ ਸਾਰੇ ਬੂਹੇ ਢੋ ਲਏ ਨੇ। ਮਾਰਟਨ ਨੇ ਬੋਝੇ 'ਚੋਂ ਨਵਾਂ ਸਿਗਰਟ ਕੱਢਕੇ ਬੜੇ ਗੁੱਸੇ ਨਾਲ ਤੀਲ੍ਹੀ ਬਾਲੀ। ਲੰਮੇ ਲੰਮੇ ਸੂਟੇ ਲਾ ਕੇ ਆਖਣ ਲੱਗਾ, "ਜੇ ਇਹਨੂੰ ਜੰਮਣ ਵਾਲੀ ਕੁੱਤੀ ਛੱਡਕੇ ਯਾਰ ਨਾਲ ਨੱਸ ਗਈ ਏ ਤੇ ਮੇਰੇ 'ਤੇ ਕਾਹਦਾ ਭਾਰ ਈ। ਮੈਂ ਏਸਨੂੰ ਕਿੱਥੇ ਖਿੱਚੀ ਫਿਰਾਂ। ਬੜੀ ਹੱਦ ਏ ਇਹਨੂੰ ਸੋਸ਼ਲ ਸਰਵਿਸ ਵਾਲਿਆਂ ਦੇ ਹਵਾਲੇ ਕਰ ਦੇਵਾਂਗਾ। ਤੇ ਜੇ ਤੈਨੂੰ ਬੜਾ ਹੀ ਹੇਜ ਮਾਰਦਾ ਏ ਤੇ ਮੇਰੇ ਕੋਲੋਂ ਹਫਤੇ ਦੇ ਸੱਤ ਪੌਂਡ ਲੈ ਕੇ ਆਪਣੇ ਘਰ ਰੱਖ ਲਉ"। ਮੈਂ ਆਖਿਆ ਮਾਰਟਨ ਗੱਲ ਘਰ ਰੱਖਣ ਦੀ ਨਹੀਂ, ਗੱਲ ਤੇ ਇਹ ਹੈ ਕਿ ਮਾਂ ਪਿਉ ਤੋਂ ਵੱਖਰਾ ਹੋ ਕੇ ਬਾਲ ਵਿਚਾਰਾ ਵਰਾਨ ਹੋ ਜਾਂਦਾ ਏ ਤੇ ਸਮਾਜੀ ਨਿਗਰਾਨੀ ਤੋਂ ਵਾਂਝਿਆ ਜਾਂਦਾ ਏ।

ਮਾਰਟਨ ਨੇ ਸਿਗਰਟ ਦੇ ਧੂੰਏਂ ਦਾ ਗੋਲਾ ਛੱਡਿਆ ਤੇ ਨਿੰਮ ਦੇ ਪੱਤੇ ਵਰਗਾ ਹੱਸਕੇ ਆਖਣ ਲੱਗਾ, "ਕਿਹੜੇ ਜ਼ਮਾਨੇ ਦੀਆਂ ਗੱਲਾਂ ਕਰਨਾ ਏਂ ਮਿਸਟਰ ਮਲਿਕ? ਮੈਂ ਅਜੇ ਤੀਕਰ ਆਪਣੇ ਪਿਉ ਨੂੰ ਨਹੀਂ ਵੇਖਿਆ। ਤੇ ਕੀ ਮੈਂ ਜਿਉਂਦਾ ਨਹੀਂ? ਮੈਂ ਖਾਂਦਾ ਪੀਂਦਾ ਹਾਂ। ਦੱਸ ਮੇਰੇ ਵਿਚ ਕਿਹੜਾ ਘਾਟਾ ਏ? ਅਤੇ ਰੋਜ਼ੀ ਦੇ ਮਾਂ ਪਿਉ ਛੱਡਕੇ ਆਸਟਰੇਲੀਆ ਚਲੇ ਗਏ ਸਨ। ਰੋਜ਼ੀ ਦੀ ਨਾਨੀ ਨੇ ਹਕੂਮਤ ਕੋਲੋਂ ਪੈਸੇ ਲੈ ਕੇ ਓਸ ਨੂੰ ਪਾਲਿਆ ਸੀ। ਜਦੋਂ ਉਹ ਮੇਰੀ ਗਰਲ ਫਰੈਂਡ ਬਣੀ ਸੀ ਉਹਦੀ ਉਮਰ ਤੇਰਾਂ ਸਾਲ ਸੀ। ਕੀ ਰੋਜ਼ੀ ਮਰ ਗਈ ਏ? ਅੱਜ ਉਹ ਤੀਜੇ ਖਾਵੰਦ ਦੀ ਗੋਦ 'ਚ ਬੈਠੀ ਹੂਟੇ ਲੈ ਰਹੀ ਏ। ਉਹਦਾ ਮਾਂ ਪਿਉ ਕਿਹੜਾ ਉਹਦੀ ਪੀਂਘ ਤੋੜ ਗਿਆ ਸੀ। ਇਹ ਐਵੇਂ ਗੱਲਾਂ ਹੀ ਹੁੰਦੀਆਂ ਨੇ ਜਿਹੜੇ ਤੁਹਾਡੇ ਜਿਹੇ ਏਸ਼ੀਅਨ ਲੋਕ ਸੋਚਾਂ ਦੇ ਦੰਦਾਂ ਥੱਲੇ ਲੈ ਕੇ ਚਿਥਦੇ ਰਹਿੰਦੇ ਨੇ।

ਮੈਨੂੰ ਪਤਾ ਲੱਗ ਗਿਆ ਕਿ ਮੇਰੇ ਤੇ ਮਾਰਟਨ ਦੀਆਂ ਸੋਚਾਂ ਦੇ ਵੱਖਰੇ ਵੱਖਰੇ ਭੇਡੂ ਵੱਖਰੇ ਵੱਖਰੇ ਵਾੜਿਆਂ ਵਿਚੋਂ ਬਾਹਰ ਨਿਕਲ ਆਏ ਤੇ ਮਾਰਟਨ ਦੇ ਭੇਡੂ ਨੇ ਮੇਰੇ ਭੇਡੂ ਦਾ ਸਿੰਗ ਤੋੜ ਦੇਣਾ ਏ। ਮੈਂ ਖੌਰੂ ਪਾਉਂਦੇ ਮਾਰਟਨ ਕੋਲੋਂ ਪਿਛਾਂਹ ਹਟਕੇ ਖਲੋ ਗਿਆ ਤੇ ਉਹ ਮੈਨੂੰ ਹੰਭਿਆ ਹੋਇਆ ਵੇਖਕੇ ਆਖਣ ਲੱਗਾ, "ਆ ਗਈ ਊ ਨਾ ਮੇਰੀ ਗੱਲ ਦੀ ਸਮਝ ਮਿਸਟਰ ਮਲਿਕ"? ਸਮਝ ਮੈਨੂੰ ਕੀ ਆਉਣੀ ਸੀ। ਮੈਂ ਤੇ ਉਹਦੀ ਬੇਸਮਝੀ 'ਤੇ ਰੋ ਰਿਹਾ ਸੀ। ਇਹ ਗੱਲ ਆਖਕੇ ਮਾਰਟਨ ਨੇ ਆਪਣਾ ਬੂਹਾ ਮਾਰਿਆ ਤੇ ਮੈਨੂੰ ਬਾਈ ਬਾਈ ਕਰਦਾ ਕਿਸੇ ਪਾਸੇ ਵਗ ਗਿਆ। ਰਾਣੀ ਕੋਲੋਂ ਡਰਦਾ ਡਰਦਾ ਮੈਂ ਜਾਨੀ ਨੂੰ ਆਪਣੇ ਅੰਦਰ ਲੈ ਕੇ ਵੜਿਆ ਤੇ ਰਾਣੀ ਦਾ ਕਲੇਜਾ ਬਾਹਰ ਆ ਗਿਆ। ਰਾਣੀ ਨੇ ਜਾਨੀ ਦੇ ਸਿਰ 'ਤੇ ਪਿਆਰ ਦਿੱਤਾ ਤੇ ਕੋਲ ਬਿਠਾਕੇ ਉਹਦੇ ਅੱਗੇ ਰੋਟੀ ਸਾਲਣ ਤੇ ਗਜਰੇਲਾ ਰੱਖਿਆ। ਜਾਨੀ ਨੇ ਰੋਟੀ ਨਾਲ ਗਜਰੇਲੇ ਦਾ ਸਾਲਣ ਬਣਾਕੇ ਬੁਰਕੀ ਲਾਈ ਤੇ ਮੈਂ ਪਿਛਾਂਹ ਮੂੰਹ ਕਰਕੇ ਹੱਸ ਪਿਆ। ਜਾਨੀ



ਨੂੰ ਕੜ੍ਹੀ ਬਾਰੇ ਸਮਝਾਇਆ ਤੇ ਓਸ ਨੇ ਕੜ੍ਹੀ ਦਾ ਚਮਚਾ ਖਾ ਕੇ ਪਿੱਛੋਂ ਰੋਟੀ ਦੀ ਬੁਰਕੀ ਖਾਧੀ। ਤੇ ਆਹਲਣੇ 'ਚੋਂ ਡਿੱਗੇ ਹੋਏ ਬੋਟ ਨੂੰ ਰਾਣੀ ਰੋਟੀ ਖਾਣ ਦੀ ਜਾਚ ਸਿਖਾਣ ਲੱਗੀ ਤੇ ਜਾਨੀ ਨੂੰ ਮਿਰਚਾਂ ਨਾਲ ਹੱਥੂ ਆ ਗਿਆ। ਅਖੀਰ ਉਸ ਨੇ ਗਜਰੇਲੇ ਨਾਲ ਟੀਮ ਟੀਮ ਕੇ ਰੋਟੀ ਖਾ ਲਈ।

ਦੋ ਤਿੰਨ ਦਿਹਾੜੇ ਲੰਘ ਗਏ। ਮਾਰਟਨ ਪਤਾ ਨਹੀਂ ਕਿਹੜੇ ਵੇਲੇ ਆਉਂਦਾ ਤੇ ਕਿਹੜੇ ਵੇਲੇ ਜਾਂਦਾ ਸੀ। ਜਾਨੀ ਸਾਰੀ ਦਿਹਾੜੀ ਤੇ ਬਾਲਾਂ ਨਾਲ ਖੇਡਕੇ ਲੰਘਾ ਲੈਂਦਾ ਪਰ ਰਾਤ ਨੂੰ ਖੌਰੇ ਡੈਣਾਂ ਵਰਗੀ ਮਾਂ ਯਾਦ ਆਉਂਦੀ ਤੇ ਵਿਚਾਰਾ ਫਿੱਸ ਪੈਂਦਾ ਸੀ। ਸਾਡੇ ਕੋਲ ਉਹਦੇ ਲਈ ਤਰਸ ਰਹਿਮ ਅਫਸੋਸ ਅਤੇ ਰੰਜ ਤੋਂ ਵੱਖ ਕੁਝ ਵੀ ਨਹੀਂ ਸੀ।

ਅਸਾਂ ਰਾਤ ਨੂੰ ਫੋਨ ਕੀਤਾ ਤੇ ਰੋਜ਼ੀ ਦੇ ਨਵੇ ਲਾੜੇ ਨੇ ਚੁੱਕਿਆ। ਮੇਰੀ ਪੁੱਛ ਪਰਤੀਤ ਪਿੱਛੋਂ ਉਹਨੇ ਰੋਜ਼ੀ ਨਾਲ ਮੇਰੀ ਗੱਲ ਕਰਵਾਈ। ਮੈਂ ਰੋਜ਼ੀ ਨੂੰ ਜਾਨੀ ਦਾ ਦੁੱਖ ਭਰਿਆ ਹਾਲ ਸੁਣਾਕੇ ਉਹਦੀ ਕੁੱਖ ਨੂੰ ਮਮਤਾ ਦਾ ਸੇਕਾ ਲਾਉਣ ਦਾ ਚਾਰਾ ਕੀਤਾ। ਪਹਿਲਾਂ ਤੇ ਉਹ ਬੜੀ ਚਿਲਕੀ ਅਤੇ ਮਾਰਟਨ ਨੂੰ ਮੋਟੀਆਂ ਮੋਟੀਆਂ ਗਾਲ੍ਹਾਂ ਕੱਢੀਆਂ ਪਰ ਜਜ਼ਬਾਤ ਦੀ ਤੇਜ਼ ਧਾਰ ਉਤੇ ਲੱਗੀਆਂ ਮੇਰੀਆਂ ਗੱਲਾਂ ਨੇ ਭੋਰਾ ਕੁ ਵਾਢ ਪਾਈ ਤੇ ਕੁੱਖ ਦੀ ਕਿਸੇ ਨੁੱਕਰੋਂ ਕੋਈ ਸੋਮਾ ਸਿੰਮਿਆ। - ਰੋਜ਼ੀ ਆ ਕੇ ਜਾਨੀ ਨੂੰ ਲੈ ਗਈ।

ਕੋਈ ਡੇਢ ਕੁ ਮਹੀਨੇ ਪਿੱਛੋਂ ਸਾਡਾ ਬੂਹਾ ਫੇਰ ਖੜਕਿਆ ਤੇ ਬਾਹਰ ਜਾਨੀ ਖੜੋਤਾ ਰੋ ਰਿਹਾ ਸੀ। ਪਿਆਰ ਦੇ ਕੇ ਅੰਦਰ ਲੈ ਗਏ। ਹਾਲ ਚਾਲ ਪੁੱਛਿਆ। ਪਾਣੀ ਪਿਆਇਆ ਤੇ ਉਹਦੇ ਅੱਗੇ ਬਿਸਕੁਟ ਰੱਖੇ। ਰੋਣ ਦਾ ਕਾਰਨ ਪੁੱਛਿਆ ਤੇ ਓਸ ਦੱਸਿਆ ਪਈ ਮਾਈਕਲ (ਰੋਜ਼ੀ ਦਾ ਦੂਜਾ ਖਸਮ) ਉਹਨੂੰ ਰੋਜ਼ ਮਾਰਦਾ ਏ। ਜਾਨੀ ਵਿਚਾਰਾ ਦੂਜੇ ਪਿਉ ਦੀ ਮਾਰ ਖਾ ਕੇ ਆਪਣੇ ਪਹਿਲੇ ਪਿਉ ਦੇ ਸੁੱਕੇ ਹੋਏ ਟਹਿਣਿਆਂ ਦੀ ਛਾਵੇਂ ਬੈਠਣ ਆਇਆ ਸੀ। ਪਰ ਜਦੋਂ ਮੈਂ ਦੱਸਿਆ ਕਿ ਮਾਰਟਨ ਤੇ ਆਪਣਾ ਮਕਾਨ ਵੇਚਕੇ ਕਿਧਰੇ ਟੁਰ ਗਿਆ ਏ ਤਾਂ ਜਾਨੀ ਦੀ ਆਖਰੀ ਆਸ ਵੀ ਕੜੱਕ ਕਰਕੇ ਟੁੱਟ ਗਈ। ਉਹਦੇ ਲਈ ਸਾਰੀਆਂ ਰਾਹਵਾਂ ਬੰਦ ਹੋ ਗਈਆਂ ਤੇ ਉਹ ਫੁੱਟ-ਫੁੱਟ ਕੇ ਰੋਇਆ। ਅਸੀਂ ਉਹਨੂੰ ਫੜਦੇ ਰਹਿ ਗਏ ਪਰ ਉਹ ਰੋਂਦਾ ਰੋਂਦਾ ਬਾਹਰ ਨਿਕਲ ਗਿਆ ਤੇ ਮੁੜ ਉਹ ਅਸਾਂ ਨੂੰ ਕਦੀ ਨਜ਼ਰ ਨਾ ਆਇਆ...ਕਿਧਰੇ ਨਾ ਟੱਕਰਿਆ।

ਬੜੇ ਹੀ ਵਰ੍ਹੇ ਲੰਘ ਗਏ। ਵੇਲਾ ਕਿਧਰੇ ਦਾ ਕਿਧਰੇ ਚਲਾ ਗਿਆ। ਨਿੱਕੇ ਵੱਡੇ ਅਤੇ ਵੱਡੇ ਬੁੱਢੇ ਹੋ ਗਏ। ਵੇਲੇ ਨੇ ਮੇਰੀਆਂ ਅੱਖਾਂ ਨੂੰ ਐਨਕ ਲੁਆ ਦਿੱਤੀ। ਜਦੋਂ ਬੰਦੇ ਨੂੰ ਅੱਗੋਂ ਕੁਝ ਵੀ ਨਹੀਂ ਦਿਸਦਾ ਤਾਂ ਅੱਖੀਆਂ ਵੀ ਮਾੜੀਆਂ ਹੋ ਜਾਂਦੀਆਂ ਨੇ।

ਮੈਂ ਇਕ ਬੱਸ ਸਟਾਪ ਦੇ ਫੱਟੇ 'ਤੇ ਬੈਠਾ ਬੱਸ ਉਡੀਕ ਰਿਹਾ ਸਾਂ ਕਿ ਮੇਰੇ ਸੱਜੇ ਪਾਸੇ ਇਕ ਗੱਭਰੂ ਬੈਠਾ ਸਿਗਰਟ ਨਾਲ ਸਿਗਰਟ ਫੂਕ ਰਿਹਾ ਸੀ। ਉਹਦੇ ਗਲ ਸੋਨੇ ਦੀਆਂ ਮੋਟੀਆਂ ਮੋਟੀਆਂ ਸੰਗਲੀਆਂ ਸਨ। ਕੰਨਾਂ ਵਿਚ ਮੁਰਕੀਆਂ ਤੇ ਉਂਗਲਾਂ ਵਿਚ ਘੱਟੋ ਘੱਟ ਅੱਠ ਛਾਪਾਂ। ਉਹਦੀ ਖੱਬੀ ਗੱਲ੍ਹ 'ਤੇ ਇਕ ਵੱਡਾ ਸਾਰਾ ਫੱਟ ਦਾ ਨਿਸ਼ਾਨ ਸੀ ਜਿਵੇਂ ਕਦੇ ਚਾਕੂ ਵੱਜਾ ਹੋਵੇ। ਕਦੀ ਕਦੀ ਉਹ ਐਵੇਂ ਹੀ ਜ਼ੋਰ ਨਾਲ ਕੰਧ ਨੂੰ ਠੁੱਡ ਮਾਰ ਦੇਂਦਾ ਸੀ ਤੇ ਬੱਸ ਨੂੰ ਗੰਦੀ ਜਿਹੀ ਗਾਲ੍ਹ ਕੱਢਦਾ ਸੀ। ਸ਼ਾਇਦ ਇੰਤਜ਼ਾਰ ਉਹਦੇ ਵੱਸ 'ਚ ਨਹੀਂ ਸੀ। ਮੈਨੂੰ ਉਹਦੀਆਂ ਹਰਕਤਾਂ ਕੋਲੋਂ ਡਰ ਆਇਆ ਤੇ ਉਹਦੇ ਵੱਲ ਬਣਾ ਕੇ ਵੇਖਿਆ। ਉਹਨੇ ਵੀ ਮੇਰੇ ਵੱਲ ਧਿਆਨ ਕੀਤਾ ਤੇ ਮੇਰੇ ਮੋਢੇ 'ਤੇ ਹੱਥ ਰੱਖਕੇ ਨਾਅਰਾ ਜਿਹਾ ਮਾਰਿਆ। ਮੈਂ ਡਰ ਗਿਆ ਤੇ ਓਸ ਨੇ ਹੱਸਕੇ ਆਖਿਆ, "ਓਏ ਤੂੰ ਮੈਨੂੰ ਨਹੀਂ ਪਛਾਣਦਾ"? ਮੈਂ ਅਜੇ ਐਨਕ ਹੀ ਸਿੱਧੀ ਕਰ ਰਿਹਾ ਸਾਂ ਤੇ ਓਸ ਨੇ ਮੇਰੇ ਦੂਜੇ ਮੋਢੇ 'ਤੇ ਬਦਤਮੀਜ਼ ਜਿਹਾ ਧੱਫਾ ਮਾਰਕੇ ਆਖਿਆ, "ਮੈਂ ਤੇਰਾ ਗੁਆਂਢੀ ਜਾਨੀ ਹਾਂ"। ਉਹਦੇ ਵੱਲ ਵੇਖਕੇ ਮੈਨੂੰ ਚਾਅ ਚੜ੍ਹ ਗਿਆ। ਮੈਂ ਜਜ਼ਬਾਤੀ ਜਿਹਾ ਹੋ ਗਿਆ। ਮੇਰੀਆਂ ਅੱਖਾਂ ਵਿਚ ਅੱਥਰੂ ਆਉਣ ਪੈਂਦੇ ਸਨ ਪਰ ਜਾਨੀ ਨੇ ਮੇਰੇ

ਛੇਤੀ ਹੀ ਚਾਅ ਲਾਹ ਦਿੱਤੇ। ਮੈਂ ਉਹਨੂੰ ਆਖਿਆ ਸੁਣਾ ਰੋਜ਼ੀ ਦਾ ਕੀ ਹਾਲ ਈ? ਉਹਨੇ ਸਿਗਰਟ ਨੂੰ ਬੂਟ ਥੱਲੇ ਮਿੱਧਕੇ ਗੁੱਸੇ ਨਾਲ ਥੁੱਕਿਆ ਤੇ ਵੱਡੀ ਸਾਰੀ ਗਾਲ੍ਹ ਕੱਢਕੇ ਆਖਿਆ, "ਕੋਈ ਹੋਰ ਗੱਲ ਕਰ, ਮੈਨੂੰ ਕੀ ਪਤਾ ਏ ਓਸ ਕੁੱਤੀ ਦਾ"। ਮੈਂ ਸਿਆਣਾ ਬਿਆਣਾ ਅਲਸੇਸ਼ਨ ਬਣਕੇ ਆਖਿਆ ਮਾਂ ਪਿਉ ਨੂੰ ਇੰਝ ਨਹੀਂ ਆਖੀਦਾ ਜਾਨੀ। ਜਾਨੀ ਜ਼ੋਰ ਨਾਲ ਹੱਸਿਆ ਤੇ ਸਿਗਰਟ ਲਾ ਕੇ ਆਖਣ ਲੱਗਾ, "ਮਿਸਟਰ ਮਲਿਕ ਜੇ ਰੋਜ਼ੀ ਤੈਨੂੰ ਚੰਗੀ ਲਗਦੀ ਏ ਤਾਂ ਤੂੰ ਓਸ ਨੂੰ ਮਾਂ ਬਣਾ ਲੈ। ਉਹ ਤੈਨੂੰ ਚਾਰ ਪੰਜ ਪਿਉ ਵੀ ਦੇਵੇਗੀ। ਇਹ ਗੱਲਾਂ ਸੁਣਕੇ ਮੇਰੇ ਕੋਲ ਪੁੱਛਣ ਲਈ ਰਹਿ ਕੁਝ ਨਾ ਗਿਆ ਤੇ ਉਹ ਆਪੇ ਹੀ ਆਪਣੇ ਗਲ ਪਏ ਮੋਟੇ ਮੋਟੇ ਸੋਨੇ ਦੇ ਹਾਰਾਂ ਨੂੰ ਹੱਥ ਲਾਕੇ ਆਖਣ ਲੱਗਾ, "ਵੇਖ ਮਿਸਟਰ ਮਲਿਕ ਇਹ ਹਾਰ ਮੈਂ ਏਸ਼ੀਅਨ ਕੁੜੀਆਂ ਦੇ ਗਲਾਂ ਵਿਚੋਂ ਖਿੱਚੇ ਨੇ। ਹੈ ਕਿਸੇ ਦੀ ਜੁਰਅਤ ਮੈਨੂੰ ਡੱਕੇ। ਤੂੰ ਵੀ ਹਿੰਮਤ ਕਰਿਆ ਕਰ। ਹੱਯਾਤੀ ਨੂੰ ਰੰਗੀਨ ਕਰਨਾ ਈ ਤਾਂ ਮੇਰੇ ਬੋਝੇ ਵਿਚ ਸੂਟਾ ਵੀ ਹੈ ਈ। ਕੋਈ ਵੀ. ਸੀ. ਆਰ. ਟੀਵੀ ਕੈਮਰਾ ਸਸਤਾ ਚਾਹੀਦਾ ਏ ਤੇ ਦੱਸ, ਮੈਂ ਰਾਤੀਂ ਤੇਰੇ ਘਰ ਪੁਚਾ ਦੇਵਾਂਗਾ। ਮੌਜਾਂ ਕਰਿਆ ਕਰ ਮਿਸਟਰ ਮਲਿਕ ਮੌਜਾਂ।

ਏਨੇ ਚਿਰ 'ਚ ਬੱਸ ਆ ਗਈ ਤੇ ਅਸੀਂ ਦੋਵੇਂ ਬੱਸ 'ਚ ਵੜਕੇ ਇਕ ਹੀ ਸੀਟ 'ਤੇ ਬਹਿ ਗਏ। ਬੱਸ ਡਰਾਈਵਰ ਨੇ ਜਾਨੀ ਨੂੰ ਸਿਗਰਟ ਪੀਣ ਤੋਂ ਡੱਕਿਆ ਤੇ ਉਹਨੇ ਡਰਾਈਵਰ ਨੂੰ ਮੋਟੀ ਸਾਰੀ ਗਾਲ੍ਹ ਕੱਢੀ। ਡਰਾਈਵਰ ਔਖਾ ਹੋਇਆ ਤੇ ਜਾਨੀ ਨੇ ਸਿਗਰਟ ਬਾਹਰ ਸੁੱਟਕੇ ਜ਼ੋਰ ਨਾਲ ਸ਼ੀਸ਼ੇ ਨੂੰ ਮੁੱਕੀ ਮਾਰੀ। ਸਾਰੀ ਬੱਸ ਤ੍ਰਭਕ ਗਈ। ਮੈਂ ਫੇਰ ਵਡੇਰਾ ਬਣਕੇ ਜਾਨੀ ਨੂੰ ਆਖਿਆ, ਵੇਖ ਜਾਨੀ ਤੂੰ ਚੰਗਾ ਭਲਾ ਗੱਭਰੂ ਏਂ। ਇੰਝ ਦੇ ਕੰਮ ਛੱਡ ਦੇ ਤੇ ਏਸ ਸੁਸਾਇਟੀ ਅਤੇ ਸਮਾਜ ਵਿਚ ਇੱਜ਼ਤ ਦੀ ਜ਼ਿੰਦਗੀ ਗੁਜ਼ਾਰਨ ਦੀ ਕੋਸ਼ਿਸ਼ ਕਰ। ਇੰਝ ਕਰੇਂਗਾ ਤੇ ਇਹ ਜਹਾਨ ਤੈਨੂੰ ਕੀ ਆਖੇਗਾ। ਉਹ ਕੁੜੱਤਣ ਭਰੇ ਹਾਸੇ ਨਾਲ ਮੇਰੇ ਨੱਕ 'ਤੇ ਉਂਗਲ ਰੱਖਕੇ ਆਖਣ ਲੱਗਾ, "ਮਿਸਟਰ ਮਲਿਕ ਤੂੰ ਕਦੀ ਕਿਸੇ ਕੁੜੀ ਗਲੋਂ ਹਾਰ ਖਿੱਚਿਆ ਏ? ਕਦੀ ਸੂਟਾ ਲਾਇਆ ਈ? ਕਦੀ ਕਾਰ ਚੁੱਕੀ ਆ? ਕਦੀ ਕਿਸੇ ਦਾ ਦੰਦ ਤੋੜਕੇ ਚਾਕੂ ਮਰਵਾਇਆ ਈ? ਕਦੀ ਜੇਲ੍ਹ ਦੀਆਂ ਮੌਜਾਂ ਵੇਖੀਆਂ ਨੀ??? ਤੂੰ ਕੁਝ ਨਹੀਂ ਵੇਖਿਆ। ਤੂੰ ਜਨਾਨੀ ਵਾਲੀ ਸਲਵਾਰ ਪਾ ਕੇ ਸਿਰ ਉਤੇ ਲੀੜਾ ਲੈ ਕੇ ਆਟਾ ਗੁੰਨ੍ਹਿਆ ਕਰ ਤੇ ਭਾਂਡੇ ਧੋਇਆ ਕਰ। ਮਰਦ ਬਣਕੇ ਵੇਖ ਮਿਸਟਰ ਮਲਿਕ ਮਰਦ। ਤੈਨੂੰ ਜੇ ਜਿਉਣਾ ਨਹੀਂ ਆਉਂਦਾ ਤਾਂ ਮੈਨੂੰ ਮਰਨ ਦੀਆਂ ਮੱਤਾਂ ਨਾ ਦੇ। ਮਿਸਟਰ ਮਲਿਕ ਤੇਰੇ ਜਿਹੇ ਸ਼ਰੀਫਾਂ ਨੇ ਹੀ ਸਾਰਾ ਵਿਗਾੜ ਪਾਇਆ ਏ। ਇਹ ਸ਼ਰਾਫਤ ਤੂੰ ਆਪਣੇ ਕੋਲ ਢਕੀ ਰਹਿਣ ਦੇ"। ਇਹ ਆਖਕੇ ਉਸ ਦੋ ਤਿੰਨ ਵਾਰ ਥੁੱਕਿਆ ਤੇ ਫਿਰ ਜ਼ੋਰ ਜ਼ੋਰ ਨਾਲ ਬਾਚੀਆਂ ਨਾਲ ਚਿੱਥਣ ਲੱਗ ਪਿਆ। ਮੈਂ ਫੇਰ ਕੁਝ ਆਖਣ ਹੀ ਲੱਗਾ ਸਾਂ ਤਾਂ ਓਸ ਨੇ "ਸ਼ਟਅੱਪ" ਆਖਕੇ ਮੇਰੀ ਠੋਡੀ ਉੱਚੀ ਕਰਕੇ ਆਖਿਆ, "ਇਹ ਸੁਸਾਇਟੀ ਕੀ ਹੁੰਦੀ ਏ? ਕਿਹੜੇ ਸਮਾਜ ਦੀ ਗੱਲ ਕਰਨਾ ਏਂ? ਕਿਸਰਾਂ ਦਾ ਮੁਆਸ਼ਰਾ ਮੰਗਨਾ ਏਂ ਤੂੰ? ਕੀਹਨੂੰ ਆਖਦੇ ਨੇ ਜਹਾਨ? ਦੁਨੀਆ ਦਾ ਕੁਝ ਵੇਖਣਾ ਏਂ ਤੇ ਮੇਰੇ ਨਾਲ ਚੱਲ। ਇਕ ਅਜਿਹੇ ਜਹਾਨ ਵਿਚ ਲੈ ਕੇ ਚੱਲਾਂ ਜਿੱਥੇ ਜੀਵਨ ਦੀ ਜਾਚ ਆਉਂਦੀ ਹੈ"। ਉਹਨੇ ਮੇਰਾ ਮੂੰਹ ਮਰੋੜਕੇ ਆਪਣੇ ਵੱਲ ਕੀਤਾ। ਉਹਦੀਆਂ ਅੱਖੀਆਂ ਲਾਲ ਸੂਹੀਆਂ ਹੋ ਗਈਆਂ ਸਨ। ਆਖਣ ਲੱਗਾ, "ਤੂੰ ਮੈਨੂੰ ਮੇਰੀ ਮਾਂ ਵਰਗੀ ਸੁਸਾਇਟੀ ਅਤੇ ਮੇਰੇ ਪਿਉ ਵਰਗਾ ਸਮਾਜ ਦੇਣ ਦੀਆਂ ਮੱਤਾਂ ਦੇਨਾ ਏਂ"? ਉਹ ਮੇਰਾ ਗਲਮਾ ਫੜਕੇ ਮੇਰੇ ਵੱਲ ਉਂਗਲ ਕਰ ਕੇ ਆਖਣ ਲੱਗਾ, "ਅੱਜ ਮੈਂ ਸਮਾਜ ਦੇ ਪੈਰ ਥੱਲਿਉਂ ਨਿਕਲ ਕੇ ਆਪਣੇ ਪੈਰਾਂ 'ਤੇ ਖਲੋਤਾ ਹਾਂ। ਸੁਸਾਇਟੀ ਕੋਲੋਂ ਜਾਨ ਬਚਾ ਕੇ ਜਿਉਂਦਾ ਜਾਗਦਾ ਜਹਾਨ ਬਣ ਗਿਆ ਹਾਂ ਤੇ ਤੂੰ ਮੈਨੂੰ ਸਮਾਜ ਦੇ ਤਾਅਨੇ ਦੇਣ ਲੱਗਾ ਏਂ? ਫੋਕਾ ਲੱਗਦਾ ਏ ਸਮਾਜ। ਕੌਣ ਹੁੰਦਾ ਏ ਜਹਾਨ...ਯੱਧਾ ਸਮਾਜ ਦਾ। ਮੇਰਾ ਹੀ ਨਾਂ ਜਹਾਨ ਹੈ"। ਇਹ ਆਖਕੇ ਉਹ ਹੌਲੀ ਹੌਲੀ ਟੁਰਦੀ ਬੱਸ ਵਿਚੋਂ ਛਾਲ ਮਾਰਕੇ ਉਤਰ ਗਿਆ। ❑❑

[43 Oakland Road, London E15 2AN, U.K.]



# ਘੁੰਮਣਘੇਰ

ਹਰਪ੍ਰੀਤ ਸੇਖਾ

ਖਾਲੀ ਘਰ ਡਿੰਪਲ ਨੂੰ ਭਾਂਅ-ਭਾਂਅ ਕਰਦਾ ਲੱਗਾ। ਬੱਚਿਆਂ ਦੇ ਸਕੂਲ ਵਿਚ ਛੁੱਟੀਆਂ ਹੋਣ ਕਰਕੇ ਉਸਦੇ ਮਾਸੜ ਜਗਜੀਤ ਨੇ ਉਸ ਦੀ ਮਾਸੀ ਮਨਜੀਤ ਤੋਂ ਵੀ ਕੰਮ 'ਤੇ ਦੋ ਦਿਨਾਂ ਦੀ ਛੁੱਟੀ ਕਰਵਾ ਕੇ ਕੱਲ੍ਹ ਬੱਚਿਆਂ ਦੇ ਨਾਲ ਆਪਣੇ ਮਾਂ-ਪਿਓ ਕੋਲ ਵਿਕਟੋਰੀਆ ਭੇਜ ਦਿੱਤਾ ਸੀ। ਡਿੰਪਲ ਨੇ ਵੀਕਐਂਡ 'ਤੇ ਆਪਣੇ ਮਾਸੜ ਜੀ ਦੇ ਨਾਲ ਜਾ ਕੇ ਉਨ੍ਹਾਂ ਨੂੰ ਲੈ ਆਉਣਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਇਸ ਬਹਾਨੇ ਡਿੰਪਲ ਵੀ ਵਿਕਟੋਰੀਆ 'ਚ ਵੈਕਸ ਮਿਊਜ਼ੀਅਮ ਵੇਖ ਲਵੇਗੀ। ਪੰਜ ਮਹੀਨੇ ਹੋ ਚੱਲੇ ਸਨ ਉਸ ਨੂੰ ਸਰੀ ਆਇਆਂ ਪਰ ਹਾਲੇ ਤਕ ਉਸ ਨੇ ਇਥੋਂ ਦਾ ਕੁਝ ਵੀ ਨਹੀਂ ਸੀ ਵੇਖਿਆ ਸਿਵਾਏ ਉਸ ਕਾਲਿਜ ਦੇ ਜਿੱਥੇ ਉਹ ਬਿਜ਼ਨਿਸ ਐਡਮਨਿਸਟਰੇਸ਼ਨ ਦਾ ਕੋਰਸ ਕਰਦੀ ਸੀ ਅਤੇ ਉਸ ਲਾਂਡਰੀ ਦੇ ਜਿੱਥੇ ਉਹ ਵੀਕਐਂਡ 'ਤੇ ਕੰਮ ਕਰਦੀ ਸੀ।

ਡਿੰਪਲ ਨੇ ਪਿਛਲੀ ਰਾਤ ਆਪਣੀ ਮਸੇਰੀ ਭੈਣ ਸਿਮਰਤ ਦੇ ਬਿਨਾਂ ਮਸਾਂ ਕੱਟੀ ਸੀ ਉੱਸਲ-ਵੱਟੇ ਲੈਂਦਿਆਂ। ਉਹ ਡਿੰਪਲ ਦੇ ਨਾਲ ਸੌਂਦੀ ਸੀ। ਮਨਜੀਤ ਬਥੇਰਾ ਕਹਿੰਦੀ ਕਿ ਹੁਣ ਉਹ ਅੱਠਾਂ ਸਾਲਾਂ ਦੀ ਹੈ ਆਪਣੇ ਬੈੱਡ 'ਤੇ ਸੌਂ ਜਾਇਆ ਕਰੇ। ਪਰ ਜਦ ਵੀ ਡਿੰਪਲ ਆਪਣੀ ਮੈਟਰੈੱਸ ਸਿਮਰਤ ਦੇ ਬੈੱਡ ਕੋਲ ਵਿਛਾਉਂਦੀ ਸਿਮਰਤ ਧੱਕ ਕੇ ਮੈਟਰੈੱਸ ਆਪਣੇ ਬੈੱਡ ਦੇ ਹੇਠ ਕਰ ਦਿੰਦੀ ਅਤੇ ਡਿੰਪਲ ਨੂੰ ਆਪਣੇ ਨਾਲ ਪਾ ਲੈਂਦੀ। ਮਨਜੀਤ ਕੁੜ੍ਹਦੀ, "ਪਤਾ ਨ੍ਹੀਂ ਕਦੋਂ ਅੱਡ ਪੈਣ ਲੱਗੂ ਗੀ ਐਡੀ ਬੋਡਲ ਕੱਟੀ ਹੋਈ ਵੀ ਐ।" ਫੇਰ ਉਹ ਡਿੰਪਲ ਨੂੰ ਕਹਿੰਦੀ, "ਤੂੰ ਤਾਂ ਨੀ ਜੁਆਕੜੀ, ਵੀਹਾਂ ਸਾਲਾਂ ਦੀ ਹੋਈ ਵੀ ਐਂ, ਆਖ ਦਿਆ ਕਰ ਬਈ ਮੈਂ ਨੀ ਪੈਣਾ ਤੇਰੇ ਨਾਲ।" ਡਿੰਪਲ ਚੁੱਪ ਰਹਿੰਦੀ ਪਰ ਜਗਜੀਤ ਆਖਦਾ, "ਕਿਓਂ ਐਵੇਂ ਮਗਰ ਪੈ ਜਾਨੀ ਐਂ ਬੱਚੀਆਂ ਦੇ?"

ਜਗਜੀਤ ਦਾ ਖਿਆਲ ਆਉਂਦੇ ਹੀ ਡਿੰਪਲ ਨੇ ਘੜੀ ਵੱਲ ਵੇਖਿਆ, ਉਹ ਨੌਂ ਵਜਾ ਰਹੀ ਸੀ। 'ਢਾਈ-ਤਿੰਨ ਘੰਟੇ ਪਏ ਆ ਡੈਡੀ ਦੇ ਆਉਣ 'ਚ, ਹਾਲੇ! ਕਦੇ-ਕਦੇ ਮਾਸੜ ਜੀ ਨੂੰ 'ਡੈਡੀ' ਹੀ ਮੂੰਹੋਂ ਨਿਕਲ ਜਾਂਦੇ...ਹੁਣ ਤਾਂ ਇਹੀ ਡੈਡੀ ਐ। ਮੈਂ 'ਡੈਡੀ' ਹੀ ਆਖ ਦਿਆਂ ਕਰਨੈਂ। ਕਿੰਨੇ ਚੰਗੇ ਐ ਡੈਡੀ। ਕਿੰਨਾ ਪਿਆਰ ਕਰਦੇ ਆ। ਜਵਾਂ ਨੀ ਉੱਚਾ ਬੋਲਦੇ, ਨਾ ਹੀ ਮਾਸੀ ਜੀ ਨੂੰ ਬੋਲਣ ਦਿੰਦੇ ਐ। ਮਾਸੀ ਜੀ ਕੁਛ ਜ਼ਿਆਦਾ ਈ ਸਖਤਾਈ ਵਰਤਦੇ ਆ।' ਮਾਸੀ ਦਾ ਖਿਆਲ ਆਉਂਦਿਆਂ ਹੀ ਡਿੰਪਲ ਨੂੰ ਉਹ ਦਿਨ ਯਾਦ ਆ ਗਿਆ ਜਿਸ ਦਿਨ ਉਸ ਨੇ ਕਾਲਿਜ ਜਾਣ ਲੱਗੀ ਨੇ ਸਕਰਟ ਪਾ ਲਈ ਸੀ।

"ਕੁੜੇ ਇਹ ਕੀ ਪਾਈ ਫਿਰਦੀ ਐਂ?" ਮਾਸੀ ਨੇ ਕੌੜ ਕੇ ਪੁੱਛਿਆ ਸੀ। ਉਸ ਨੇ ਮਾਸੀ ਵੱਲ ਵੇਖਿਆ ਪਰ ਮੂੰਹੋਂ ਕੁਝ ਨਾ ਬੋਲੀ।

"ਕਿੱਥੋਂ ਲਏ ਆ ਐਹੋ ਜੇ ਕੱਪੜੇ?" ਮਾਸੀ ਨੇ ਫੇਰ ਪੁੱਛਿਆ।

"ਇੰਡੀਆ ਤੋਂ ਲਿਆਈ ਸੀ, ਓਥੇ ਵੀ ਪਾ ਲੈਂਦੀ ਹੁੰਦੀ ਸੀ," ਉਸ ਨੇ ਸਹਿਮੀ ਜਿਹੀ ਆਵਾਜ਼ 'ਚ ਜਵਾਬ ਦਿੱਤਾ।

"ਏਦੂੰ ਮੁੜ ਕੇ ਨਾ ਪਾਈਂ, ਤੇਰੇ ਵੱਲ ਵੇਖ ਸਿਮਰਤ ਵੀ ਮੰਗਣ ਲੱਗੂ ਗੀ ਐਹੋ ਜੇ। ਮੈਨੂੰ ਨੀ ਚੰਗਾ ਲੱਗਦਾ ਬਈ ਲੱਤਾਂ ਨੰਗੀਆਂ ਕਰੀ ਫਿਰੋ," ਕੌੜ-ਕੌੜ ਝਾਕਦੀ ਮਾਸੀ ਤੁਰ ਗਈ ਸੀ। ਉਸ ਤੁਰ ਗਈ ਮਾਸੀ ਦੀ ਪਿੱਠ ਵੱਲ ਵੇਖਦੀ ਨੇ ਅੱਖਾਂ ਭਰ ਲਈਆਂ ਸਨ। ਫਿਰ ਉਸ ਹਉਕਾ ਲਿਆ ਅਤੇ ਆਪਣੇ ਕਮਰੇ ਵਿਚ ਜਾ ਕੇ ਜੀਨ ਨਾਲ ਪੂਰੀਆਂ ਬਾਹਾਂ ਵਾਲੀ ਸ਼ਰਟ ਪਾ ਲਈ ਸੀ।

'ਮਾਸੀ ਐਨੀ ਸਖਤ ਕਿਉਂ ਐ? ਐਨਾ ਤਾਂ ਮੰਮੀ ਹੋਰੀਂ ਵੀ ਨਹੀਂ ਸੀ ਟੋਕਦੇ। ਜਿੱਦਣ ਦਾ ਰਾਣੇ ਨੇ ਘਰ ਫੋਨ ਕੀਤੇ ਉਸ ਦਿਨ ਦੀ ਤਾਂ ਜ਼ਿਆਦਾ ਹੀ ਸਖਤਾਈ ਵਰਤਦੀ ਐ। ਕਿਵੇਂ ਸਮਝਾਵਾਂ ਮਾਸੀ ਨੂੰ ਕਿ ਰਾਣੇ ਤੇ ਮੇਰੇ 'ਚ ਐਸਾ-ਵੈਸਾ ਹੈ ਨੀ ਕੁਛ। ਤੇ ਰਾਣੇ ਨੂੰ ਕੀ ਲੋੜ ਪੈ ਗਈ ਸੀ ਘਰ ਫੋਨ

ਕਰਨ ਦੀ? ਬੇਸ਼ਰਮ ਜਿਹਾ। ਅਗਲੇ ਦਿਨ ਮੇਰੇ ਤੋਂ ਝਾੜ ਖਾ ਕੇ ਵੀ ਮੂਹਰੋਂ ਹੀਂ-ਹੀਂ ਕਰਦਾ ਰਿਹਾ ਸੀ। ਕਿੰਨਾ ਭੋਲਾ ਜਿਹਾ ਮੂੰਹ ਬਣਾ ਕੇ ਗੱਲ ਕਰੂ, ਮੱਲੋ-ਮੱਲੀ ਹਾਸਾ ਆ ਜਾਂਦੈ' ਸੋਚਦੀ ਡਿੰਪਲ ਦੇ ਦਿਮਾਗ ਵਿਚ ਰਾਣੇ ਦਾ ਚਿਹਰਾ ਆ ਗਿਆ। ਉਸ ਦੇ ਬੋਲ ਡਿੰਪਲ ਨੂੰ ਜਿਉਂ ਦੀ ਤਿਉਂ ਚੇਤੇ ਸਨ। ਉਸ ਕਿਹਾ ਸੀ, "ਹਫ਼ਤਾ ਉਡੀਕਦਿਆਂ ਮਸਾਂ ਵੀਕਐਂਡ ਆਉਂਦੈ ਬਈ ਦੋ ਦਿਨ ਕੰਮ 'ਤੇ ਆਉਣਗੀਆਂ ਸਰਕਾਰਾਂ ਤੇ ਟੋਇਆਂ ਦੇ ਦਰਸ਼ਨ ਕਰਦਿਆਂ ਸਾਡੀਆਂ ਵਧੀਆ ਦਿਹਾੜੀਆਂ ਨਿਕਲਣਗੀਆਂ। ਤੇ ਤੁਸੀਂ ਜਦੋਂ ਕੰਮ 'ਤੇ ਨਾ ਆਏ ਤਾਂ ਸਿੰਘ ਫਿਕਰਮੰਦ ਹੋ ਗਏ ਬਈ ਟੋਇਆਂ ਆਲੀਆਂ ਸਰਕਾਰਾਂ ਕਿਤੇ ਬੀਮਾਰ-ਠਮਾਰ ਨਾ ਹੋ ਗਈਆਂ ਹੋਣ। ਅਸੀਂ ਤਾਂ ਹਾਲ ਪੁੱਛਣ ਲਈ ਫੋਨ ਮਾਰਿਆ ਸੀ ਤੇ ਸਰਕਾਰਾਂ ਸਾਡਾ ਕੋਰਟ-ਮਾਰਸ਼ਲ ਕਰਨ ਨੂੰ ਫਿਰਦੀਐਂ।" ਯਾਦ ਕਰਕੇ ਮੁਸਕਰਾਉਂਦੀ ਡਿੰਪਲ ਦਾ ਹੱਥ ਆਪਣੀ ਖੱਬੀ ਗੱਲ੍ਹ 'ਤੇ ਚਲਾ ਗਿਆ ਜਿਸ ਦਾ ਡੂੰਘ ਸੱਜੀ ਨਾਲੋਂ ਡੂੰਘੇਰਾ ਸੀ। 'ਲਗਦੈ ਫਲਰਟ ਕਰਦੈ?...ਨਹੀਂ ਨਹੀਂ, ਬੱਸ ਹਾਸੇ-ਮਜ਼ਾਕ ਵਾਲੈ...'

ਇਨ੍ਹਾਂ ਸੋਚਾਂ 'ਚ ਗਲਤਾਨ ਡਿੰਪਲ ਨੂੰ ਲੱਗਾ ਜਿਵੇਂ ਗੈਰਾਜ ਦਾ ਡੋਰ ਖੁੱਲ੍ਹਿਆ ਹੋਵੇ। ਉਸ ਘੜੀ ਵੱਲ ਵੇਖਿਆ। ਹਾਲੇ ਸਾਢੇ ਨੌ ਹੋਏ ਸਨ। 'ਕੀ ਗੱਲ ਹੋ ਗਈ ਅੱਜ ਮਾਸੜ ਜੀ ਸਦੇਹਾਂ ਆ ਗਏ? ਮਾਸੜ ਜੀ ਦਾ ਕਿਹੜਾ ਜੀਅ ਲਗਦੈ ਸਿਮਰਤ ਹੁਰਾਂ ਬਗੈਰ' ਸੋਚਦੀ ਡਿੰਪਲ ਨੂੰ ਪਿਛਲੀ ਰਾਤ ਚੇਤੇ ਆ ਗਈ ਜਦ ਜਗਜੀਤ ਨੂੰ ਦੋ ਵਾਰ ਉਸ ਵਾਸ਼ਰੂਮ ਗਏ ਸੁਣਿਆ ਸੀ। ਜਦ ਉਹ ਕੰਮ ਤੋਂ ਵਾਪਸ ਆਇਆ ਸੀ ਉਦੋਂ ਹੀ ਡਿੰਪਲ ਦੀ ਅੱਖ ਖੁੱਲ੍ਹ ਗਈ ਸੀ। ਪਹਿਲਾਂ ਉਹ ਆਮ ਵਾਂਗ ਸਿੱਧਾ ਉਸ ਕਮਰੇ ਵਿਚ ਹੀ ਆਇਆ ਸੀ ਜਿੱਥੇ ਉਹ ਪਈ ਸੀ। ਡਿੰਪਲ ਨੇ ਸੋਚਿਆ ਸੀ ਕਿ ਅੱਜ ਸਿਮਰਤ ਹੈ ਨਹੀਂ, ਇਸ ਕਰਕੇ ਸ਼ਾਇਦ ਅੱਜ ਉਹ ਇਸ ਕਮਰੇ ਵਿਚ ਨਾ ਆਵੇ। ਅੱਗੇ ਸੁੱਤੀ ਪਈ ਸਿਮਰਤ ਦਾ ਮੱਥਾ ਚੁੰਮ ਕੇ ਉਹ ਉਸ ਦਾ ਮੱਥਾ ਵੀ ਚੁੰਮਦਾ ਸੀ। ਉਸ ਦੇ ਕਮਰੇ ਅੰਦਰ ਆਏ ਦੀ ਪੈੜ-ਚਾਲ ਡਿੰਪਲ ਨੇ ਸੁਣ ਲਈ ਸੀ। ਡਿੰਪਲ ਨੇ ਦੋ ਕੁ ਮਿੰਟ ਉਡੀਕ ਕੇ ਜਦ ਅੱਖਾਂ ਖੋਹਲਦਿਆਂ ਕਿਹਾ, "ਡੈਡੀ, ਤੁਸੀਂ ਆ ਗੇ?" ਤਾਂ ਉਸ ਉੱਪਰ ਝੁਕਿਆ ਜਗਜੀਤ ਇਕ ਦਮ ਸਿੱਧਾ ਖੜ੍ਹਦਾ ਬੋਲਿਆ, "ਸਿਮਰਤ ਬਿਨਾਂ ਤਾਂ ਘਰ ਖਾਲੀ-ਖਾਲੀ ਲੱਗਦੈ।"

'ਕਿੰਨਾ ਕਰਦੇ ਆ ਮਾਸੜ ਜੀ ਬੱਚਿਆਂ ਦਾ! ਉੱਠ ਕੇ ਵੇਖਾਂ ਤਾਂ ਸਹੀ ਕਿ ਸੱਚੀਓਂ ਮਾਸੜ ਜੀ ਐ। ਕਿਤੇ ਕੋਈ ਹੋਰ ਈ ਨਾ ਆ ਵੜਿਆ ਹੋਵੇ,' ਸੋਚਦੀ ਡਿੰਪਲ ਡਰਦੀ-ਡਰਦੀ ਜਿਹੀ ਉੱਠੀ। ਪੌੜੀਆਂ ਚੜ੍ਹਦੇ ਜਗਜੀਤ ਨੂੰ ਵੇਖ ਡਿੰਪਲ ਦੇ ਸਾਹ 'ਚ ਸਾਹ ਆਇਆ।

"ਕੀ ਗੱਲ ਹੋ ਗੀ ਮਾਸੜ ਜੀ ਤੁਸੀਂ ਅੱਜ ਆ ਵੀ ਗਏ?" ਡਿੰਪਲ ਨੇ ਪੁੱਛਿਆ।

"ਮੇਰਾ ਚਿੱਤ ਜਿਆ ਨੀ ਸੀ ਠੀਕ, ਸਿਰ ਦੁਖਦਾ ਸੀ," ਜਗਜੀਤ ਨੇ ਆਪਣੀ ਲੰਚ-ਕਿੱਟ ਉਸ ਨੂੰ ਫੜਾਉਂਦਿਆਂ ਕਿਹਾ। ਡਿੰਪਲ ਨੇ ਫਿਕਰਮੰਦ ਆਵਾਜ਼ 'ਚ ਪੁੱਛਿਆ, "ਕੋਈ ਦਵਾਈ ਵਗੈਰਾ ਲਈ ਐ?"

"ਦਵਾਈ ਵੀ ਲਈ ਐ। ਜੇ ਤੇਰੀ ਮਾਸੀ ਘਰ ਹੁੰਦੀ ਤਾਂ ਉਹ ਸਿਰ ਘੁੱਟ ਦਿੰਦੀ," ਆਖਦਾ ਜਗਜੀਤ ਸੋਫੇ ਉਪਰ ਬੈਠ ਗਿਆ।

"ਲਿਆਓ, ਮੈਂ ਘੁੱਟ ਦਿੰਨੀ ਆਂ," ਆਖ ਡਿੰਪਲ ਸੋਫੇ ਦੇ ਪਿੱਛੇ ਖੜ੍ਹ ਉਸ ਦੀਆਂ ਪੁੜ-ਪੁੜੀਆਂ ਕੋਲੋਂ ਦਬਾਉਣ ਲੱਗੀ। ਡਿੰਪਲ ਨੂੰ ਸ਼ਰਾਬ ਦੀ ਹਵਾੜ ਜਿਹੀ ਆਈ। ਉਸ ਸੋਚਿਆ ਸ਼ਾਇਦ ਚਿੱਤ ਠੀਕ ਨਾ ਹੋਣ ਕਰਕੇ ਕੰਮ ਤੋਂ ਆਉਂਦੇ ਹੋਏ ਪੀ ਆਏ ਹੋਣ।

"ਡਿੰਪਲ ਕਿੰਨੀ ਚੰਗੀ ਐਂ ਤੂੰ, ਮਿੰਟਾਂ 'ਚ ਮੇਰਾ ਸਿਰ ਦਰਦ ਦੂਰ ਕਰ ਦਿੱਤਾ। ਤੇਰੀ ਮਾਸੀ ਤੈਨੂੰ ਐਵੇਂ ਝਿੜਕਦੀ ਰਹਿੰਦੀ ਐ। ਤੇਰੀ ਮਰਜ਼ੀ ਦੇ ਕੱਪੜੇ ਨਹੀਂ ਪਾਉਣ ਦਿੰਦੀ। ਤੈਨੂੰ ਮੈਂ ਲੈ ਕੇ ਚੱਲੂੰ ਸਟੋਰਾਂ ਨੂੰ ਕਿਸੇ ਦਿਨ, ਜਿਹੋ-ਜਿਹੇ ਮਰਜ਼ੀ ਹੋਈ ਖਰੀਦ ਲਵੀਂ। ਓਪਰਾ ਨਾ ਮੰਨਿਆ ਕਰ। ਮਾਸੀ ਨੂੰ ਭੌਂਕਦੀ ਰਹਿਣ ਦਿਆ ਕਰ। ਓਹਦੀ ਤਾਂ ਆਦਤ ਐ। ਮੈਨੂੰ ਦੱਸਿਆ ਕਰ ਜਿਹੜਾ ਕੁਝ ਚਾਹੀਦਾ



ਹੁੰਦੈ"। ਜਗਜੀਤ ਨੂੰ ਇਸ ਤਰ੍ਹਾਂ ਗੱਲਾਂ ਕਰਦਾ ਸੁਣ ਡਿੰਪਲ ਦੇ ਬੁੱਲ੍ਹਾਂ 'ਤੇ ਮੁਸਕਾਨ ਆ ਗਈ। ਉਸ ਨੂੰ ਆਪਣੇ ਡੈਡੀ ਦੀ ਯਾਦ ਆ ਗਈ ਜਿਹੜੇ ਕਈ ਵਾਰ ਸ਼ਰਾਬੀ ਹੋ ਕੇ ਇਸੇ ਤਰ੍ਹਾਂ ਗੱਲਾਂ ਕਰਦੇ ਹੁੰਦੇ ਸਨ। ਡਿੰਪਲ ਦਾ ਜੀਅ ਕੀਤਾ ਕਿ ਉਹ ਮਾਸੜ ਜੀ ਨਾਲ ਵੀ ਉਵੇਂ ਹੀ ਸ਼ਰਾਰਤਾਂ ਕਰੇ ਜਿਵੇਂ ਉਹ ਸ਼ਰਾਬੀ ਹੋਏ ਆਪਣੇ ਡੈਡੀ ਨਾਲ ਕਰਦੀ ਸੀ। ਪਰ ਉਸ ਦਾ ਹੌਸਲਾ ਨਾ ਪਿਆ।

ਜਗਜੀਤ ਨੇ ਸਿਰ ਘੁੱਟ ਰਹੀ ਡਿੰਪਲ ਦੀ ਬਾਂਹ ਫੜ ਆਪਣੇ ਨਾਲ ਸੋਫੇ ਉਪਰ ਬੈਠਾ ਲਿਆ ਅਤੇ ਉਸ ਨੂੰ ਆਪਣੇ ਨਾਲ ਘੁੱਟਦਿਆਂ ਬੋਲਿਆ, "ਡਿੰਪਲ ਤੈਨੂੰ ਕਿਸੇ ਚੀਜ਼ ਦੀ ਜ਼ਰੂਰਤ ਹੈ ਤਾਂ ਦੱਸ?"

ਡਿੰਪਲ ਨੂੰ ਜਗਜੀਤ ਦਾ ਬੇਮੁਹਾਰਾ ਹੋਇਆ ਹੱਥ ਠੀਕ ਨਾ ਲੱਗਾ ਅਤੇ ਉਹ ਉੱਠਣ ਦੀ ਕੋਸ਼ਿਸ਼ ਕਰਦੀ ਬੋਲੀ, "ਲਿਆਓ ਮਾਸੜ ਜੀ ਮੈਂ ਤੁਹਾਡੇ ਵਾਸਤੇ ਖਾਣਾ ਗਰਮ ਕਰ ਦਿਆਂ।"

ਜਗਜੀਤ ਨੇ ਉੱਠਦੀ ਡਿੰਪਲ ਨੂੰ ਲੱਕ ਤੋਂ ਫੜ ਕੇ ਵਾਪਸ ਬੈਠਾਉਂਦਿਆ ਕਿਹਾ, "ਖਾਣੇ ਦੀ ਮੈਨੂੰ ਕੋਈ ਜ਼ਰੂਰਤ ਨਹੀਂ, ਬੱਸ ਤੂੰ ਮੇਰੇ ਕੋਲ ਬੈਠ ਜਾ।" ਉਹ ਡਿੰਪਲ ਨੂੰ ਚੁੰਮਣ ਦੀ ਕੋਸ਼ਿਸ਼ ਕਰਨ ਲੱਗਾ। ਆਪਣੇ ਹੱਥ ਨਾਲ ਜਗਜੀਤ ਦਾ ਮੂੰਹ ਪਰ੍ਹਾਂ ਨੂੰ ਧੱਕਦੀ ਡਿੰਪਲ ਰੁਆਂਸੀ ਆਵਾਜ਼ ਵਿਚ ਬੋਲੀ, "ਹੋਸ਼ ਕਰੋ ਮਾਸੜ ਜੀ।"

"ਕਿਸੇ ਨੂੰ ਨੀ ਪਤਾ ਲਗਦਾ, ਬੱਸ ਐਂ ਕਦੇ ਕਦੇ, ...ਰਾਣੀ ਬਣਾ ਕੇ ਰੱਖੂੰ," ਆਖਦਾ ਜਗਜੀਤ ਡਿੰਪਲ ਉੱਪਰ ਝੁਕਿਆ। ਡਿੰਪਲ ਨੇ ਉਸ ਦੇ ਲੱਤ ਮਾਰੀ ਅਤੇ ਉੱਠ ਕੇ ਬਾਹਰ ਵੱਲ ਭੱਜਣ ਲੱਗੀ ਪਰ ਜਗਜੀਤ ਨੇ ਉਸ ਨੂੰ ਦੋ ਕਦਮ ਵੀ ਨਾ ਪੁੱਟਣ ਦਿੱਤੇ।

"ਭੱਜ ਕੇ ਕਿੱਧਰ ਜਾਏਂਗੀ? ਹੈ ਕੋਈ ਟਿਕਾਣਾ? ਤੈਨੂੰ ਕਿਹੇ ਬਈ ਰਾਜ ਕਰੇਂਗੀ," ਆਖ ਜਗਜੀਤ ਨੇ ਡਿੰਪਲ ਨੂੰ ਬਾਹਾਂ ਵਿਚ ਲੈਣ ਦੀ ਕੋਸ਼ਿਸ਼ ਕੀਤੀ ਪਰ ਇਸ ਵਾਰ ਡਿੰਪਲ ਦੀ ਲੱਤ ਉਸ ਦੇ ਅਜਿਹੇ ਥਾਂ ਵੱਜੀ ਕਿ ਉਹ ਪੀੜ ਨਾਲ ਇਕੱਠਾ ਹੋ ਕੇ ਥਾਏਂ ਬੈਠ ਗਿਆ। ਡਿੰਪਲ ਵਾਹੋ-ਦਾਹੀ ਪੌੜੀਆਂ ਉੱਤਰ ਕੇ ਘਰੋਂ ਬਾਹਰ ਹੋ ਗਈ। ਸੜਕ ਉੱਪਰ ਭੱਜਦੀ ਉਹ ਮੁੜ-ਮੁੜ ਪਿੱਛੇ ਵੱਲ ਵੇਖਦੀ ਠੇਡਾ ਖਾ ਕੇ ਡਿੱਗ ਪਈ। 'ਭੱਜ ਕਿੱਧਰ ਭੱਜਦੀ ਐਂ?' ਜਗਜੀਤ ਦਾ ਬੋਲ ਉਸ ਦੇ ਦਿਮਾਗ ਵਿਚ ਗੂੰਜਿਆ। ਉਹ ਤੇਜ਼ੀ ਨਾਲ ਉੱਠੀ, ਪਿੱਛੇ ਵੱਲ ਵੇਖਿਆ, ਉਸ ਨੂੰ ਜਗਜੀਤ ਨਾ ਦਿਸਿਆ ਪਰ ਉਹ ਤੇਜ਼ ਤੇਜ਼ ਤੁਰਦੀ ਰਹੀ। ਕਦੇ ਭੱਜ ਪੈਂਦੀ। 'ਹਾਏ ਨੀ ਮਾਂ ਕਿੱਧਰ ਜਾਵਾਂ?' ਸੋਚਦੀ ਨੇ ਉਸ ਹਉਕਾ ਲਿਆ ਅਤੇ ਆਸੇ-ਪਾਸੇ ਵੇਖਦੀ ਨੇ ਪਛਾਨਣ ਦੀ ਕੋਸ਼ਿਸ਼ ਕੀਤੀ ਕਿ ਉਹ ਕਿਹੜੀ ਸੜਕ ਉਪਰ ਜਾ ਰਹੀ ਸੀ। ਸੁੰਨਮ-ਸੁੰਨੀ ਸੜਕ ਉਸ ਨੂੰ ਓਪਰੀ ਜਿਹੀ ਲੱਗੀ। ਜਦੋਂ ਉਸ ਦੀ ਨਜ਼ਰ ਸਾਹਮਣੇ ਚੌਰਸਤੇ ਵਿਚ ਲੱਗੇ ਮੈਕਸ ਅਤੇ ਲਾਂਡਰੋਮੈਟ ਦੇ ਸਾਈਨ 'ਤੇ ਪਈ ਤਾਂ ਉਸ ਨੂੰ ਤਸੱਲੀ ਜਿਹੀ ਹੋਈ ਕਿ 'ਇਹ ਤਾਂ ਉਸ ਦਾ ਜਾਣਿਆ ਪਛਾਣਿਆ ਰਾਹ ਹੈ। ਇਸੇ ਰਸਤੇ ਤਾਂ ਉਹ ਵੀਕਐਂਡ 'ਤੇ ਕੰਮ ਕਰਨ ਆਉਂਦੀ ਹੈ।' ਮੈਕਸ ਦਾ ਸਾਈਨ ਵੇਖ ਉਸ ਦੇ ਖਿਆਲ ਵਿਚ ਰਾਣਾ ਆ ਗਿਆ। 'ਉਹ ਇੱਥੇ ਹੀ ਹੋਵੇਗਾ, ਵੀਕਡੇਜ਼ ਵਿਚ ਉਹ ਰਾਤ ਦੀ ਸ਼ਿਫ਼ਟ ਕਰਦਾ ਹੈ' ਸੋਚ ਕੇ ਉਸ ਦੇ ਕਦਮ ਹੋਰ ਤੇਜ਼ ਹੋ ਗਏ।

ਮੈਕਸ ਸਟੋਰ ਵਿਚ ਵੜਦਿਆਂ ਉਸ ਇਕ ਵਾਰ ਫਿਰ ਪਿੱਛੇ ਮੁੜ ਕੇ ਵੇਖਿਆ, ਉਸ ਨੂੰ ਲੱਗਾ ਜਿਵੇਂ ਆ ਰਹੀ ਕਾਰ ਜਗਜੀਤ ਦੀ ਹੋਵੇ। ਸਟੋਰ ਵਿਚ ਦਾਖਲ ਹੋ ਉਹ ਸਿੱਧੀ ਰਾਣੇ ਦੇ ਗਲ ਜਾ ਚਿੰਬੜੀ ਜਿਸ ਕੋਲੋਂ ਉਹ ਇਕ ਵਿੱਥ 'ਤੇ ਰਹਿ ਕੇ ਗੱਲ ਕਰਦੀ ਸੀ। ਭੁੱਬੀਂ ਰੋਂਦੀ ਨੂੰ ਇਹ ਵੀ ਖਿਆਲ ਨਾ ਰਿਹਾ ਕਿ ਉਹ ਇਕ ਸਟੋਰ ਵਿਚ ਖੜ੍ਹੀ ਹੈ, ਜਿਹੜਾ ਉਸ ਸਮੇਂ ਭਾਵੇਂ ਖਾਲੀ ਸੀ ਪਰ ਉਥੇ ਕਿਸੇ ਵੀ ਪਲ ਕੋਈ ਗਾਹਕ ਆ ਸਕਦਾ ਸੀ। ਇਸ ਦਾ ਖਿਆਲ ਰਾਣੇ ਨੂੰ ਆਇਆ ਅਤੇ ਉਹ ਡਿੰਪਲ ਨੂੰ ਪਿਛਲੇ ਕਮਰੇ ਵਿਚ ਲੈ ਗਿਆ।

ਬਾਹਰ ਆਪਣੀ ਕਾਰ ਵਿਚ ਬੈਠੇ ਜਗਜੀਤ ਨੇ ਮੈਕਸ ਸਟੋਰ ਦੀਆਂ ਪਾਰਦਰਸ਼ੀ ਕੰਧਾਂ ਵਿਚੋਂ ਜਦ ਇਹ ਦ੍ਰਿਸ਼ ਵੇਖਿਆ, ਉਸ ਅੰਦਰ ਧੂਹ ਜਿਹੀ ਪਈ। ਉਸ ਦਾ ਜੀਅ ਕੀਤਾ ਕਿ ਸਟੋਰ ਅੰਦਰ ਜਾ

ਕੇ ਉਹ ਦੋ ਘਸੁੰਨ ਉਸ ਮੁੰਡੇ ਦੇ ਮਾਰੇ ਅਤੇ ਬਾਹੋਂ ਫੜ ਕੇ ਡਿੰਪਲ ਨੂੰ ਕਾਰ ਵਿਚ ਸੁੱਟ ਲਵੇ। ਪਰ ਥੋੜ੍ਹੀ ਦੇਰ ਪਹਿਲਾਂ ਜਾਗੇ ਪੁਲੀਸ ਦੇ ਡਰ ਨੇ ਉਸ ਨੂੰ ਰੋਕ ਲਿਆ। ਇਸੇ ਡਰ ਕਰਕੇ ਹੀ ਤਾਂ ਉਹ ਡਿੰਪਲ ਦੇ ਪਿੱਛੇ ਆਇਆ ਸੀ। ਨਹੀਂ ਤਾਂ ਲੱਤ ਵੱਜਣ ਦੀ ਪੀੜ ਤੋਂ ਥੋੜ੍ਹੀ ਰਾਹਤ ਮਿਲਣ ਨਾਲ ਉਸ ਸੋਚਿਆ ਸੀ ਕਿ 'ਆਪੇ ਮੁੜ ਆਵੇਗੀ, ਹੋਰ ਓਹਦਾ ਹੈ ਵੀ ਕੌਣ ਇੱਥੇ ਜਿਸ ਕੋਲ ਚਲੀ ਜਾਵੇਗੀ।' ਪਰ ਝੱਟ ਪਿੱਛੋਂ ਹੀ ਖਿਆਲ ਆਇਆ ਕਿ 'ਜੇ ਕਿਸੇ ਨੇ ਡਿੰਪਲ ਨੂੰ ਐਸ ਵੇਲੇ ਇਸ ਹਾਲਤ 'ਚ ਭੱਜਦੀ ਜਾਂਦੀ ਵੇਖ ਕੇ ਪੁਲੀਸ ਨੂੰ ਫੋਨ ਕਰ ਦਿੱਤਾ ਜਾਂ ਕਿਸੇ ਲੰਘਦੇ-ਵੜਦੇ ਪੁਲੀਸ ਵਾਲੇ ਦੀ ਉਸ ਉੱਪਰ ਨਿਗ੍ਹਾ ਪੈ ਗਈ, ਤਾਂ?' ਸਕਿੰਟਾਂ ਵਿਚ ਹੀ ਪੁਲੀਸ, ਉਸ ਦੇ ਸਾਹਮਣੇ ਖੜ੍ਹੀ ਉਸ ਦੀ ਘਰਵਾਲੀ ਤੇ ਸਿਮਰਤ ਦੇ ਖਿਆਲ ਨੇ ਉਸ ਉਪਰ ਸਵਾਰ ਕਾਮ ਦੇ ਭੂਤ ਨੂੰ ਕੁਚਲ ਕੇ ਰੱਖ ਦਿੱਤਾ।

'ਇਹ ਕੀ ਪੰਗਾ ਪਾ ਲਿਆ? ਬੈਠੇ-ਬੈਠੇ ਬਦਨਾਮੀ ਨੂੰ ਹਾਕ ਮਾਰ ਲਈ?'

'ਪਤਾ ਈ ਨੀ ਲੱਗਾ ਕਿ ਕੀ ਕਰੀ ਜਾਨਾਂ, ਜਦ ਵੀ ਸਾਲੀ ਦਾ ਖਿਆਲ ਆਉਂਦੈ ਤਾਂ ਜੀਅ ਮਚਲਣ ਲੱਗ ਜਾਂਦੈ।'

'ਆਪਣੇ 'ਤੇ ਕਾਬੂ ਰੱਖਣਾ ਸੀ ਜਿਵੇਂ ਰਾਤ ਜ਼ਾਬਤਾ ਰੱਖਿਆ ਸੀ।'

'ਰਾਤ ਤਾਂ ਓਹਦੇ ਮੂੰਹੋਂ 'ਡੈਡੀ' ਸੁਣ ਕੇ ਸਰੀਰ ਝੂਠਾ ਪੈ ਗਿਆ ਸੀ।'

'ਅੱਜ ਹਿੰਮਤ ਕਰਨ ਲਈ ਸ਼ਰਾਬ ਪੀਣ ਆਲੀ ਗ਼ਲਤੀ ਕਰ ਬੈਠਾ।'

'ਉੱਠ ਹੁਣ, ਮਿੰਨਤ-ਤਰਲਾ ਕਰਕੇ ਮੋੜ ਲਿਆ।'

'ਪਰ ਉਹ ਗਈ ਕਿਧਰ ਹੋਈ?' ਇਨ੍ਹਾਂ ਸੋਚਾਂ 'ਚ ਪ੍ਰੇਸ਼ਾਨ ਹੋਇਆ ਉਹ ਡਿੰਪਲ ਨੂੰ ਮੋੜ ਲਿਆਉਣ ਲਈ ਉੱਠ ਖੜ੍ਹੋਤਾ। 'ਹੋ ਸਕਦੈ ਕਿ ਉਸ ਮੁੰਡੇ ਕੋਲ ਗਈ ਹੋਵੇ ਜੀਹਦਾ ਮਨਜੀਤ ਕਹਿੰਦੀ ਸੀ ਕਿ ਫੋਨ ਆਉਂਦੈ,' ਸੋਚ ਉਸ ਆਪਣੀ ਕਾਰ ਮੈਕਸ ਸਟੋਰ ਵੱਲ ਮੋੜ ਲਈ।

ਮੁੰਡੇ ਨਾਲ ਸਟੋਰ ਦੇ ਪਿਛਲੇ ਕਮਰੇ ਵੱਲ ਜਾਂਦੀ ਡਿੰਪਲ ਵੱਲ ਵੇਖ ਉਸ ਨੇ ਪਛਤਾਵੇ 'ਚ ਸਿਰ ਮਾਰਿਆ, 'ਜੇ ਕਿਤੇ ਪੰਜ-ਸੱਤ ਮਿੰਟ ਪਹਿਲਾਂ ਤੁਰ ਪੈਂਦਾ ਤਾਂ ਉਹਨੂੰ ਸਟੋਰ 'ਚ ਵੜਨ ਤੋਂ ਪਹਿਲਾਂ ਮੋੜ ਲੈਣਾ ਸੀ।'

'ਪਰ ਹਾਲੇ ਤਾਂ ਹੁਣੇ ਹੀ ਅੰਦਰ ਗਈ ਐ, ਮੁੰਡੇ ਨੂੰ ਵੀ ਕੁਛ ਨਹੀਂ ਦੱਸਿਆ ਹੋਣਾਂ, ਅੰਦਰ ਜਾਣਾ ਚਾਹੀਦੈ।....ਪਰ ਜੇ ਉਹ ਮੁੰਡੇ ਦੇ ਸਾਹਮਣੇ ਹੀ ਬੋਲ ਪਈ, ਫੇਰ ਕੀ ਰਹੂ? ਕਿਓਂ ਨਾ ਫੋਨ ਕਰਾਂ? ਹਾਂ, ਇਹ ਠੀਕ ਐ,' ਸੋਚ ਕੇ ਉਸ ਨੇ ਆਪਣੇ ਸੈੱਲ ਫੋਨ ਤੋਂ ਸਟੋਰ ਦਾ ਨੰਬਰ ਮਿਲਾਇਆ।

"ਆਹ ਡਿੰਪਲ ਨੂੰ ਫੋਨ ਫੜਾਈਂ," ਫੋਨ ਮਿਲਣ ਸਾਰ ਹੀ ਜਗਜੀਤ ਨੇ ਕਿਹਾ।

"ਤੁਸੀਂ ਕੌਣ?"

"ਮੈਂ ਕੋਈ ਹੋਵਾਂ, ਤੂੰ ਫੋਨ ਫੜਾ ਓਹਨੂੰ," ਜਗਜੀਤ ਨੇ ਝੂੰਜਲਾਈ ਆਵਾਜ਼ 'ਚ ਕਿਹਾ।

ਜਦ ਡਿੰਪਲ ਨੇ 'ਹੈਲੋ' ਕਿਹਾ, ਜਗਜੀਤ ਨੇ ਆਪਣੀ ਆਵਾਜ਼ ਨੂੰ ਨਰਮ ਕਰਦਿਆਂ ਕਿਹਾ, "ਡਿੰਪਲ ਮੈਨੂੰ ਪਤਾ ਈ ਨੀ ਲੱਗਾ ਕਿ ਮੈਂ ਕੀ ਕਰ...ਪਰ ਡਿੰਪਲ ਨੇ ਪੂਰਾ ਵਾਕ ਸੁਣਨ ਤੋਂ ਪਹਿਲਾਂ ਹੀ ਫੋਨ ਕੱਟ ਦਿੱਤਾ। ਉਸ ਦਾ ਰੋਣ ਹੀ ਨਹੀਂ ਸੀ ਬੰਦ ਹੋ ਰਿਹਾ। ਜਗਜੀਤ ਨੇ ਦੋ ਵਾਰ ਫਿਰ ਫੋਨ ਕੀਤਾ ਪਰ ਡਿੰਪਲ ਨੇ ਗੱਲ ਨਾ ਕੀਤੀ। ਪਰ ਰਾਣੇ ਨੇ ਤਾੜਨਾ ਭਰੇ ਲਹਿਜੇ 'ਚ ਕਿਹਾ, "ਜੇ ਉਹ ਗੱਲ ਨਹੀਂ ਕਰਨਾ ਚਾਹੁੰਦੀ ਤਾਂ ਵਾਰ ਵਾਰ ਪ੍ਰੇਸ਼ਾਨ ਨਾ ਕਰ।"

ਜਗਜੀਤ ਨੇ ਪੰਜਾਬੀ ਗਾਲ੍ਹ ਕੱਢੀ ਜਿਹੜੀ ਕਾਰ ਦੇ ਸ਼ੀਸ਼ਿਆਂ ਨਾਲ ਟਕਰਾਅ ਕੇ ਦਮ ਤੋੜ ਗਈ। 'ਹੁਣ ਕੀ ਕੀਤਾ ਜਾਵੇ?' ਸੋਚਦੇ ਨੇ ਉਸ ਕਾਰ ਘਰ ਵੱਲ ਮੋੜ ਲਈ। ਘਰ ਪਹੁੰਚਦੇ ਤਕ ਉਸ ਦੇ ਦਿਮਾਗ਼ ਵਿਚ ਇਕ ਸਕੀਮ ਤਿਆਰ ਹੋ ਗਈ ਸੀ। ਉਸ ਨੇ ਆਪਣੀ ਪਤਨੀ ਮਨਜੀਤ ਨੂੰ ਵਿਕਟੋਰੀਆ ਫੋਨ ਮਿਲਾ ਕੇ ਕਿਹਾ, "ਭਾਣਾ ਵਰਤ ਗਿਐ, ਜਿਹੜੀ ਗੱਲੋਂ ਤੂੰ ਡਰਦੀ ਹੁੰਦੀ ਸੀ, ਓਹੀ ਹੋਈ।"



"ਕੀ ਹੋ ਗਿਐ?" ਮਨਜੀਤ ਨੇ ਘਬਰਾਈ ਆਵਾਜ਼ 'ਚ ਪੁੱਛਿਆ।

"ਹੋਣਾ ਕੀ ਸੀ, ਮੇਰਾ ਚਿੱਤ ਨੀ ਸੀ ਠੀਕ, ਏਸ ਕਰਕੇ ਮੈਂ ਕੰਮ ਤੋਂ ਪਹਿਲਾਂ ਘਰ ਆ ਗਿਆ। ਡਿੰਪਲ ਇਕ ਮੁੰਡੇ ਨੂੰ ਚਿੰਬੜੀ ਬੈਠੀ ਸੀ। ਮੈਂ ਗਰਮੀ 'ਚ ਮੁੰਡੇ ਦੇ ਮਾਰਨ ਅਹੁਲਿਆ ਤਾਂ ਮੂਹਰੇ ਹੋ ਗਈ। ਮੈਂ ਗੁੱਸੇ 'ਚ ਆਖ ਬੈਠਾ ਬਈ ਨਿਕਲ ਜਾ ਘਰੋਂ। ਉਹ ਜਿਵੇਂ ਪਹਿਲਾਂ ਈ ਤਿਆਰ ਸੀ। ਓਹਨਾਂ ਕੱਪੜਿਆਂ 'ਚ ਈ ਤੁਰਗੀ।"

"ਹਾਏ, ਹਾਏ, ਮੈਨੂੰ ਤਾਂ ਪਹਿਲਾਂ ਹੀ ਸ਼ੱਕ ਸੀ। ਕੁੜੀ ਦੇ ਚਾਲੇ ਨੀ ਸੀ ਠੀਕ ਲਗਦੇ ਜਿਹੜਾ ਬਣ-ਠਣ ਕੇ ਘਰੋਂ ਨਿਕਲਦੀ ਸੀ।"

"ਤੂੰ ਐਂ ਕਰ ਸਵੇਰੇ ਪਹਿਲੀ ਫੇਅਰੀ ਲੈ ਕੇ ਵਾਪਸ ਆ ਜਾ। ਮਿੰਨਤ-ਤਰਲਾ ਕਰਕੇ ਮੋੜ ਲਿਆਵਾਂਗੇ। ਨਹੀਂ ਤਾਂ ਆਪਣੀ ਹੀ ਬਦਨਾਮੀ ਹੋਊ ਜਦੋਂ ਉਹ ਬਿਗਾਨੇ ਮੁੰਡੇ ਨਾਲ ਤੁਰੀ ਫਿਰੂ। ਓਹਦੇ ਮਾਂ-ਪਿਓ ਵੱਲੋਂ ਅੱਡ ਉਲਾਂਭਾ ਆਊ।"

"ਮਿੰਨਤ ਕਿਉਂ ਕਰਨੀ ਐਂ। ਮੈਂ ਨੀ ਘਰੇ ਰਖਦੀ ਐਹੋ ਜੀ ਨੂੰ ਹੁਣ। ਮੇਰੀ ਨੂੰ ਵੀ ਏਹੋ ਕੁਝ ਸਿਖਾਊ। ਕੱਲ੍ਹ ਨੂੰ ਹੀ ਜਹਾਜ਼ੇ ਚੜ੍ਹਾਊਨੀ ਐਂ ਓਹਨੂੰ।"

"ਤੂੰ ਬਹੁਤਾ ਫਿਕਰ ਨਾ ਕਰੀਂ, ਠੀਕ ਹੋ ਜੂ ਸਭ ਕੁਝ," ਆਖ ਜਗਜੀਤ ਨੇ ਫੋਨ ਰੱਖ ਦਿੱਤਾ। ਮਨਜੀਤ ਦੇ ਬੋਲਾਂ ਵਿਚ ਕੁੜੱਤਣ ਸੁਣ ਕੇ ਉਸ ਨੇ ਤਸੱਲੀ ਮਹਿਸੂਸ ਕਰਦਿਆਂ ਸ਼ਰਾਬ ਦਾ ਗਲਾਸ ਭਰ ਲਿਆ।

'ਇਹ ਕੀ ਕੀਤਾ ਕਮਜਾਤ ਨੇ? ਭੋਰਾ ਵੀ ਨਾ ਸੋਚਿਆ ਕਿ ਕੀ ਕਰਨ ਲੱਗੀ ਐ। ਐਡੀ ਜ਼ਿੰਮੇਵਾਰੀ ਲੈ ਕੇ ਸੱਦੀ ਐ। ਇਹਦਾ ਪਿਓ ਕੰਜਰ ਨਿੱਤ ਭੈਣ ਨੂੰ ਮਿਹਣੇ ਮਾਰਦਾ ਸੀ ਕਿ ਤੇਰੇ ਰਿਸ਼ਤੇਦਾਰ ਕਨੇਡੇ ਐ, ਸਾਡਾ ਨੀ ਸੋਚਦੇ। ਜੇ ਬਾਹਰ ਭੇਜਣ ਦਾ ਐਡਾ ਈ ਸ਼ੌਕ ਸੀ ਤਾਂ ਕੁਝ ਸਮਝਾ-ਬੁਝਾ ਕੇ ਭੇਜਦਾ। ਕੱਲ ਨੂੰ ਕਹੂਗਾ ਥੋਡੇ ਭਰੋਸੇ ਛੱਡੀ ਸੀ ਤੁਸੀਂ ਖਿਆਲ ਨੀ ਰੱਖਿਆ। ਕੀ ਪਤਾ ਕੰਜਰੀ ਕੀ ਕਹੂਗੀ ਬਈ ਕਿਉਂ ਘਰੋਂ ਭੱਜੀ ਸੀ? ਉਹਦੇ ਪਿਉ ਕੰਜਰ ਨਾਲ ਈ ਕਰਦੀ ਆਂ ਗੱਲ' ਸੋਚ ਕੇ ਭਰੀ-ਪੀਤੀ ਮਨਜੀਤ ਨੇ ਡਿੰਪਲ ਦੇ ਮਾਂ-ਪਿਉ ਨੂੰ ਇੰਡੀਆ ਫੋਨ ਕਰ ਦਿੱਤਾ ਕਿ ਡਿੰਪਲ ਘਰੋਂ ਭੱਜ ਗਈ ਹੈ।

ਘਰੋਂ ਭੱਜੀ ਡਿੰਪਲ ਮੈਕਸ ਕਨਵੀਨੀਐਂਸ ਸਟੋਰ ਦੇ ਪਿਛਲੇ ਕਮਰੇ 'ਚ ਬੈਠੀ ਜ਼ਾਰੋ-ਜ਼ਾਰ ਰੋ ਰਹੀ ਸੀ। ਜਿਹੜਾ ਕੁਝ ਹੋਇਆ ਸੀ ਉਸ ਦਾ ਡਿੰਪਲ ਨੂੰ ਸੱਚ ਨਹੀਂ ਸੀ ਆ ਰਿਹਾ। 'ਉਹਨੇ ਮੇਰੇ ਨਾਲ ਇਸ ਤਰ੍ਹਾਂ ਕਿਉਂ ਕੀਤਾ, ਮੈਂ ਤਾਂ ਓਹਨੂੰ ਪਿਓ ਸਮਝਦੀ ਸੀ। ਕੀ ਕਰਾਂ ਮੈਂ? ਕਿੱਥੇ ਜਾਵਾਂ?' ਕਦੇ ਉਹ ਸੋਚਦੀ ਕਿ ਇੰਡੀਆ ਫੋਨ ਕਰਕੇ ਮੰਮੀ-ਡੈਡੀ ਨੂੰ ਦੱਸੇ। ਫੇਰ ਸੋਚਦੀ, 'ਉਹ ਉੱਥੇ ਬੈਠੇ ਕੀ ਕਰ ਲੈਣਗੇ? ਵਾਧੂ ਦਾ ਫਿਕਰ ਕਰਨਗੇ।...ਹੋਰ ਫਿਰ ਮੈਂ ਕੀ ਕਰਾਂ?' ਸੋਚ ਕੇ ਉਸ ਦੀ ਭੁੱਬ ਨਿਕਲ ਜਾਂਦੀ। ਰਾਣਾ ਗਾਹਕ ਭੁਗਤਾ ਕੇ ਗੇੜਾ ਮਾਰ ਜਾਂਦਾ ਅਤੇ ਪੁੱਛਦਾ, "ਕੀ ਹੋਇਐ? ਕੋਈ ਗੱਲ ਵੀ ਦੱਸ?" ਡਿੰਪਲ 'ਕੁਝ ਨਹੀਂ' ਆਖ ਕੇ ਸਿਰ ਮਾਰਦੀ ਅਤੇ ਉਸ ਦਾ ਰੋਣ ਉੱਚਾ ਹੋ ਜਾਂਦਾ।

"ਘੱਟੋ-ਘੱਟ ਪਤਾ ਤਾਂ ਲੱਗੇ ਕਿ ਹੋਇਆ ਕੀ ਐ?" ਰਾਣੇ ਨੇ ਜ਼ੋਰ ਦੇ ਕੇ ਪੁੱਛਿਆ।

"ਮਾਸੜ ਨੇ..." ਤੋਂ ਬਾਅਦ ਡਿੰਪਲ ਤੋਂ ਕੁਝ ਨਾ ਬੋਲਿਆ ਗਿਆ।

"ਹੈ ਕੰਜਰ! ਤੈਨੂੰ ਹੱਥ ਪਾ ਲਿਆ?" ਰਾਣੇ ਨੇ ਆਪ ਹੀ ਅੰਦਾਜ਼ਾ ਲਾਉਂਦਿਆ ਪੁੱਛਿਆ।

ਡਿੰਪਲ ਦੀ ਭੁੱਬ ਨਿਕਲ ਗਈ। "ਤੈਨੂੰ ਕੋਈ ਨੁਕਸਾਨ ਤਾਂ ਨਹੀਂ ਪੁਚਾਇਆ?" ਰਾਣੇ ਨੇ ਪੁੱਛਿਆ।

ਡਿੰਪਲ ਨੇ ਨੀਵੀਂ ਚੁੱਕ ਕੇ ਹੰਝੂ ਭਰੀਆਂ ਅੱਖਾਂ ਨਾਲ ਰਾਣੇ ਵੱਲ ਵੇਖਿਆ ਅਤੇ "ਨਹੀਂ" ਵਿਚ ਸਿਰ ਮਾਰਿਆ। ਰਾਣਾ ਉਸ ਨੂੰ ਧੀਰਜ ਬੰਨ੍ਹਾਉਂਦਾ ਆਖਣ ਲੱਗਾ, "ਕੁਝ ਨਹੀਂ ਵਿਗੜਿਆ, ਸਭ ਕੁਝ ਠੀਕ ਹੋ ਜੂ, ਫਿਕਰ ਨਾ ਕਰ, ਜਿੰਨੀ ਹੋ ਸਕਿਆ ਤੇਰੀ ਮਦਦ ਕਰੂੰ।"

ਡਿੰਪਲ ਦੀ ਬਾਕੀ ਰਾਤ ਰੋਂਦਿਆਂ, ਸਿਸਕਦਿਆਂ, ਹਉਕੇ ਲੈਂਦਿਆਂ ਨਿਕਲ ਗਈ। ਸਵੇਰੇ ਛੇ ਵਜੇ ਆਪਣੇ ਕੰਮ ਦੀ ਸ਼ਿਫਟ ਮੁਕਾ ਕੇ ਰਾਣੇ ਨੇ ਕਿਹਾ, "ਆ ਚੱਲੀਏ।"

"ਕਿੱਥੇ?" ਡਿੰਪਲ ਨੇ ਹੈਰਾਨੀ ਜਿਹੀ ਨਾਲ ਪੁੱਛਿਆ।

"ਮੇਰੀ ਬੇਸਮੈਂਟ 'ਚ। ਹੋਰ ਕਿੱਥੇ?"

"ਪਰ...," ਕੁਝ ਆਖਦੀ-ਆਖਦੀ ਡਿੰਪਲ ਚੁੱਪ ਕਰ ਗਈ। ਉਸ ਨੂੰ ਇਸ ਤਰ੍ਹਾਂ ਜੱਕੋ-ਤੱਕੀ ਜਿਹੀ 'ਚ ਪਈ ਵੇਖ ਰਾਣਾ ਬੋਲਿਆ, "ਜੇ ਕੋਈ ਹੋਰ ਥਾਂ ਜਿੱਥੇ ਤੂੰ ਜਾਣਾ ਚਾਹੁੰਦੀ ਐਂ ਤਾਂ ਮੈਂ ਉੱਥੇ ਛੱਡ ਆਉਨੇ?"

"ਨਹੀਂ, ਹੋਰ ਤਾਂ ਕਿਤੇ ਨੀ," ਆਖਦੀ ਡਿੰਪਲ ਉੱਠ ਖੜੋਤੀ ਅਤੇ ਹੌਲੀ-ਹੌਲੀ ਤੁਰਦੀ ਇੱਧਰ-ਉੱਧਰ ਵੇਖਦੀ ਉਹ ਕਾਰ ਦੀ ਪਿਛਲੀ ਸੀਟ 'ਤੇ ਬੈਠ ਗਈ। ਬੇਸਮੈਂਟ 'ਚ ਪਹੁੰਚ ਜਦ ਰਾਣਾ ਅੰਦਰੋਂ ਕੁੰਡੀ ਲਾਉਣ ਲੱਗਾ ਤਾਂ ਡਿੰਪਲ ਝੱਟ ਬੋਲੀ, "ਲੌਕ ਨੂੰ ਕੀ ਐ?" ਉਸ ਦੇ ਚਿਹਰੇ 'ਤੇ ਘਬਰਾਹਟ ਵੇਖ ਰਾਣਾ ਬੋਲਿਆ, "ਮੈਂ ਤੇਰਾ ਦੋਸਤ ਬਣਨਾ ਚਾਹੁੰਦੈਂ, ਦੁਸ਼ਮਨ ਨਹੀਂ। ਮੈਥੋਂ ਨਾ ਡਰ।"

"ਨਹੀਂ-ਨਹੀਂ ਮੈਂ ਤਾਂ ਓਦਾਂ ਹੀ ਕਿਹਾ ਸੀ," ਆਖਦੀ ਡਿੰਪਲ ਇੱਧਰ-ਉੱਧਰ ਵੇਖਣ ਲੱਗੀ।

"ਬੈਠ ਕੇ ਆਪਣੇ ਮੰਮੀ-ਡੈਡੀ ਨੂੰ ਫੋਨ ਕਰਕੇ ਦੱਸ ਸਾਰਾ ਕੁਝ ਕਿ ਤੂੰ ਕਿੱਥੇ ਹੈਂ। ਉਨ੍ਹਾਂ ਨੂੰ ਪਤਾ ਤਾਂ ਲੱਗਣਾ ਚਾਹੀਦਾ ਹੈ ਕਿ ਤੇਰੇ ਨਾਲ ਕੀ ਬੀਤਿਆ ਹੈ?" ਰਾਣੇ ਨੇ ਉਸ ਨੂੰ ਫੋਨ ਫੜਾਉਂਦੇ ਹੋਏ ਆਖਿਆ। ਜੱਕਾਂ-ਤੱਕਾਂ 'ਚ ਜਦ ਡਿੰਪਲ ਨੇ ਫੋਨ ਮਿਲਾਇਆ ਤਾਂ ਉਸ ਦੀ ਮੰਮੀ ਨੇ ਕਿਹਾ, "ਕਿੱਥੇ ਐਂ ਕੁੜੇ ਤੂੰ? ਅਸੀਂ ਤਾਂ ਸਾਰਾ ਟੱਬਰ ਸੁੱਕਣੇ ਪਏ ਵੇ ਆਂ ਜਦੋਂ ਦਾ ਤੇਰੀ ਮਾਸੀ ਦਾ ਫੋਨ ਆਇਐ। ਕੀਹਦੇ ਨਾਲ ਐਂ ਤੂੰ? ਤੇਰੀ ਮਾਸੀ ਤਾਂ ਹੋਰ ਈ ਗੱਲਾਂ ਕਰਦੀ ਐ।"

ਡਿੰਪਲ ਦਾ ਗੱਚ ਭਰ ਆਇਆ ਅਤੇ ਉਸ ਕੋਲੋਂ ਕੁਝ ਨਾ ਬੋਲਿਆ ਗਿਆ। ਉਸ ਫੋਨ ਕੱਟ ਦਿੱਤਾ। ਆਪਣਾ ਚਿੱਤ ਕਰੜਾ ਕਰਕੇ ਉਸ ਫੇਰ ਫੋਨ ਕਰਕੇ ਆਪਣੀ ਮੰਮੀ ਨੂੰ ਹੋਈ ਬੀਤੀ ਸੁਣਾ ਦਿੱਤੀ।

"ਸਾਨੂੰ ਕਿਹੜਾ ਤੇਰੀ ਮਾਸੀ ਦੀਆਂ ਗੱਲਾਂ ਦਾ ਸੱਚ ਆਉਂਦਾ ਸੀ। ਅਸੀਂ ਵੀ ਕਹੀਏ ਬਈ ਭੱਜਣਾ ਤਾਂ ਇਕ ਪਾਸੇ ਸਾਡੀ ਡਿੰਪਲ ਤਾਂ ਕਿਸੇ ਵੱਲ ਅੱਖ ਪੁੱਟ ਕੇ ਨੀ ਵੇਖਦੀ।" ਫੇਰ ਉਸ ਰਤਾ ਰੁਕ ਕੇ ਪੁੱਛਿਆ, "ਤੇਰੇ ਸਰੀਰ ਨੂੰ ਤਾਂ ਕੋਈ ਜ਼ਰਬ ਨੀਂ ਪਹੁੰਚੀ?"

ਡਿੰਪਲ ਦੀ "ਨਹੀਂ" ਸੁਣ ਕੇ ਉਸ ਕਿਹਾ, "ਸ਼ੁਕਰ ਐ, ਸ਼ੁਕਰ ਐ।" ਸੁਣ ਕੇ ਡਿੰਪਲ ਅੰਦਰ ਇਕ ਚੀਸ ਜਿਹੀ ਉੱਠੀ। ਉਸ ਸੋਚਿਆ, 'ਜਿਹੜੀ ਹੁਣ ਜ਼ਰਬ ਪਹੁੰਚੀ ਐ ਉਹ ਥੋੜ੍ਹੀ ਐ?'

"ਲੱਤ ਨਾਲ ਕੀ ਬਣਿਐ ਹੋਣਾਂ ਕੰਜਰ ਦਾ, ਕੁਝ ਹੋਰ ਨੀ ਸੀ ਮਾਰਨ ਨੂੰ? ਚੀਰ ਕੇ ਰੱਖ ਦਿੰਦੀ," ਇਹ ਆਵਾਜ਼ ਉਸ ਦੇ ਡੈਡੀ ਦੀ ਸੀ। ਫਿਰ ਉਹ ਥੋੜ੍ਹੀ ਦੇਰ ਚੁੱਪ ਰਹਿ ਕੇ ਬੋਲੇ, "ਤੂੰ ਚੰਗਾ ਕੀਤਾ ਭੱਜ ਆਈ ਉੱਥੋਂ, ਓਸ ਕੰਜਰ ਨਾਲ ਵੀ ਮੈਂ ਕਰਦੈਂ ਗੱਲ। ਤੂੰ ਫਿਕਰ ਨਾ ਕਰ ਮੈਂ ਕਿਸੇ ਏਜੰਟ ਨਾਲ ਸਲਾਹ ਕਰਕੇ ਕਰੂੰ ਕੋਈ ਇੰਤਜ਼ਾਮ।" ਆਪਣੇ ਡੈਡੀ ਤੋਂ ਦਿਲਾਸਾ ਲੈ ਡਿੰਪਲ ਨੇ ਇਕ ਲੰਮਾ ਸਾਹ ਲਿਆ ਅਤੇ ਸੋਫੇ ਉੱਪਰ ਬੈਠ ਗਈ। ਕੁਝ ਦੇਰ ਬਾਅਦ ਜਦ ਬੇਸਮੈਂਟ ਦਾ ਦਰਵਾਜ਼ਾ ਖੜਕਿਆ ਤਾਂ ਰਾਣੇ ਨੇ ਆਪਣੇ ਕਮਰੇ ਵਿਚੋਂ ਆ ਕੇ ਦਰਵਾਜ਼ਾ ਖੋਹਲਿਆ। "ਡਿੰਪਲ", ਆਪਣੀ ਮਾਸੀ ਦੀ ਆਵਾਜ਼ ਸੁਣ ਸੋਫੇ ਉੱਪਰੋਂ ਉੱਠ ਡਿੰਪਲ ਦਰਵਾਜ਼ੇ 'ਚ ਖੜ੍ਹੇ ਰਾਣੇ ਨਾਲ ਜਾ ਖੜੋਤੀ। ਮਨਜੀਤ ਨੇ ਖਾ ਜਾਣ ਵਾਲੀਆਂ ਨਿਗਾਹਾਂ ਨਾਲ ਵੇਖਦੇ ਕਿਹਾ, "ਕੁਲੱਛਣੀਏਂ ਭੋਰਾ ਸ਼ਰਮ ਨਹੀਂ ਆਈ ਖੇਹ ਖਾਣ ਲੱਗੀ ਨੂੰ। ਆਵਦੇ ਪਿਓ ਵਰਗੇ ਮਾਸੜ 'ਤੇ ਤੋਹਮਤ ਲਾਉਂਦਿਆਂ ਤੇਰੇ ਅੰਦਰ ਭੋਰਾ ਵੀ ਰਹਿਮ ਨੀ ਆਇਆ?...ਜਿਹੜੀ ਖੇਹ ਖਿਡਾਉਣੀ ਸੀ ਖਿਡਾ ਦਿੱਤੀ, ਹੁਣ ਤਿਆਰ ਹੋ ਜਾ ਜਾਣ ਲਈ। ਘਰੇ ਰੱਖਣਾ ਤਾਂ ਇਕ ਪਾਸੇ ਕਨੇਡੇ 'ਚ ਵੀ ਨੀ ਰਹਿਣ ਦਿੰਦੀ ਤੈਨੂੰ।"



"ਮਾਸੀ ਜੀ ਗੱਲ ਤਾਂ ਸੁਣੋ ਮੇਰੀ," ਡਿੰਪਲ ਨੇ ਕਿਹਾ।
"ਗੱਲ ਸੁਣਨ ਦੀ ਹਾਲੇ ਕਸਰ ਰਹਿ ਗਈ?," ਮਨਜੀਤ ਨੇ ਡਿੰਪਲ ਦੇ ਖਿੱਲਰੇ ਕੇਸਾਂ ਵੱਲ
"ਗੱਲ ਸੁਣਨ ਦੀ ਹਾਲੇ ਕਸਰ ਰਹਿ ਗਈ?," ਮਨਜੀਤ ਨੇ ਡਿੰਪਲ ਦੇ ਖਿੱਲਰੇ ਕੇਸਾਂ ਵੱਲ
ਇਸ਼ਾਰਾ ਕੀਤਾ ਅਤੇ ਫਿਰ ਨਾਈਟ ਗਾਊਨ 'ਚ ਖੜ੍ਹੇ ਰਾਣੇ ਵੱਲ ਹੱਥ ਕਰਕੇ ਬੜੇ ਘਿਰਣਾਮਈ
ਅੰਦਾਜ਼ 'ਚ ਵੇਖਿਆ।
"ਜੇ ਤੁਸੀਂ ਮਾਸੜ ਦੀਆਂ ਗੱਲਾਂ ਦਾ ਈ ਇਤਬਾਰ ਕਰਨੈ ਤਾਂ ਆਖੋ ਓਹਨੂੰ ਗੁਰਦੁਆਰੇ ਜਾ
ਕੇ ਖਾਵੇ ਸੌਹ ਦੋਹਾਂ ਬੱਚਿਆਂ ਦੀ," ਡਿੰਪਲ ਨੇ ਰੁਆਂਸੀ ਆਵਾਜ਼ 'ਚ ਕਿਹਾ।
"ਹਾਏ, ਹਾਏ ਕੰਜਰੀਏ ਜਵਾਕ ਤਾਂ ਤੇਰੇ ਸਾਹਾਂ 'ਚ ਸਾਹ ਲੈਂਦੇ ਆਂ, ਤੂੰ ਓਨ੍ਹਾਂ ਨੂੰ ਵੀ ਨੀ
ਬਖ਼ਸ਼ਦੀ," ਮਨਜੀਤ ਉਸ ਨੂੰ ਝਈ ਲੈ ਕੇ ਪਈ।
"ਤੂੰ ਇਹਦੀ ਗੱਲ ਤਾਂ ਸੁਣ ਲੈ, ਆਵਦੀਆਂ ਈ ਮਾਰੀ ਜਾਨੀ ਐਂ," ਰਾਣੇ ਨੇ ਖਰ੍ਹਵੀ
ਆਵਾਜ਼ 'ਚ ਕਿਹਾ।
"ਤੂੰ ਆਵਦਾ ਕੰਮ ਕਰ, ਤੇਰਾ ਕੋਈ ਕੰਮ ਨਹੀਂ ਵਿਚ ਟੰਗ ਅੜਾਉਣ ਦਾ," ਮਨਜੀਤ ਨੇ
ਰਾਣੇ ਨੂੰ ਅੱਖਾਂ ਵਿਖਾਈਆਂ।
"ਟੰਗ ਅੜਾਉਣ ਨੂੰ ਮੈਂ ਕੀ..." ਆਖਦਾ ਰਾਣਾ ਚੁੱਪ ਕਰ ਗਿਆ। ਉਸ ਦੀਆਂ ਮੁੱਠੀਆਂ
ਮਿਚ ਗਈਆਂ।
"ਕਮਜਾਤ ਨੇ ਕੱਖੋਂ ਹੌਲੇ ਕਰਕੇ ਰੱਖਤਾ। ਹੁਣ ਐਹੋ ਜਿਆਂ ਤੋਂ ਅੱਖਾਂ ਕਢਵਾਉਂਦੀ ਐ।
ਨਾਲੇ ਵੇਖਲਾਂ ਗੇ ਤੈਨੂੰ ਵੀ ਵੱਡੇ ਨੂੰ।" ਆਖਦੀ ਮਨਜੀਤ ਵਾਪਸ ਚਲੀ ਗਈ।
"ਵੇਖ ਲੀਂ ਜਿਹੜਾ ਵੇਖਣੈ," ਆਖਦੇ ਰਾਣੇ ਨੇ ਦਰਵਾਜ਼ਾ ਬੰਦ ਕਰ ਦਿੱਤਾ।
ਮਾਸੀ ਦੇ ਤੁਰ ਜਾਣ ਪਿੱਛੋਂ ਡਿੰਪਲ ਸਿਸਕਣ ਲੱਗੀ, 'ਮਾਸੀ ਕਿਤੇ ਮੇਰੀਆਂ ਰੋ-ਰੋ ਸੁੱਜੀਆਂ
ਅੱਖਾਂ ਵੱਲ ਵੀ ਵੇਖਦੀ। ਮੈਂ ਤਾਂ ਸੋਚਦੀ ਸੀ ਬਈ ਮਾਸੀ ਆ ਕੇ ਸੰਭਾਲ ਲਵੇਗੀ ਮੈਨੂੰ, ਪਰ ਤੂੰ ਤਾਂ
ਜਮਾਂ ਈ ਧੱਕਾ ਦੇ ਗਈ ਐਂ।' ਉਹ ਉਦੋਂ ਤਕ ਸਿਸਕਦੀ ਰਹੀ ਜਦ ਤਕ ਉਸ ਦੀ ਮੰਮੀ ਦਾ ਫੋਨ ਨਾ
ਆ ਗਿਆ। ਉਸ ਪੁੱਛਿਆ, "ਜਿਹੜੇ ਮੁੰਡੇ ਕੋਲ ਐਂ ਤੂੰ, ਉਹ ਘਰ-ਪਰਿਵਾਰ ਵਾਲੈ?"
"ਨਹੀਂ, ਇਕੱਲਾ ਰਹਿੰਦੈ, ਰਫਿਊਜੀ ਐ।"
ਥੋੜ੍ਹੀ ਦੇਰ ਚੁੱਪ ਰਹਿ ਕੇ ਉਸ ਦੀ ਮੰਮੀ ਨੇ ਕਿਹਾ, "ਤੂੰ ਕਿਤੇ ਹੋਰ ਚਲੀ ਜਾਣਾ ਸੀ?"
"ਤੁਸੀਂ ਹੀ ਦੱਸੋ ਕਿੱਥੇ ਜਾਵਾਂ?"
ਉਸ ਦੀ ਮੰਮੀ ਚੁੱਪ ਕਰ ਗਈ। ਡਿੰਪਲ ਨੇ ਫਿਰ ਕਿਹਾ, "ਤੁਹਾਨੂੰ ਮੇਰੇ 'ਤੇ ਇਤਬਾਰ ਨਹੀਂ?"
"ਤੇਰੇ 'ਤੇ ਇਤਬਾਰ ਕੀਤਾ ਕੀ ਕਰ ਲਊ। ਲੋਕਾਂ ਦੀ ਜ਼ੁਬਾਨ ਨਹੀਂ ਫੜੀ ਜਾਂਦੀ ਹੁੰਦੀ। ਹਾਲੇ
ਤਾਂ ਤੇਰੀ ਮਾਸੀ ਈ ਗੱਲਾਂ ਬਣਾਉਣੋਂ ਨੀ ਹਟਦੀ। ਤੂੰ ਕਿਸੇ ਕੁੜੀ-ਕੱਤਰੀ ਨਾਲ ਭਾਲ ਕਰ ਕਮਰੇ ਦੀ।
ਨਾਲੇ ਕਿਸੇ ਕੋਲ ਬਹੁਤੀ ਗੱਲ ਕਰਨ ਦੀ ਲੋੜ ਨਹੀਂ ਬਈ ਕੀ ਹੋਇਐ, ਆਖ ਦੇਈਂ ਬਈ ਮਾਸੜ
ਆਵਦੇ ਲੰਗੜੇ ਭਤੀਜੇ ਦਾ ਰਿਸ਼ਤਾ ਲੈਣ ਨੂੰ ਕਹਿੰਦਾ ਸੀ, ਜਦੋਂ ਨਹੀਂ ਮੰਨੇ ਤਾਂ ਘਰੋਂ ਕੱਢਤਾ।
ਸੰਭਲ-ਸੰਭਲ ਤੁਰਨਾ ਪਊ ਕੁੜੀਏ," ਮੰਮੀ ਨੇ ਕਿਹਾ।
ਫਿਰ ਉਸ ਦੇ ਡੈਡੀ ਉਸਨੂੰ ਹੌਸਲਾ ਦਿੰਦੇ ਆਖਣ ਲੱਗੇ, "ਵਾਪਸ ਮੁੜਨ ਬਾਰੇ ਸੋਚਣਾ ਵੀ
ਨਹੀਂ। ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਨਗੇ।....ਇਹ ਇਕ ਲੜਾਈ ਹੈ ਜਿਹੜੀ ਹੌਸਲੇ ਨਾਲ
ਲੜਨੀ ਹੈ। ਇਸ ਲੜਾਈ ਨਾਲ ਘਰ ਦੇ ਬਾਕੀ ਜੀਆਂ ਦਾ ਭਵਿੱਖ ਵੀ ਬੱਝਾ ਹੋਇਐ।" ਉਨ੍ਹਾਂ ਹੋਰ
ਵੀ ਸਮਝਾਉਤੀਆਂ ਦਿੱਤੀਆਂ। ਡਿੰਪਲ ਖਾਲੀ-ਖਾਲੀ ਨਜ਼ਰਾਂ ਨਾਲ ਕੰਧ ਨੂੰ ਘੂਰਦੀ ਸੋਚਣ ਲੱਗੀ
ਕਿ ਉਹ ਕਿਵੇਂ ਲੜੇਗੀ ਇਹ ਲੜਾਈ?
"ਇਉਂ ਬੈਠਣ ਨਾਲ ਕੁਝ ਨੀ ਬਣਨਾ ਕੁੜੀਏ। ਜੇ ਘਰਦੇ ਕੋਈ ਹੋਰ ਟਿਕਾਣਾ ਲੱਭਣ ਲਈ
ਕਹਿੰਦੇ ਆ ਤਾਂ ਤਿਆਰ ਹੋ ਕੇ ਕਾਲਿਜ ਜਾ ਕੇ ਪੁੱਛ, ਕਈ ਵਾਰੀ ਕਿਸੇ ਕੁੜੀ ਨੂੰ ਰੂਮ-ਮੇਟ ਚਾਹੀਦੀ

ਹੁੰਦੀ ਐ," ਰਾਣੇ ਨੇ ਕਹਿੰਦਿਆਂ ਉਸ ਨੂੰ ਵਾਸ਼ਰੂਮ ਦਾ ਰਾਹ ਵਿਖਾਇਆ।

"ਕੀ ਬਣੂਗਾ ਮੇਰਾ? ਮੈਂ ਤਾਂ ਕਿਸੇ ਹੋਰ ਨੂੰ ਜਾਣਦੀ ਵੀ ਨਹੀਂ ਇੱਥੇ," ਆਖਦੀ ਡਿੰਪਲ ਨੇ ਹਉਕਾ ਲਿਆ।

"ਜਾਣਦੀ ਕਿਓਂ ਨਹੀਂ? ਮੈਂ ਹੈਗਾ ਆਂ ਇੱਥੇ। ਜਦੋਂ ਕਦੇ ਵੀ ਲੋੜ ਹੋਈ ਮੈਂ ਕਿਤੇ ਨੀ ਭੱਜਿਆ। ਹੁਣ ਉੱਠ ਕੇ ਤਿਆਰ ਹੋ," ਰਾਣੇ ਨੇ ਕਿਹਾ।

ਡਿੰਪਲ ਤਿਆਰ ਹੋ ਕੇ ਰਾਣੇ ਦੇ ਨਾਲ ਕਾਲਿਜ ਵੱਲ ਚੱਲ ਪਈ। ਕਾਰ ਵਿਚ ਬੈਠੀ ਡਿੰਪਲ ਨੂੰ ਆਪਣੀ ਜਮਾਤਣ ਪੈਟੀ ਦਾ ਖਿਆਲ ਆਇਆ, 'ਕਿੰਨਾ ਨੇੜੇ ਹੋ ਹੋ ਬਹਿੰਦੀ ਹੁੰਦੀ ਹੈ, ਰਹਿੰਦੀ ਵੀ ਇਕੱਲੀ ਐ, ਹੋ ਸਕਦੈ ਆਪਣੇ ਨਾਲ ਰੱਖ ਹੀ ਲਵੇ? ਪਰ ਕੀ ਪਤਾ ਹੁੰਦੈ ਇਨ੍ਹਾਂ ਗੋਰੀਆਂ ਦਾ?' ਉਹ ਸੋਚ ਕੇ ਮੁਰਝਾ ਜਿਹਾ ਗਈ। ਫਿਰ ਉਸ ਨੇ ਸੋਚਿਆ, 'ਨਹੀਂ, ਪੈਟੀ ਨੀ ਐਹੋ ਜੀ, ਉਹ ਤਾਂ ਦੂਜੀ ਪੱਲਵੀ ਲਗਦੀ ਹੁੰਦੀ ਐ ਕਦੇ-ਕਦੇ,' ਸੋਚਦੀ ਡਿੰਪਲ ਨੂੰ ਉਹ ਦਿਨ ਯਾਦ ਆਇਆ ਜਿਸ ਦਿਨ ਪੈਟੀ ਨੇ ਪੱਲਵੀ ਵਾਂਗ ਹੀ ਉਸ ਦੀ ਗੱਲ੍ਹ ਵਿਚ ਪੈਂਦੇ ਟੋਏ ਨੂੰ ਛੇੜਦਿਆਂ ਕਿਹਾ ਸੀ, "ਤੂੰ ਬਹੁਤ ਸੋਹਣੀ ਐਂ!" ਉਸ ਦਿਨ ਡਿੰਪਲ ਦਾ ਜੀਅ ਕੀਤਾ ਸੀ ਕਿ ਉਹ ਆਪਣੀ ਹੋਸਟਲ ਵੇਲੇ ਦੀ ਰੂਮ-ਮੇਟ ਪੱਲਵੀ ਵਾਂਗ ਪੈਟੀ ਨੂੰ ਵੀ ਉਸ ਦੀ ਨੱਕ ਦੀ ਕਰੂੰਬਲ ਮਰੋੜਦੇ ਹੋਏ ਕਹੇ, 'ਚੱਲ-ਚੱਲ ਫਲਰਟ ਨਾ ਕਰ' ਪਰ ਉਹ ਜਕ ਗਈ ਸੀ। ਪੈਟੀ ਨੂੰ ਪੱਲਵੀ ਨਾਲ ਮੇਲਦਿਆਂ ਉਸ ਨੂੰ ਆਸ ਜਿਹੀ ਬੱਝੀ ਕਿ ਪੈਟੀ ਉਸ ਨੂੰ ਆਪਣੇ ਨਾਲ ਰੱਖ ਲਵੇਗੀ।

ਕਾਲਿਜ ਪਹੁੰਚ ਡਿੰਪਲ ਨੇ ਪੈਟੀ ਨੂੰ ਪਾਸੇ ਲਿਜਾ ਕੇ ਕੰਬਦੀ ਆਵਾਜ਼ 'ਚ ਆਪਣੇ ਰਹਿਣ ਦੀ ਥਾਂ ਬਾਰੇ ਪੁੱਛਿਆ। ਪੈਟੀ ਨੇ ਡਿੰਪਲ ਦੀਆਂ ਰੋ-ਰੋ ਕੇ ਸੁੱਜੀਆਂ ਅੱਖਾਂ ਵੱਲ ਵੇਖਿਆ, ਫਿਰ ਉਸ ਦੇ ਫਰਕਦੇ ਬੁੱਲ੍ਹਾਂ ਵੱਲ ਜਿਹਨਾਂ ਨੂੰ ਡਿੰਪਲ ਰੋਣਾ ਰੋਕਣ ਲਈ ਘੁੱਟਣ ਦੀ ਕੋਸ਼ਿਸ਼ ਕਰ ਰਹੀ ਸੀ। ਪੈਟੀ ਨੇ ਉਸ ਨੂੰ ਆਪਣੇ ਨਾਲ ਘੁੱਟਦਿਆਂ ਕਿਹਾ, "ਮੈਨੂੰ ਤਾਂ ਸਗੋਂ ਤੇਰੇ ਵਰਗੀ ਰੂਮ-ਮੇਟ ਚਾਹੀਦੀ ਹੈ।"

"ਪਰ ਮੇਰੇ ਕੋਲ ਐਸ ਵੇਲੇ ਕੋਈ ਸਾਮਾਨ ਨਹੀਂ ਹੈ", ਡਿੰਪਲ ਨੇ ਮਰੀ ਜਿਹੀ ਆਵਾਜ਼ ਵਿਚ ਕਿਹਾ।

"ਫਿਕਰ ਨਾ ਕਰ, ਮੈਨੂੰ ਖੁਸ਼ੀ ਹੈ ਕਿ ਤੂੰ ਮੈਨੂੰ ਆਪਣੀ ਸਹਾਇਤਾ ਲਈ ਚੁਣਿਆ," ਆਖਦੀ ਪੈਟੀ ਨੇ ਡਿੰਪਲ ਦੇ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ। ਡਿੰਪਲ ਨੇ ਧੰਨਵਾਦੀ ਤੱਕਣੀ ਨਾਲ ਪੈਟੀ ਵੱਲ ਵੇਖਿਆ ਅਤੇ ਕਾਰ ਵਿਚ ਬੈਠੇ ਰਾਣੇ ਨੂੰ ਦੱਸਣ ਤੁਰ ਪਈ। ਰਾਣੇ ਨੇ ਦੋ ਸੌ ਡਾਲਰ ਅਤੇ ਫੋਨ ਕਾਰਡ ਫੜਾਉਂਦਿਆਂ ਕਿਹਾ, "ਆਹ ਫੜ, ਤੈਨੂੰ ਲੋੜ ਪਵੇਗੀ।" ਡਿੰਪਲ ਨੂੰ ਝਿਜਕਦੀ ਵੇਖ ਉਸ ਕਿਹਾ, "ਜਦੋਂ ਤੇਰੇ ਕੋਲ ਹੋਏ ਮੋੜ ਦੇਵੀਂ। ਪਰ ਖੁਸ਼ ਰਿਹਾ ਕਰ। ਟੋਇਆਂ ਵਾਲੀਆਂ ਸਰਕਾਰਾਂ ਟੋਇਆਂ ਨਾਲ ਹੀ ਸੋਹਣੀਆਂ ਲਗਦੀਐਂ।" ਡਿੰਪਲ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਉਸ ਦੀ ਗੱਲ੍ਹ ਵਿਚ ਪਏ ਟੋਏ ਵੇਖ ਰਾਣਾ ਬੋਲਿਆ, "ਜਿਊਂਦੀ ਰਹਿ ਕੁੜੀਏ! ਕੱਲ੍ਹ ਨੂੰ ਕੰਮ 'ਤੇ ਤਾਂ ਆਏਂਗੀ ਹੀ?"

ਜਦ ਡਿੰਪਲ ਦੂਜੇ ਦਿਨ ਸ਼ਨਿੱਚਰਵਾਰ ਕੰਮ 'ਤੇ ਮੈਕਸ ਕਨਵੀਨੀਐਂਸ ਸਟੋਰ ਦੇ ਨਾਲ ਲੱਗਵੇਂ ਲਾਂਡਰੋਮੈਟ ਪਹੁੰਚੀ ਤਾਂ ਮਾਲਕਣ ਦਾ ਜਵਾਬ ਸੁਣ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਮਾਲਕਣ ਨੇ ਕਿਹਾ, "ਸੌਰੀ, ਅਸੀਂ ਵੇਰੀ ਹੋਰ ਹੈਲਪ ਨਹੀਂ ਕਰ ਸਕਦੇ। ਇਲੀਗਲ ਤੌਰ 'ਤੇ ਕੰਮ ਦੇਣ ਕਰਕੇ ਸਾਡੀ ਸ਼ਿਕਾਇਤ ਹੋ ਸਕਦੀ ਹੈ।"

ਸੁੰਨ ਹੋਈ ਖੜੋਤੀ ਡਿੰਪਲ ਸੋਚਣ ਲੱਗੀ, 'ਇਹ ਕਿਹੜੇ ਜਨਮਾਂ ਦੇ ਬਦਲੇ ਲੈ ਰਹੀ ਐ ਮਾਸੀ?' ਭਰੀ-ਪੀਤੀ ਉਹ ਵਿਚਕਾਰਲੇ ਦਰਵਾਜ਼ੇ ਰਾਹੀਂ ਮੈਕਸ ਸਟੋਰ 'ਚ ਕੰਮ ਕਰਦੇ ਰਾਣੇ ਕੋਲ ਜਾ ਖੜ੍ਹੀ।

"ਕੋਈ ਨਾ ਆਪਾਂ ਕਿਤੇ ਹੋਰ ਕੰਮ ਲੱਭ ਲਵਾਂਗੇ," ਰਾਣੇ ਨੇ ਉਸ ਨੂੰ ਭਰੋਸਾ ਦਿਵਾਇਆ। ਪਰ ਮਾਸੀ ਦੀਆਂ ਗੱਲਾਂ ਸੁਣ ਕੇ ਉਸ ਨੂੰ ਇਹ ਭਰੋਸਾ ਬੇਅਰਥਾ ਲੱਗਾ। ਜਦ ਆਪਣਾ



ਸਾਮਾਨ ਲੈਣ ਲਈ ਉਸ ਨੇ ਆਪਣੀ ਮਾਸੀ ਦੇ ਘਰ ਫੋਨ ਕੀਤਾ, ਉਸ ਦੀ ਮਾਸੀ ਬੋਲੀ, "ਸਾਡੀ ਮਿੱਟੀ ਨਾ ਪਲੀਤ ਕਰਦੀ ਫਿਰ। ਭਲੀ ਮਾਣਸ ਬਣ ਕੇ ਵਾਪਸ ਮੁੜ ਜਾ, ਟਿਕਟ ਤੇਰੀ ਮੈਂ ਲੈ ਦਿੰਨੀ ਆਂ।"

"ਵਾਪਸ ਤਾਂ ਨੀ ਹੁਣ ਮੈਂ ਮੁੜਦੀ।"

"ਵੇਹਨੀਂ ਆਂ ਤੈਨੂੰ ਫਿਰ ਕਿਵੇਂ ਨੀ ਮੁੜਦੀ। ਅਗਾਂਹ ਦੀ ਫੀਸ ਅਸੀਂ ਨੀ ਤੇਰੀ ਭਰਦੇ। ਕੰਮ ਕਿਤੇ ਤੂੰ ਨੀ ਕਰ ਸਕਦੀ। ਜੇ ਕਰੇਂਗੀ, ਮੈਂ ਸ਼ਿਕਾਇਤ ਕਰੂੰ। ਹੁਣ ਤਾਂ ਟਿਕਟ ਮੈਂ ਕਟਾਉਣੀ ਐਂ, ਫੇਰ ਜਬਕਦੀ ਫਿਰੀਂ।"

"ਮੈਨੂੰ ਨੀ ਚਾਹੀਦੀ ਤੁਹਾਡੀ ਟਿਕਟ," ਡਿੰਪਲ ਨੇ ਜਵਾਬ ਦਿੱਤਾ।

"ਨਹੀਂ ਚਾਹੀਦੀ ਤਾਂ ਭੌਂਕਦੀ ਫਿਰ, ਹੈਨੀ ਤੇਰਾ ਕੋਈ ਸਾਮਾਨ ਐਥੇ", ਆਖ ਕੇ ਮਨਜੀਤ ਨੇ ਫੋਨ ਕੱਟ ਦਿੱਤਾ।

ਕੁਝ ਦੇਰ ਡਿੰਪਲ ਅੰਦਰੇ-ਅੰਦਰ ਆਪਣੀ ਮਾਸੀ ਪ੍ਰਤੀ ਜ਼ਹਿਰ ਘੋਲਦੀ ਰਹੀ। ਫਿਰ ਇਹ ਜ਼ਹਿਰ ਹੰਝੂਆਂ ਰਾਹੀਂ ਵਹਿ ਤੁਰੀ। ਮਨਜੀਤ ਦਾ ਦਿੱਤਾ ਡਰਾਵਾ ਕਿ 'ਅਗਲੇ ਸਾਲ ਦੀ ਫੀਸ ਅਸੀਂ ਨੀ ਭਰਦੇ' ਉਸ ਦੇ ਦਿਮਾਗ਼ ਵਿਚ ਘੁੰਮਣ ਲੱਗਾ। ਡਿੰਪਲ ਨੇ ਫੀਸ ਬਾਰੇ ਆਪਣੇ ਮੰਮੀ-ਡੈਡੀ ਨੂੰ ਗੱਲਾਂ ਕਰਦੇ ਸੁਣਿਆ ਸੀ। ਉਸ ਦੇ ਡੈਡੀ ਨੇ ਕਿਹਾ ਸੀ, "ਪਹਿਲੇ ਸਾਲ ਦੀ ਫੀਸ ਆਪਾਂ ਮੋਗੇ ਵਾਲਾ ਪਲਾਟ ਵੇਚ ਕੇ ਭਰ ਦੇਵਾਂਗੇ। ਦੂਜੇ ਸਾਲ ਦੀ ਫੀਸ ਜਗਜੀਤ ਸਿਓਂ ਕਹਿੰਦਾ ਸੀ ਮੈਂ ਆਪੇ ਭਰ ਦਊਂ। ਜਦੋਂ ਆਪਾਂ ਉਥੇ ਚਲੇ ਗਏ ਉਸ ਦੇ ਪੈਸੇ ਮੋੜ ਦਿਆਂਗੇ।" ਯਾਦ ਕਰਕੇ ਡਿੰਪਲ ਦੀ ਚਿੰਤਾ ਹੋਰ ਵਧ ਗਈ।

'ਕਾਲਿਜ ਦੇ ਅਗਲੇ ਸਾਲ ਦੀ ਫੀਸ ਕਿੱਥੋਂ ਭਰੂੰ? ਜੇ ਡੈਡੀ ਔਖੇ-ਸੌਖੇ ਫੀਸ ਭਰ ਵੀ ਦੇਣਗੇ ਤਾਂ ਖਰਚਾ ਕਿੱਥੋਂ ਤੋਰੂੰ। ਬੇਸਮੈਂਟ ਦਾ ਰੈਂਟ ਤੇ ਹੋਰ ਖਰਚੇ ਕਿਵੇਂ ਚੱਲਣਗੇ? ਲੀਗਲੀ ਕੰਮ ਕਿਤੇ ਮੈਂ ਨੀ ਕਰ ਸਕਦੀ। ਕੀ ਬਣੂੰਗਾ? ਪੈਟੀ ਤੇ ਰਾਣਾ ਕਿੰਨੀ ਕੁ ਹੈਲਪ ਕਰ ਦੇਣਗੇ?' ਸੋਚਦੀ ਉਹ ਹੁਬਕੋ-ਹੁਬਕੀ ਰੋ ਪਈ। ਪੈਟੀ ਨੇ ਉਸ ਨੂੰ ਆਪਣੀਆਂ ਬਾਹਾਂ 'ਚ ਲੈ ਲਿਆ। ਡਿੰਪਲ ਨੇ ਹੋਈ-ਬੀਤੀ ਪੈਟੀ ਨੂੰ ਦੱਸ ਦਿੱਤੀ।

"ਤੂੰ ਪੁਲੀਸ ਨੂੰ ਸ਼ਿਕਾਇਤ ਕਿਉਂ ਨੀ ਕਰਦੀ?" ਪੈਟੀ ਨੇ ਕਿਹਾ

"ਨਹੀਂ, ਮੇਰੇ ਮਾਂ-ਬਾਪ ਨਹੀਂ ਚਾਹੁੰਦੇ ਕਿ ਮੈਂ ਇਸ ਤਰ੍ਹਾਂ ਕਰਾਂ," ਡਿੰਪਲ ਨੇ ਜਵਾਬ ਦਿੱਤਾ।

"ਇਸ ਤਰ੍ਹਾਂ ਤਾਂ ਉਸ ਸੂਰ ਨੂੰ ਹੋਰ ਸ਼ਹਿ ਮਿਲੇਗੀ। ਉਹ ਕਿਸੇ ਹੋਰ ਨਾਲ ਵੀ ਇਸੇ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰੇਗਾ," ਪੈਟੀ ਦਾ ਜਿਵੇਂ ਆਪਣਾ ਕੋਈ ਜ਼ਖ਼ਮ ਉੱਚੜ ਗਿਆ ਹੋਵੇ।

"ਮੈਨੂੰ ਇਸ ਨਾਲੋਂ ਆਪਣੇ ਭਵਿੱਖ ਦੀ ਜ਼ਿਆਦਾ ਚਿੰਤਾ ਹੈ," ਸੁਣ ਕੇ ਪੈਟੀ ਚੁੱਪ ਕਰ ਗਈ। ਫਿਰ ਬੋਲੀ, "ਹਰੇਕ ਸਮੱਸਿਆ ਦਾ ਕੋਈ ਨਾ ਕੋਈ ਹੱਲ ਜ਼ਰੂਰ ਹੁੰਦਾ ਹੈ। ਤੂੰ ਫਿਕਰ ਨਾ ਕਰ।"

ਡਿੰਪਲ ਨੂੰ ਲੱਗਿਆ ਸੀ ਜਿਵੇਂ ਉਸ ਦੀ ਸਮੱਸਿਆ ਦਾ ਹੱਲ ਉਸ ਦੀ ਕਲਾਸ-ਮੇਟ ਕਿੰਮਬਰਲੀ ਨੇ ਕੱਢ ਦੇਣਾ ਸੀ। ਕਾਲਿਜ ਵਿਚ ਉਸ ਨੂੰ ਕਿੰਮਬਰਲੀ ਨੇ ਕਿਹਾ ਸੀ, "ਤੂੰ ਘਬਰਾ ਨਾ, ਤੈਨੂੰ ਕਿਸੇ ਦੇ ਸਹਾਰੇ ਦੀ ਜ਼ਰੂਰਤ ਨਹੀਂ। ਤੂੰ ਖੁਦ ਆਪਣੀ ਦੇਖਭਾਲ ਕਰ ਸਕਦੀ ਹੈਂ। ਮੈਂ ਕਲਾਸ ਤੋਂ ਬਾਅਦ ਤੈਨੂੰ ਦੱਸੂੰਗੀ ਕਿ ਕਿਵੇਂ ਕਮਾਈ ਕਰਨੀ ਹੈ।"

"ਪਰ ਮੈਂ ਤਾਂ ਸਟੂਡੈਂਟ ਵੀਜ਼ੇ 'ਤੇ ਆਈ ਹੋਈ ਹਾਂ। ਆਪਣਾ ਕਾਲਿਜ ਪ੍ਰਾਈਵੇਟ ਹੈ, ਇਸ ਕਰਕੇ ਮੈਂ ਕਿਤੇ ਕੰਮ ਨਹੀਂ ਕਰ ਸਕਦੀ," ਡਿੰਪਲ ਨੇ ਮਾਯੂਸੀ ਨਾਲ ਕਿਹਾ।

"ਤੂੰ ਫਿਕਰ ਨਾ ਕਰ। ਮੈਂ ਆਪੇ ਪ੍ਰਬੰਧ ਕਰ ਲਵਾਂਗੀ। ਤੂੰ ਸਾਰਾ ਕੁਝ ਮੇਰੇ ਉਪਰ ਛੱਡ ਦੇ," ਆਖ ਕਿੰਮਬਰਲੀ ਨੇ ਉਸ ਦਾ ਮੋਢਾ ਥਪਥਪਾਇਆ।

ਡਿੰਪਲ ਲਈ ਕਲਾਸ ਜਿਵੇਂ ਮੁੱਕਣ ਵਿਚ ਹੀ ਨਹੀਂ ਸੀ ਆ ਰਹੀ। ਕਲਾਸ ਖਤਮ ਹੁੰਦੇ ਸਾਰ ਹੀ ਉਹ ਕਿੰਮਬਰਲੀ ਕੋਲ ਗਈ, "ਮੇਰੀ ਬੱਸ ਦਾ ਟਾਈਮ ਹੋਣ ਵਾਲਾ ਹੈ। ਤੂੰ ਕ੍ਰਿਪਾ ਕਰਕੇ ਆਪਣੀ

ਸਲਾਹ ਦੱਸੇਂਗੀ?"
"ਫਿਕਰ ਨਾ ਕਰ। ਮੈਂ ਤੈਨੂੰ ਛੱਡ ਦੇਵਾਂਗੀ। ਮੈਂ ਆਰਾਮ ਨਾਲ ਦੱਸਾਂਗੀ। ਜੇ ਚਾਹੇਂ ਤਾਂ
ਮੇਰੇ ਨਾਲ ਚੱਲ ਮੇਰੀ ਅਪਾਰਟਮੈਂਟ 'ਚ," ਆਖਦਿਆਂ ਕਿੰਮਬਰਲੀ ਨੇ ਆਪਣੀਆਂ ਅੱਖਾਂ ਡਿੰਪਲ ਦੇ
ਚਿਹਰੇ ਉੱਪਰ ਗੱਡ ਦਿੱਤੀਆਂ।
"ਨਹੀਂ, ਧੰਨਵਾਦ, ਮੈਂ ਪੈਟੀ ਨਾਲ ਹੀ ਠੀਕ ਹਾਂ," ਆਖ ਡਿੰਪਲ ਨੇ ਧੰਨਵਾਦੀ ਨਜ਼ਰਾਂ
ਨਾਲ ਪੈਟੀ ਵੱਲ ਵੇਖਕੇ ਕਿਹਾ।
"ਤੇਰੀ ਮਰਜ਼ੀ," ਆਖ ਕਿੰਮਬਰਲੀ ਉਨ੍ਹਾਂ ਨੂੰ ਆਪਣੀ ਕਾਰ ਵੱਲ ਲੈ ਤੁਰੀ।
ਪੈਟੀ ਦੀ ਬੇਸਮੈਂਟ ਵਿਚ ਪਹੁੰਚ ਕਿੰਮਬਰਲੀ ਨੇ ਆਸੇ-ਪਾਸੇ ਕੰਧਾਂ ਵੱਲ ਨਿਗ੍ਹਾ ਘੁਮਾ ਕੇ
ਕਿਹਾ, "ਤੂੰ ਇਸ ਤੋਂ ਕਿਤੇ ਵਧੀਆ ਅਪਾਰਟਮੈਂਟ ਰੈਂਟ ਕਰ ਸਕੇਂਗੀ।" ਡਿੰਪਲ ਨੇ ਉਸ ਵੱਲ ਇਸ
ਤਰ੍ਹਾਂ ਵੇਖਿਆ ਜਿਵੇਂ ਕਿੰਮਬਰਲੀ ਕੋਈ ਜਾਦੂਗਰ ਹੋਵੇ।
"ਮੈਂ ਹਫਤੇ ਵਿਚ ਦੋ ਦਿਨ ਕੰਮ ਕਰਦੀ ਹਾਂ। ਕੋਈ ਸਟੂਡੈਂਟ ਲੋਨ ਨਹੀਂ ਲਿਆ। ਆਪਣੀ
ਅਪਾਰਟਮੈਂਟ ਹੈ। ਤੈਨੂੰ ਵੀ ਇਹ ਸਾਰਾ ਕੁਝ ਮਿਲ ਸਕਦਾ ਹੈ," ਆਖਦੀ ਕਿੰਮਬਰਲੀ ਰਹੱਸਮਈ ਨਜ਼ਰਾਂ
ਨਾਲ ਡਿੰਪਲ ਵੱਲ ਵੇਖਣ ਲੱਗੀ। ਫਿਰ ਬੋਲੀ, "ਜਿੰਨੀ ਦੇਰ ਮੈਂ ਇਹ ਕੋਰਸ ਮੁਕਾ ਕੇ ਕੋਈ ਜੌਬ ਨਹੀਂ
ਲੱਭ ਲੈਂਦੀ ਓਨੀ ਦੇਰ ਇਹ ਕੰਮ ਕਰਾਂਗੀ।"
"ਪਰ ਇਹ ਕੰਮ ਹੈ ਕੀ?" ਡਿੰਪਲ ਨੇ ਹੈਰਾਨੀ ਨਾਲ ਪੁੱਛਿਆ।
"ਮਸਾਜ-ਪਾਰਲਰ 'ਚ ਕੰਮ ਕਰੇਂਗੀ? ਕੋਈ ਖਤਰਾ ਨਹੀਂ ਹੈ, ਕੋਈ ਡਰ ਨਹੀਂ, ਤੂੰ ਤਾਂ
ਮੇਰੇ ਨਾਲੋਂ ਵੀ ਵੱਧ ਕਮਾ ਲਿਆ ਕਰੇਂਗੀ, ਤੇਰੇ ਵਰਗੀਆਂ ਭੂਰੀ ਚਮੜੀ ਦੀਆਂ ਕੁੜੀਆਂ ਇਸ ਕਿੱਤੇ
ਵਿਚ ਬਹੁਤ ਥੋੜ੍ਹੀਆਂ ਹਨ," ਆਖਦੀ ਕਿੰਮਬਰਲੀ ਨੇ ਡਿੰਪਲ ਦੇ ਚਿਹਰੇ ਵੱਲ ਵੇਖਿਆ।
ਡਿੰਪਲ ਉਸ ਵੱਲ ਭੌਰ-ਭੌਰੀਆਂ ਅੱਖਾਂ ਨਾਲ ਵੇਖਦੀ ਰਹੀ। ਪਰ ਪੈਟੀ ਬੇਸਮੈਂਟ ਦੇ ਬਾਹਰ
ਵਾਲੇ ਦਰਵਾਜ਼ ਨੂੰ ਖੋਹਲ ਕੇ ਬੋਲੀ, "ਇਹਨੂੰ ਸੋਚਣ ਦਾ ਮੌਕਾ ਦੇ, ਤੈਨੂੰ ਇਹ ਛੇਤੀ ਹੀ ਦੱਸ ਦੇਵੇਗੀ।"
ਪੈਟੀ ਦਾ ਇਸ਼ਾਰਾ ਸਮਝਦਿਆਂ ਕਿੰਮਬਰਲੀ ਉੱਠ ਕੇ ਬਾਹਰ ਨਿਕਲਦੀ ਬੋਲੀ, "ਯਕੀਨਨ, ਮੈਂ ਇਸ ਦੇ
ਜਵਾਬ ਦੀ ਉਡੀਕ ਕਰਾਂਗੀ।"
ਕਿੰਮਬਰਲੀ ਦੇ ਪਿੱਛੇ ਬੇਸਮੈਂਟ ਦਾ ਦਰਵਾਜ਼ਾ ਠਾਹ ਦੇਣੇ ਮਾਰਦਿਆਂ ਪੈਟੀ ਨੇ ਭਰਵੀਂ ਗਾਲ੍ਹ
ਕੱਢੀ ਅਤੇ ਡਿੰਪਲ ਦੇ ਕੋਲ ਆ ਕੇ ਬੈਠ ਗਈ।
"ਇਹ ਮਸਾਜ-ਪਾਰਲਰ 'ਚ ਕੀ ਕੰਮ ਹੁੰਦਾ ਹੈ?" ਡਿੰਪਲ ਨੇ ਪੁੱਛਿਆ।
"ਵੇਸਵਾਗਿਰੀ ਦਾ ਨਵਾਂ ਤਰੀਕਾ ਹੈ ਇਹ।"
ਡਿੰਪਲ ਉਸ ਵੱਲ ਬਿੱਟ-ਬਿੱਟ ਵੇਖਦੀ ਰਹੀ, ਫਿਰ ਪੈਟੀ ਦੇ ਗਲ ਲੱਗ ਕੇ ਰੋ ਪਈ। ਪੈਟੀ
ਉਸ ਦੇ ਵਾਲ ਸਹਿਲਾਉਂਦੀ ਉਸ ਨੂੰ ਦਿਲਾਸਾ ਦਿੰਦੀ ਰਹੀ। ਪਰ ਡਿੰਪਲ ਦਾ ਰੋਣ ਠੱਲ੍ਹਣ 'ਚ ਨਹੀਂ ਸੀ
ਆ ਰਿਹਾ। ਪੈਟੀ ਨੇ ਉਸਨੂੰ ਆਪਣੇ ਨਾਲ ਘੁੱਟ ਲਿਆ।
ਮੱਲੋ-ਜ਼ੋਰੀ ਡਿੰਪਲ ਨੂੰ ਖਾਣਾ ਖਵਾ ਕੇ ਪੈਟੀ ਨੇ ਉਸ ਨੂੰ ਸਾਰਾ ਕੁਝ ਭੁੱਲ ਕੇ ਸੌਣ ਦੀ ਤਾਕੀਦ
ਕੀਤੀ ਅਤੇ ਆਪਣੇ ਕਮਰੇ ਵਿਚ ਚਲੀ ਗਈ। ਪਰ ਡਿੰਪਲ ਦੀਆਂ ਅੱਖਾਂ ਵਿਚੋਂ ਤਾਂ ਨੀਂਦ ਜਿਵੇਂ
ਉੱਡ-ਪੁੱਡ ਹੀ ਗਈ ਸੀ। ਕਦੇ ਉਸ ਦੇ ਦਿਮਾਗ ਵਿਚ ਕਿੰਮਬਰਲੀ ਦਾ ਕਿਹਾ ਕਿ, 'ਮਸਾਜ ਪਾਰਲਰ
'ਚ ਕੰਮ ਕਰੇਂਗੀ?' ਆਉਂਦਾ, ਕਦੇ ਜਗਜੀਤ ਦਾ ਕਿਹਾ ਕਿ 'ਰਾਣੀ ਬਣਾ ਕੇ ਰੱਖੂੰ'। 'ਕੁੱਤੇ ਨੇ ਕੰਜਰੀ
ਸਮਝ ਲਿਆ ਮੈਨੂੰ' ਸੋਚ ਕੇ ਉਸ ਦਾ ਅੰਦਰ ਪੀੜ ਨਾਲ ਵਲੂੰਧਰਿਆ ਗਿਆ। ਉਸ ਦਾ ਜੀਅ ਕੀਤਾ
ਕਿ ਉੱਚੀ ਆਵਾਜ਼ ਵਿਚ ਕਹੇ ਕਿ 'ਚੁੱਕ ਲੈ ਰੱਬਾ ਜੇ ਕਿਤੇ ਹੈਗਾ ਤਾਂ'। ਉਸ ਨੇ ਆਪਣੇ ਬੁੱਲ੍ਹਾਂ ਨੂੰ
ਘੁੱਟ ਲਿਆ। ਉਸ ਦਾ ਇਹ ਉਬਾਲ ਪਰਲ ਪਰਲ ਕਰਕੇ ਅੱਖਾਂ ਰਾਹੀਂ ਵਹਿ ਤੁਰਿਆ। ਫਿਰ ਉਸ ਦੇ
ਡੈਡੀ ਦੇ ਬੋਲ ਚੇਤੇ 'ਚ ਗੂੰਜਣ ਲੱਗੇ, 'ਬੇਟੇ ਤੇਰੇ ਨਾਲ ਤੇਰੇ ਛੋਟੇ ਭੈਣ-ਭਰਾ ਦਾ ਵੀ ਭਵਿੱਖ ਬੱਝਾ



ਹੋਇਐ', 'ਬੇਟੇ ਕੋਈ ਉਲਾਂਭਾ ਨਹੀਂ ਆਉਣਾ ਚਾਹੀਦਾ'। 'ਬੇਟੇ... 'ਕੀ ਕਰਾਂ ਮੈਂ ਡੈਡੀ?' ਉਸ ਦਾ
ਲੇਰ ਮਾਰਨ ਨੂੰ ਚਿੱਤ ਉੱਛਲਿਆ। ਉਹ ਉੱਠ ਕੇ ਆਪਣੀ ਮੰਮੀ ਨੂੰ ਫੋਨ ਮਿਲਾਉਣ ਲੱਗੀ। ਫੋਨ
ਮਿਲਦੇ ਹੀ ਉਸ ਲੇਰ ਮਾਰਨ ਵਾਂਗ "ਮੰਅਮਾਂਅ" ਕਿਹਾ।
"ਕੀ ਗੱਲ ਐ ਬੱਚੇ?" ਉਸ ਦੀ ਮੰਮੀ ਨੇ ਘਬਰਾਈ ਆਵਾਜ਼ 'ਚ ਪੁੱਛਿਆ।
"ਮੰਅਮਾਂ, ਮੇਰਾ-ਜੀਅ...ਨੀ ਲਗਦਾ, ਮੈਨੂੰ-ਆਪਣੇ ਕੋਲ ਸੱਦਲੈ," ਆਖਦੀ ਡਿੰਪਲ ਦਾ
ਕੜ ਪਾਟ ਗਿਆ।
"ਬੱਸ ਮੇਰੀ ਧੀ, ਮੇਰਾ ਕਿਹੜਾ ਤੈਨੂੰ ਆਪਣੇ ਕੋਲੋਂ ਵੱਖ ਰੱਖਣ ਨੂੰ ਜੀਅ ਕਰਦੈ," ਆਖਦੀ
ਉਸ ਦੀ ਮੰਮੀ ਦੀ ਆਵਾਜ਼ ਭਰੜਾਅ ਗਈ। ਥੋੜ੍ਹੀ ਦੇਰ ਰੁਕ ਕੇ ਉਹ ਫਿਰ ਬੋਲੀ, "ਹੌਸਲਾ ਕਰ ਮੇਰੀ
ਧੀ।"
"ਮੰਅਮਾਂ..ਮਾਸੜ ਨੇ..ਮੇਰੇ ਨਾਲ...ਇਉਂ ਕਿਉਂ ਕੀਤਾ ਮੰਮਾ?"
"ਡਰਾਉਣਾ ਸੁਪਨਾ ਸਮਝ ਕੇ ਭੁੱਲ ਜਾ, ਮੇਰੇ ਬੱਚੇ।"
"ਕਿਵੇਂ ਭੁੱਲਾਂ ਮੰਅਮਾਂ?" ਆਖ ਰਹੀ ਡਿੰਪਲ ਦੇ ਮੋਢੇ ਉੱਪਰ ਪੈਟੀ ਨੇ ਆਪਣਾ ਹੱਥ ਆ
ਰੱਖਿਆ।
"ਆਪਣਾ ਕੁਝ ਨਹੀਂ ਵਿਗੜਿਆ। ਤੈਨੂੰ ਤਾਂ ਸਗੋਂ ਮਾਣ ਹੋਣਾ ਚਾਹੀਦੈ, ਤੂੰ ਸਹੀ ਸਲਾਮਤ
ਉਹਦੇ ਚੁੰਗਲ 'ਚੋਂ ਬਚ ਕੇ ਆ ਗੀ। ਓਹਨੇ ਤਾਂ ਅੱਧ ਵਿਚਾਲੇ ਡੋਬਾ ਦੇਣ ਦੀ ਕਸਰ ਨੀ ਛੱਡੀ, ਹੁਣ
ਉਹਨੂੰ ਸਿਰੇ ਲੱਗ ਕੇ ਵਿਖਾਵਾਂਗੇ। ਤੂੰ ਬਸ ਹੌਸਲੇ ਤੋਂ ਕੰਮ ਲੈ। ਤੇਰੇ ਡੈਡੀ ਭੱਜ-ਨੱਸ ਕਰੀ ਜਾਂਦੇ ਆ।
ਕੋਈ ਹੱਲ ਲੱਭਣਗੇ ਹੀ, ਬੱਸ ਤੂੰ ਤਕੜੀ ਹੋ। ਜੇ ਤੂੰ ਹੀ ਢੇਰੀ ਢਾ ਲਈ ਫਿਰ ਕਿਵੇਂ ਪੂਰੀਆਂ
ਪੈਣਗੀਆਂ। ਚੁੱਪ ਮੇਰੀ ਧੀ...ਤੂੰ ਆਵਦੇ ਚਿੱਤ 'ਚ ਧਾਰ ਲੈ ਬਈ ਹੁਣ ਪੱਕੇ ਹੋ ਕੇ ਦਖਾਉਣੇ ਕਨੇਡੇ
'ਚ..." ਉਸ ਦੀ ਮੰਮੀ ਕਾਫੀ ਦੇਰ ਉਸ ਨੂੰ ਹੌਸਲਾ ਦਿੰਦੀ ਰਹੀ।
"ਕੋਸ਼ਿਸ਼ ਕਰੂੰਗੀ ਮੰਮਾਂ," ਆਖ ਕੇ ਡਿੰਪਲ ਨੇ ਫੋਨ ਬੰਦ ਕਰ ਦਿੱਤਾ ਅਤੇ ਪੈਟੀ ਦੀਆਂ ਬਾਹਾਂ
'ਚ ਸਮਾਅ ਗਈ। ਪੈਟੀ ਉਸ ਨੂੰ ਦਿਲਾਸਾ ਦੇ ਕੇ ਸਵਾਉਣ ਲੱਗੀ।
ਡਿੰਪਲ ਦੇ ਸੌਂਦਿਆਂ ਹੀ ਪੈਟੀ ਆਪਣੇ ਕਮਰੇ ਵਿਚ ਜਾ ਪਈ। ਸੁੱਤੀ ਪਈ ਡਿੰਪਲ ਨੂੰ ਲੱਗਾ
ਜਿਵੇਂ 'ਉਹ ਇਕ ਹਨੇਰੇ ਵਿਚ ਗੁਆਚ ਗਈ ਹੋਵੇ। ਹੱਥ-ਪੈਰ ਮਾਰਦੀ ਨੂੰ ਇਕ ਕਿਰਨ ਦਿਸੀ ਅਤੇ
ਉਹ ਉਸ ਕਿਰਨ ਵੱਲ ਵਧਣ ਲੱਗੀ। ਪਰ ਇਹ ਤਾਂ ਕਿੰਮਬਰਲੀ ਸੀ। ਫੇਰ ਉਸ ਨੂੰ ਜਗਜੀਤ ਕਿਸੇ
ਹਿੰਦੀ ਫਿਲਮ ਦੇ ਖਲਨਾਇਕ ਵਾਂਗ ਹੱਸਦਾ ਲੱਗਾ। ਉਹ ਡਰ ਨਾਲ ਸੁੰਗੜਨ ਲੱਗੀ। ਹੱਸਦੇ-ਹੱਸਦੇ
ਜਗਜੀਤ ਨੇ ਨਾਗ ਦਾ ਰੂਪ ਧਾਰ ਲਿਆ ਅਤੇ ਉਸ ਵੱਲ ਵਧਣ ਲੱਗਾ। ਉਹ ਝਟਕੇ ਨਾਲ ਉੱਠੀ
ਅਤੇ ਬੱਤੀ ਜਗਾ ਕੇ ਇੱਧਰ-ਉੱਧਰ ਵੇਖਣ ਲੱਗੀ। ਆਸੇ-ਪਾਸੇ ਕੁਝ ਵੀ ਨਹੀਂ ਸੀ ਪਰ ਉਸ ਨੂੰ ਲੱਗਾ
ਜਿਵੇਂ ਨਾਗ ਸ਼ਹਿ ਲਾ ਕੇ ਬੈਠਾ ਹੋਵੇ ਅਤੇ ਉਸ ਦੇ ਪੈਣ ਸਾਰ ਹੀ ਉਸ ਦੀ ਹਿੱਕ ਉੱਪਰ ਆ ਚੜ੍ਹੇਗਾ।
ਡਰਦੀ-ਕੰਬਦੀ ਉਹ ਪੈਟੀ ਦੇ ਨਾਲ ਜਾ ਪਈ।
"ਕੀ ਹੋਇਆ ਹੈ ਮਿੱਠੋ?" ਪੈਟੀ ਨੇ ਪਾਸਾ ਪਰਤਦੇ ਪੁੱਛਿਆ।
"ਡਰ ਲਗਦਾ ਹੈ," ਆਖ ਡਿੰਪਲ ਪੈਟੀ ਦੇ ਨਾਲ ਚੁੰਬੜ ਗਈ। ਪੈਟੀ ਨੇ ਉਸ ਦੇ ਕੇਸਾਂ 'ਚ
ਉਂਗਲ ਫੇਰਦੇ ਪੁੱਛਿਆ, "ਕੋਈ ਡਰਾਉਣਾ ਸੁਪਨਾ ਵੇਖਿਆ ਸੀ?"
"ਹਾਂ, ਮੈਨੂੰ ਅੰਕਲ (ਮਾਸੜ) ਦਿਸਿਆ।"
"ਇਹ ਡਰਾਉਣੇ ਸੁਪਨੇ ਬਹੁਤ ਚਿਰ ਪਿੱਛਾ ਨਹੀਂ ਛੱਡਦੇ ਹੁੰਦੇ, ਪਰ ਤੂੰ ਚਿੰਤਾ ਨਾ ਕਰ।
ਇੱਥੇ ਨਹੀਂ ਆ ਸਕਦਾ ਉਹ ਹਰਾਮਜ਼ਾਦਾ, ਇਹ ਸਾਰੇ ਮਰਦ ਹਰਾਮਜ਼ਾਦੇ ਹੁੰਦੇ ਹਨ, ਮੈਂ ਨਫ਼ਰਤ ਕਰਦੀ
ਹਾਂ ਇਨ੍ਹਾਂ ਨੂੰ।" ਪਰ ਡਿੰਪਲ ਨੂੰ ਕੁਝ ਨਹੀਂ ਸੀ ਸੁਣ ਰਿਹਾ। ਉਹ ਜਿਵੇਂ ਪੈਟੀ ਦੇ ਅੰਦਰ ਵੜ ਜਾਣਾ
ਚਾਹੁੰਦੀ ਹੋਵੇ। ਪੈਟੀ ਦਾ ਉਸ ਦੇ ਕੇਸਾਂ ਵਿਚ ਫਿਰ ਰਿਹਾ ਹੱਥ ਉਸ ਨੂੰ ਆਪਣੀ ਮਾਂ ਦਾ ਹੱਥ ਲੱਗਾ।

ਪੈਟੀ ਉਦੋਂ ਤਕ ਉਸ ਨੂੰ ਸਹਿਲਾਉਂਦੀ ਰਹੀ ਜਦ ਤਕ ਡਿੰਪਲ ਸੌਂ ਨਾ ਗਈ।

ਸਵੇਰੇ ਉੱਠ ਪੈਟੀ ਨੇ ਕੌਫੀ ਦਾ ਕੱਪ ਫੜਾਉਂਦਿਆਂ ਡਿੰਪਲ ਨੂੰ ਕਿਹਾ, "ਮੇਰੀ ਇਕ ਵੱਡੀ ਭੈਣ ਸੀ। ਕ੍ਰਿਸਟਲ ਸੀ ਉਹਦਾ ਨਾਂ। ਉਸ ਨੂੰ ਨਵੀਆਂ-ਨਵੀਆਂ ਚੀਜ਼ਾਂ ਲੈਣ ਦਾ ਸ਼ੌਕ ਸੀ। ਬਹੁਤ ਚੰਚਲ ਸੀ। ਤੇ ਮੇਰੇ ਮਤਰੇਏ ਪਿਓ ਨੇ ਉਸ ਦੀ ਇਸ ਚੰਚਲਤਾ ਦਾ ਲਾਹਾ ਲਿਆ। ਉਹ ਕ੍ਰਿਸਟਲ ਦੀਆਂ ਲੋੜਾਂ ਪੂਰੀਆਂ ਕਰ ਦਿੰਦਾ ਅਤੇ ਬਦਲੇ ਵਿਚ ਉਸ ਦੇ ਜਵਾਨ ਹੋ ਰਹੇ ਸਰੀਰ ਨੂੰ ਭੋਗਦਾ। ਫੇਰ ਕ੍ਰਿਸਟਲ ਹੋਰ ਮਰਦਾਂ ਨਾਲ ਵੀ ਇਸੇ ਤਰ੍ਹਾਂ ਕਰਨ ਲੱਗੀ। ਡਰੱਗ ਲੈਣ ਲੱਗ ਗਈ। ਤੇ ਅਖੀਰ ਸੜਕਾਂ ਉਪਰ ਵੇਸਵਾਗਿਰੀ ਕਰਨ ਲੱਗੀ।" ਪੈਟੀ ਨੇ ਹਉਕਾ ਲਿਆ ਅਤੇ ਬੋਲੀ, "ਤੇ ਜਦ ਕ੍ਰਿਸਟਲ ਘਰੋਂ ਨਿਕਲ ਗਈ ਤਾਂ ਮੇਰਾ ਮਤਰੇਆ ਪਿਓ ਮੇਰੇ ਉੱਪਰ ਡੋਰੇ ਸੁੱਟਣ ਲੱਗਾ ਪਰ ਮੈਂ ਉਸ ਦੇ ਚੁੰਗਲ ਵਿਚ ਨਾ ਫਸੀ। ਇਕ ਦਿਨ ਉਸ ਗੰਦੇ ਸੂਰ ਨੇ ਮੇਰੇ ਨਾਲ ਬਲਾਤਕਾਰ ਕਰ ਦਿੱਤਾ। ਮੈਨੂੰ ਹੁਣ ਤਕ ਉਸ ਦੇ ਡਰਾਉਣੇ ਸੁਪਨੇ ਆਉਂਦੇ ਹਨ।"

ਡਿੰਪਲ ਪ੍ਰਸ਼ਨ-ਸੂਚਕ ਨਿਗ੍ਹਾ ਨਾਲ ਪੈਟੀ ਵੱਲ ਵੇਖਣ ਲੱਗੀ।

ਪੈਟੀ ਨੇ ਫਿਰ ਕਿਹਾ, "ਹੁਣ ਮੈਂ ਸੋਚਦੀ ਹਾਂ ਕਿ ਜੇ ਮੈਂ ਵੀ ਲਾਲਚ ਵਿਚ ਆ ਕੇ ਆਪਣੀ ਭੈਣ ਦੇ ਰਾਹ ਤੁਰ ਪੈਂਦੀ ਤਾਂ ਮੇਰਾ ਵੀ ਅੰਤ ਉਸ ਵਾਂਗ ਹੀ ਹੋਣਾ ਸੀ।" ਉਹ ਥੋੜ੍ਹਾ ਰੁਕ ਕੇ ਫਿਰ ਬੋਲੀ, "ਮੈਨੂੰ ਗ਼ਲਤ ਨਾ ਸਮਝੀਂ, ਤੇਰੇ ਹਾਲਾਤ ਹੀ ਅਜੇਹੇ ਹਨ ਕਿ ਹੋ ਸਕਦਾ ਹੈ ਕਿ ਤੈਨੂੰ ਕਿੰਮਬਰਲੀ ਦੀ ਸਲਾਹ ਠੀਕ ਲੱਗੇ। ਪਰ ਤੂੰ ਸੋਚ ਸਮਝ ਕੇ ਉਸ ਨੂੰ ਜਵਾਬ ਦੇਵੀਂ।"

ਪੈਟੀ ਵੱਲ ਬਿੱਟ-ਬਿੱਟ ਵੇਖਦੀ ਡਿੰਪਲ ਨੇ ਇਕ ਦਮ ਉੱਠ ਕੇ "ਧੰਨਵਾਦ, ਪੈਟੀ" ਆਖਦਿਆਂ ਉਸ ਦੇ ਗਲ ਬਾਹਾਂ ਪਾ ਕੇ ਉਸ ਨੂੰ ਆਪਣੇ ਨਾਲ ਘੁੱਟ ਲਿਆ।

"ਮੇਰੀ ਚੰਗੀ ਕੁੜੀ," ਆਖਦਿਆਂ ਪੈਟੀ ਨੇ ਉਸ ਦੀ ਪਿੱਠ ਥਾਪੜੀ ਅਤੇ ਬੋਲੀ, "ਇਕ ਗੱਲ ਹੋਰ, ਤੈਨੂੰ ਇਸ ਸਦਮੇ 'ਚੋਂ ਨਿਕਲਣ ਲਈ ਆਪਣੀ ਸਹਾਇਤਾ ਆਪ ਕਰਨੀ ਪਏਗੀ। ਜਿੰਨੀ ਛੇਤੀ ਸਾਰਾ ਕੁਝ ਭੁਲਾਏਂਗੀ, ਉਨਾ ਹੀ ਤੇਰੇ ਲਈ ਚੰਗਾ ਹੋਵੇਗਾ।"

"ਮੈਨੂੰ ਜਦ ਵੀ ਉਹ ਸਮਾਂ ਯਾਦ ਆਉਂਦਾ ਹੈ ਮੈਨੂੰ ਆਪਣਾ-ਆਪ ਬੇਇੱਜ਼ਤ ਹੋਇਆ ਮਹਿਸੂਸ ਹੁੰਦਾ ਹੈ। ਉਸ ਬੇਇੱਜ਼ਤੀ ਦੀ ਪੀੜ ਮੇਰੇ ਲਈ ਅਸਹਿ ਹੁੰਦੀ ਹੈ," ਡਿੰਪਲ ਨੇ ਉਸ ਦੇ ਮੋਢੇ ਲੱਗੀ ਨੇ ਹੀ ਕਿਹਾ।

"ਜਦ ਵੀ ਤੈਨੂੰ ਯਾਦ ਆਉਣ ਲੱਗੇ, ਤੂੰ ਆਪਣੇ ਆਪ ਨੂੰ ਕਿਸੇ ਹੋਰ ਕੰਮ ਵਿਚ ਰੁਝਾ ਲਿਆ ਕਰ ਜਾਂ ਆਪਣੀ ਪੀੜ ਮੇਰੇ ਨਾਲ ਸਾਂਝੀ ਕਰ ਲਿਆ ਕਰ," ਆਖਦੀ ਪੈਟੀ ਨੇ ਉਸ ਨੂੰ ਆਪਣੇ ਨਾਲ ਘੁੱਟ ਲਿਆ।

ਫੋਨ ਦੀ ਘੰਟੀ ਨੇ ਉਹਨਾਂ ਨੂੰ ਅਲੱਗ ਕੀਤਾ। ਡਿੰਪਲ ਦੇ ਡੈਡੀ ਦਾ ਫੋਨ ਸੀ। ਉਸ ਨੇ ਡਿੰਪਲ ਨੂੰ ਕੋਈ ਫਿਕਰ ਨਾ ਕਰਨ ਦੀ ਤਾਕੀਦ ਕੀਤੀ ਅਤੇ ਇਮੀਗਰੇਸ਼ਨ ਕਾਊਂਸਲਰ ਦਾ ਫੋਨ ਪਤਾ ਲਿਖਵਾਉਂਦਿਆਂ ਹੌਸਲਾ ਦਿੱਤਾ ਕਿ ਉਸ ਨਾਲ ਗੱਲ ਹੋ ਗਈ ਹੈ। ਜਿਵੇਂ ਉਹ ਸਲਾਹ ਦੇਵੇ ਕਰ ਲਵੇ।

ਪੈਟੀ ਨੂੰ ਨਾਲ ਲੈ ਕੇ ਜਦੋਂ ਡਿੰਪਲ ਇਮੀਗਰੇਸ਼ਨ ਕਾਊਂਸਲਰ ਕੋਲ ਗਈ ਤਾਂ ਉਸ ਨੇ ਕੁਝ ਰਾਹਤ ਮਹਿਸੂਸ ਕੀਤੀ। ਕਾਊਂਸਲਰ ਨੇ ਕਿਹਾ, "ਬੀਬਾ ਪੜ੍ਹਾਈ ਜਾਰੀ ਰੱਖਣੀ ਤਾਂ ਤੇਰੇ ਲਈ ਮੁਸ਼ਕਲ ਐ ਕਿਉਂਕਿ ਅਗਲੇ ਸਾਲ ਦੀ ਫੀਸ ਦਸ ਹਜ਼ਾਰ ਡਾਲਰ ਹੈ। ਖੈਰ ਓਹਦੇ 'ਚ ਤਾਂ ਹਾਲੇ ਪੰਜ-ਛੇ ਮਹੀਨੇ ਪਏ ਆ। ਨਾਲੇ ਪੜ੍ਹਾਈ ਤਾਂ ਸਾਰੀ ਉਮਰ ਪਈ ਐ ਜਦੋਂ ਮਰਜ਼ੀ ਸ਼ੁਰੂ ਕਰ ਲਵੀਂ। ਮੁੱਖ ਮਸਲਾ ਤੇਰਾ ਐਥੇ ਪੱਕਾ ਹੋਣ ਦਾ ਹੈ। ਤੇਰੇ ਰਿਸ਼ਤੇਦਾਰ ਕਹਿੰਦੇ ਆ ਪਈ ਜੇ ਉਹਨਾਂ ਨੂੰ ਪਤਾ ਲੱਗ ਗਿਆ ਕਿ ਤੂੰ ਇਲੀਗਲ ਕੰਮ ਕਰਦੀ ਐਂ ਤਾਂ ਓਹਨਾਂ ਸ਼ਿਕਾਇਤ ਕਰ ਦੇਣੀ ਆ, ਇਸ ਕਰਕੇ ਤੇਰੇ ਰਹਿਣ-ਸਹਿਣ ਦਾ ਖਰਚਾ ਵੀ ਇੰਡੀਆ ਤੋਂ ਮੰਗਵਾਉਣਾ ਪਊ। ਪਰ ਜਿਵੇਂ ਤੇਰੇ ਫਾਦਰ ਦੱਸਦੇ ਸੀ



ਕਿ ਤੁਹਾਡੇ ਲਈ ਇਹ ਅਫੋਰਡ ਕਰਨਾ ਮੁਸ਼ਕਲ ਹੈ। ਸੋ ਤੁਹਾਡੇ ਕੋਲ ਔਪਸ਼ਨ ਹੈ ਕਿ ਵਿਆਹ ਦੇ ਬੇਸ 'ਤੇ ਇਮੀਗਰੇਸ਼ਨ ਲੈ ਲਈ ਜਾਵੇ। ਉਸ ਵਾਸਤੇ ਮੈਂ ਕੋਸ਼ਿਸ਼ ਕਰੂੰਗਾ। ਉਨੀਂ ਦੇਰ ਤੁਸੀਂ ਕੋਈ ਐਸਾ ਕੰਮ ਲੱਭੋ ਜਿਹੜਾ ਘਰ ਬੈਠੇ ਕਿਸੇ ਹੋਰ ਦੇ ਨਾਂ ਹੇਠ ਕਰ ਸਕੋ ਪਰ ਸਾਵਧਾਨੀ ਨਾਲ।"

ਕਾਊਂਸਲਰ ਕੋਲੋਂ ਵਾਪਸ ਮੁੜਦੀ ਡਿੰਪਲ ਦੇ ਦਿਮਾਗ਼ ਵਿਚ ਆਇਆ ਕਿ ਉਹ ਰਾਣੇ ਨੂੰ ਦੱਸੇ ਕਿ ਜੇ ਉਸ ਦਾ ਕਿਸੇ ਨਾਲ ਏਥੇ ਵਿਆਹ ਹੋ ਜਾਵੇ ਤਾਂ ਉਹ ਪੱਕੀ ਹੋ ਸਕਦੀ ਹੈ। ਪਲ ਦੀ ਪਲ ਉਸ ਨੂੰ ਲੱਗਾ ਕਿ ਰਾਣਾ ਕਹੇਗਾ, 'ਅਸੀਂ ਹਾਜ਼ਰ ਹਾਂ ਸਾਡੀ ਟੋਇਆਂ ਵਾਲੀ ਸਰਕਾਰ' ਪਰ ਦੂਸਰੇ ਹੀ ਪਲ ਉਸ ਨੂੰ ਰਾਣੇ ਦਾ ਕਿਹਾ ਯਾਦ ਆ ਗਿਆ। ਉਸ ਕਿਹਾ ਸੀ, "ਸਾਨੂੰ ਤਾਂ ਤੇਰੇ ਵਰਗੀ ਕੁੜੀ ਦੀ ਬੱਸ ਦੋਸਤੀ ਚਾਹੀਦੀ ਐ। ਵਿਆਹ ਤਾਂ ਪੱਕੇ ਹੋਣ ਲਈ ਪਤਾ ਨੀਂ ਕਿਹੋ ਜੀ ਨਾਲ ਕਰਵਾਉਣਾ ਪਵੇ।" 'ਮੈਨੂੰ ਵੀ ਪਤਾ ਨੀ ਕਿਹੋ ਜੇ ਦੇ ਲੜ ਲੱਗਣਾ ਪਊ ਪੱਕੀ ਹੋਣ ਲਈ', ਸੋਚ ਕੇ ਉਹ ਉਦਾਸ ਹੋ ਗਈ।

ਪਰ ਪੈਟੀ ਨੇ ਉਸ ਦੀ ਕੰਮ ਵਾਲੀ ਸਮੱਸਿਆ ਦਾ ਹੱਲ ਲੱਭ ਕੇ ਉਸ ਦੀ ਉਦਾਸੀ ਦੂਰ ਕਰ ਦਿੱਤੀ। ਪੈਟੀ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਨਾਂ 'ਤੇ ਉਸ ਨੂੰ ਕੋਟੀਆਂ ਲਿਆ ਦਿਆ ਕਰੇਗੀ। ਇਸ ਨਾਲ ਕਮਾਈ ਤਾਂ ਬਹੁਤੀ ਨਹੀਂ ਸੀ ਹੋਣੀ ਪਰ ਰੋਟੀ-ਪਾਣੀ ਦਾ ਖਰਚ ਨਿਕਲ ਜਾਇਆ ਕਰਨਾ ਸੀ।

ਘਰ ਆ ਕੇ ਡਿੰਪਲ ਨੇ ਪੈਟੀ ਦਾ ਮਨ-ਭਾਉਂਦਾ ਖਾਣਾ ਬਟਰ ਚਿਕਨ ਬਣਾਇਆ। ਖਾਣਾ ਖਾ ਕੇ ਟੀ.ਵੀ. ਵੇਖਦਿਆਂ ਡਿੰਪਲ ਨੂੰ ਲੱਗਾ ਜਿਵੇਂ ਪੈਟੀ ਇਕ ਟੱਕ ਉਸੇ ਵੱਲ ਵੇਖ ਰਹੀ ਹੋਵੇ। ਜਦ ਡਿੰਪਲ ਨੇ ਆਪਣਾ ਸ਼ੱਕ ਨਵਿਰਤ ਕਰਨ ਲਈ ਉਧਰ ਵੇਖਿਆ ਪੈਟੀ ਨੇ ਉਸ ਦਾ ਚਿਹਰਾ ਆਪਣੇ ਹੱਥਾਂ 'ਚ ਫੜ ਗੱਲ੍ਹਾਂ 'ਚ ਪੈਂਦੇ ਟੋਏ ਵਾਲੀ ਥਾਂ ਤੋਂ ਚੁੰਮ ਲਿਆ। "ਪਰੇ ਮਰ ਲੁੱਚੀਏ," ਡਿੰਪਲ ਨੇ ਪੰਜਾਬੀ 'ਚ ਕਿਹਾ ਅਤੇ ਹੱਸ ਪਈ। ਉਸ ਨੂੰ ਲੱਗਾ ਜਿਵੇਂ ਪੈਟੀ ਦੀ ਥਾਂ ਪੱਲਵੀ ਹੋਵੇ। ਉਹ ਵੀ ਕਦੇ-ਕਦੇ ਮਸਤੀ 'ਚ ਆਈ ਇਸ ਤਰ੍ਹਾਂ ਕਰ ਜਾਂਦੀ ਸੀ।

"ਕੀ ਕਿਹਾ ਹੈ?" ਪੈਟੀ ਨੇ ਹੈਰਾਨੀ ਜਿਹੀ 'ਚ ਪੁੱਛਿਆ।

"ਕੁਝ ਨਹੀਂ।"

"ਦੱਸ-ਦੱਸ," ਆਖਦੀ ਪੈਟੀ ਉਸ ਦੇ ਕੁਤਕਤਾਰੀਆਂ ਕੱਢਣ ਲੱਗੀ। ਉਹ ਇਸ ਤਰ੍ਹਾਂ ਕਰਦੀ ਡਿੰਪਲ ਨੂੰ ਪੱਲਵੀ ਹੀ ਲੱਗੀ। ਫਿਰ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਹ ਪੱਲਵੀ ਨਾਲ ਅਣਕਹੀਆਂ ਹੱਦਾਂ ਪੈਟੀ ਨਾਲ ਪਾਰ ਕਰ ਗਈ। ਜਦ ਉਸ ਨੂੰ ਸੁਰਤ ਆਈ ਪੈਟੀ ਦੀ 'ਆਈ ਲਵ ਯੂ', 'ਆਈ ਲਵ ਯੂ' ਕਰਦੀ ਆਵਾਜ਼ ਡਿੰਪਲ ਦੇ ਕੰਨਾਂ ਵਿਚ ਸਾਂ-ਸਾਂ ਕਰਨ ਲੱਗੀ। ਪੈਟੀ ਦੀਆਂ ਬਾਹਾਂ ਵਿਚ ਹੀ ਸੁੱਤੀ ਡਿੰਪਲ ਦੀ ਜਦ ਸਵੇਰੇ ਜਾਗ ਖੁੱਲ੍ਹੀ ਉਸ ਦਾ ਉੱਠਣ ਲਈ ਦਿਲ ਨਾ ਕੀਤਾ। 'ਇਹ ਕੀ ਕਰ ਬੈਠੀ ਮੈਂ?' ਸੋਚਦੀ ਡਿੰਪਲ ਉਪਰ ਗੁਨਾਹ ਦੀ ਭਾਵਨਾ ਹਾਵੀ ਹੋਣ ਲੱਗੀ।

"ਉੱਠ, ਕੰਮ ਲੈਣ ਨਹੀਂ ਜਾਣਾ?" ਪੈਟੀ ਦੀ ਆਵਾਜ਼ ਸੁਣ ਉਹ ਇਕ ਦਮ ਬਿਸਤਰੇ ਵਿਚੋਂ ਨਿਕਲੀ। 'ਚੱਲ ਜਿਹੜਾ ਕੁਝ ਹੋਣਾ ਸੀ ਹੋ ਗਿਆ। ਅਗਾਂਹ ਨੂੰ ਨਹੀਂ ਹੋਣ ਦਿੰਦੀ', ਸੋਚਦੀ ਡਿੰਪਲ ਤਿਆਰ ਹੋਣ ਲੱਗੀ।

ਪੈਟੀ ਨੂੰ ਕਾਲਿਜ ਤੋਰ ਡਿੰਪਲ ਦਰਵਾਜ਼ਾ ਬੰਦ ਕਰਕੇ ਕੋਟੀ ਬੁਣਨ ਬੈਠ ਗਈ। ਕੁਝ ਦੇਰ ਬਾਅਦ ਭੁੱਖ ਨਾਲ ਉਸ ਅੰਦਰ ਖੋਹ ਜਿਹੀ ਪਈ। 'ਜੇ ਮੰਮੀ ਇੱਥੇ ਹੁੰਦੀ ਤਾਂ ਬੈਠੀ ਨੂੰ ਉਸ ਨੇ ਖਾਣ ਲਈ ਕੁਝ ਫੜਾ ਦੇਣਾ ਸੀ' ਉਸ ਸੋਚਿਆ। 'ਮੰਮੀ ਦੇ ਸਿਰ ਮੌਜਾਂ ਕਰਦੀ ਸੀ, ਰਜਾਈ 'ਚ ਬੈਠੀ ਨੂੰ ਚਾਹ ਫੜਾ ਜਾਂਦੀ ਸੀ' ਸੋਚ ਕੇ ਉਸ ਹਉਕਾ ਲਿਆ। ਉਸ ਦੇ ਚਿੱਤ 'ਚ ਆਈ ਕਿ ਉੱਡ ਕੇ ਇੰਡੀਆ ਪਹੁੰਚ ਜਾਵੇ। ਬੇਸਮੈਂਟ ਉਸ ਨੂੰ ਜੇਲ੍ਹ ਵਾਂਗ ਲੱਗੀ। ਉਸ ਦਾ ਚਿੱਤ ਕਾਹਲਾ ਪੈਣ ਲੱਗਾ। ਉਸ ਆਪਣੀ ਨਿਗ੍ਹਾ ਸਿਲਾਈਆਂ ਤੋਂ ਹਟਾ ਲਈ। ਡੈਡੀ ਦਾ ਕਿਹਾ ਕਿ 'ਮੁੜਨ ਬਾਰੇ ਸੋਚਣਾ ਵੀ ਨਹੀਂ' ਸੋਚ ਉਸ ਨੂੰ ਆਪਣੇ ਡੈਡੀ ਉੱਪਰ ਖਿਝ ਆਉਣ ਲੱਗੀ। 'ਜੇ ਇੱਥੇ ਆ ਕੇ ਵੇਖਣ ਕਿ ਕਿਵੇਂ ਅੰਦਰ ਤੜੀ ਬੈਠੀ

ਹਾਂ, ਫੇਰ ਪਤਾ ਲੱਗੇ...।ਮੈਂ ਵੀ ਐਵੇਂ ਬੀਬੀ ਧੀ ਬਣਕੇ ਹਰ ਗੱਲ ਸਿਰ ਮੱਥੇ ਮੰਨ ਲੈਨੀ ਆਂ।ਹੁਣ ਜਦੋਂ
ਫੋਨ ਆਇਆ ਮੈਂ ਆਖ ਦੇਣੈ ਬਈ ਮੈਥੋਂ ਨੀਂ ਜੇਲ੍ਹ ਕੱਟੀ ਜਾਂਦੀ।...ਪਰ ਮੈਥੋਂ ਕਿੱਥੇ ਆਖ ਹੋਣੈ?' ਉਸ
ਨੂੰ ਆਪਣੇ-ਆਪ 'ਤੇ ਖਿਝ ਆਉਣ ਲੱਗੀ। ਫਿਰ ਉਸ ਸੋਚਿਆ, 'ਡੈਡੀ ਹੋਰਾਂ ਵਿਚਾਰਿਆਂ ਦਾ ਵੀ
ਕੀ ਕਸੂਰ।ਐਨਾ ਖਰਚ ਕਰਕੇ ਭੇਜਿਆ ਐਥੇ।ਉਨ੍ਹਾਂ ਨੂੰ ਕਿਹੜਾ ਪਤਾ ਸੀ ਬਈ ਮੇਰੇ ਨਾਲ ਇਸ ਤਰ੍ਹਾਂ
ਹੋਣੀ ਐ? ਇਹ ਤਾਂ ਕੰਜਰ ਮਾਸੜ...।ਮਾਸੜ ਦਾ ਖਿਆਲ ਆਉਂਦੇ ਹੀ ਉਸ ਦੀ ਪਕੜ ਸਿਲਾਈਆਂ
ਉੱਪਰ ਕਸੀ ਗਈ।ਉਸ ਦਾ ਸਾਹ ਤੇਜ਼ ਹੋ ਗਿਆ।"ਜਿਵੇਂ ਤੂੰ ਮੇਰੇ ਨਾਲ ਕੀਤੀ ਐ, ਕੀੜੇ ਪੈਣ ਐਹੋ
ਜੇ ਦੇ," ਉਹ ਬੁੜਬੁੜਾਈ। ਜਗਜੀਤ ਨੂੰ ਕੀੜਿਆਂ ਨਾਲ ਤੜਫਦਾ ਚਿਤਵ ਕੇ ਡਿੰਪਲ ਦੇ ਬੁੱਲ੍ਹਾਂ
ਉੱਪਰ ਮੁਸਕਾਨ ਆ ਗਈ। 'ਇਹ ਮੈਂ ਕੀ ਐਵੇਂ ਵਾਧੂ-ਘਾਟੂ ਸੋਚਣ ਲੱਗ ਗਈ,' ਸੋਚ ਕੇ ਡਿੰਪਲ ਨੇ
ਸਿਲਾਈਆਂ ਪਾਸੇ ਰੱਖ ਦਿੱਤੀਆਂ। ਉਸ ਦੀ ਜੀਅ ਕੀਤਾ ਕਿ ਉੱਠ ਕੇ ਬਾਹਰ ਤੁਰ-ਫਿਰ ਆਵੇ। 'ਜੇ
ਕੋਈ ਬਾਹਰ ਮਾਸੜ ਵਰਗਾ ਹੋਇਆ' ਸੋਚ ਕੇ ਉਹ ਬਾਹਰ ਜਾਣੋਂ ਡਰ ਗਈ। ਆਪਣੇ-ਆਪ ਨੂੰ ਸੋਚਾਂ
ਤੋਂ ਬਚਾਉਣ ਲਈ ਉਹ ਬੇਸਮੈਂਟ ਦੀ ਸਫਾਈ ਕਰਨ ਲੱਗੀ। ਫਿਰ ਆਪਣੇ ਅਤੇ ਪੈਟੀ ਦੇ ਕੱਪੜੇ ਧੋਣ
ਲੱਗੀ। ਪੈਟੀ ਦੇ ਕੱਪੜੇ ਮਲਦਿਆਂ ਉਸ ਨੂੰ ਪੈਟੀ ਦੇ ਖਿਆਲ ਨੇ ਹੁਲਾਰਾ ਜਿਹਾ ਦਿੱਤਾ। 'ਕਿੰਨੀ ਚੰਗੀ
ਐ ਪੈਟੀ,...ਉਹਦੇ ਬਿਨਾਂ ਘਰ ਸੁੰਨਾ-ਸੁੰਨਾ ਜਿਹਾ ਲਗਦੈ,...ਹਾਲੇ ਤਾਂ ਓਹਦੇ ਆਉਣ 'ਚ ਦੋ-ਤਿੰਨ
ਘੰਟੇ ਪਏ ਆ,...ਅੱਜ ਓਹਦੀ ਪਸੰਦ ਦਾ ਕਿਹੜਾ ਖਾਣਾ ਬਣਾਵਾਂ?' ਅਤੇ ਉਹ ਪੈਟੀ ਦੇ ਖਾਣੇ ਦੀ
ਪਸੰਦ ਬਾਰੇ ਸੋਚਣ ਲੱਗੀ। ਖਾਣਾ ਤਿਆਰ ਕਰ ਕੇ ਉਹ ਪੈਟੀ ਦੀ ਉਡੀਕ ਕਰਨ ਲੱਗੀ। ਇਸ ਤਰ੍ਹਾਂ
ਪੈਟੀ ਦੀ ਉਡੀਕ ਕਰਨਾ ਉਸ ਨੂੰ ਚੰਗਾ-ਚੰਗਾ ਲੱਗਣ ਲੱਗਾ।

ਜਦ ਪੈਟੀ ਘਰ ਪਹੁੰਚੀ ਡਿੰਪਲ ਨੇ ਉਠਕੇ ਉਸ ਨੂੰ ਜੱਫ਼ੀ ਪਾ ਲਈ ਜਿਵੇਂ ਬਹੁਤ ਚਿਰਾਂ ਦੀ
ਵਿਛੜੀ ਮਿਲੀ ਹੋਵੇ। "ਮੈਨੂੰ ਸਾਰਾ ਦਿਨ ਤੇਰੀ ਯਾਦ ਸਤਾਉਂਦੀ ਰਹੀ," ਪੈਟੀ ਨੇ ਕਿਹਾ।

"ਮੈਨੂੰ ਵੀ," ਆਖ ਡਿੰਪਲ ਨੇ ਜੱਫ਼ੀ ਹੋਰ ਪੀਡੀ ਕਰ ਲਈ। ਫਿਰ ਉਸ ਤੋਂ ਅਲੱਗ ਹੁੰਦੀ
ਬੋਲੀ, "ਤੂੰ ਪਹਿਲਾਂ ਨਹਾ ਲੈ।ਮੈਂ ਤੇਰੇ ਮਨ-ਭਾਉਂਦੇ ਡੋਸੇ ਤਿਆਰ ਕੀਤੇ ਹਨ।"

"ਓ, ਸੱਚੀਂ? ਤੂੰ ਕਿੰਨੀ ਚੰਗੀ ਹੈਂ!ਮੈਂ ਤੈਨੂੰ ਪਿਆਰ ਕਰਦੀ ਹਾਂ," ਪੈਟੀ ਨੇ ਡਿੰਪਲ ਦੀਆਂ
ਅੱਖਾਂ 'ਚ ਅੱਖਾਂ ਪਾ ਕੇ ਕਿਹਾ।

"ਚੰਗਾ ਚੰਗਾ ਛੇਤੀ ਕਰ, ਮੈਂ ਖਾਣਾ ਗਰਮ ਕਰਦੀ ਹਾਂ," ਆਖ ਕੇ ਡਿੰਪਲ ਸਟੋਵ ਦੇ ਕੋਲ ਜਾ
ਖੜ੍ਹੀ। ਉਸ ਨੂੰ ਆਪਣੇ ਅੰਦਰ ਤਰੰਗਾਂ ਜਿਹੀਆਂ ਉੱਠਦੀਆਂ ਮਹਿਸੂਸ ਹੋਈਆਂ। 'ਇਹ ਕੀ ਹੋਣ ਲੱਗ
ਪਿਐ ਮੇਰੇ ਅੰਦਰ?...ਨਹੀਂ ਨਹੀਂ, ਮੈਨੂੰ ਆਪਣੇ-ਆਪ 'ਤੇ ਕਾਬੂ ਰੱਖਣਾ ਚਾਹੀਦੈ,' ਸੋਚ ਕੇ ਉਹ ਖਾਣੇ
ਤੋਂ ਬਾਅਦ ਕੋਟੀ ਬੁਣਨ ਲੱਗ ਪਈ। ਫਿਰ ਸੋਫੇ ਉੱਪਰ ਹੀ ਸੌਣ ਪਟੀ ਟੇਢੀ ਹੋ ਗਈ। ਅੱਖਾਂ ਮੀਚਦਿਆਂ
ਹੀ ਪੈਟੀ ਦਾ ਚਿਹਰਾ ਉਸ ਦੇ ਸਾਹਮਣੇ ਸੀ। ਉਸ ਦੀ ਪਿਆਰ਼ ਭਰੀ ਤੱਕਣੀ ਡਿੰਪਲ ਨੂੰ ਬੁਲਾਵਾ
ਦਿੰਦੀ ਲੱਗੀ। ਉਸ ਦਾ ਜੀਅ ਕੀਤਾ ਕਿ ਜਾ ਕੇ ਪੈਟੀ ਨੂੰ ਆਪਣੀਆਂ ਬਾਹਾਂ ਵਿਚ ਭਰ ਲਵੇ। ਬਾਹਾਂ
ਦੀ ਕਲਿੰਗੜੀ ਪਾਉਂਦਿਆਂ ਡਿੰਪਲ ਨੇ ਆਪਣੇ ਆਪ ਨੂੰ ਰੋਕ ਲਿਆ ਅਤੇ ਪਾਸਾ ਪਰਤ ਕੇ ਸੌਣ ਦੀ
ਕੋਸ਼ਿਸ਼ ਕਰਨ ਲੱਗੀ ਪਰ ਪੈਟੀ ਦੀ ਸ਼ਕਲ ਵਾਰ-ਵਾਰ ਉਸ ਦੇ ਸਾਹਮਣੇ ਆ ਜਾਂਦੀ। ਕੁਝ ਦੇਰ ਉੱਸਲ-
ਵੱਟੇ ਲੈਣ ਤੋਂ ਬਾਅਦ ਉਹ ਉੱਠ ਕੇ ਪੈਟੀ ਨਾਲ ਜਾ ਪਈ।

ਇਸ ਤਰ੍ਹਾਂ ਕਈ ਵਾਰ ਹੁੰਦਾ ਕਿ ਉਸ ਤੋਂ ਰਿਹਾ ਨਾ ਜਾਂਦਾ ਤੇ ਉਹ ਪੈਟੀ ਨਾਲ ਉਸ ਦੇ
ਬਿਸਤਰੇ 'ਚ ਜਾ ਪੈਂਦੀ ਜਾਂ ਪੈਟੀ ਉਸ ਨੂੰ ਖਿੱਚ ਲਿਜਾਂਦੀ। ਪਿੱਛੋਂ ਡਿੰਪਲ ਆਪਣੇ ਆਪ ਨੂੰ ਕੋਸਦੀ
'ਇਹ ਕਿਹੜੇ ਰਾਹੀਂ ਮੈਂ ਤੁਰ ਪਈ?' ਅਤੇ ਅਗਾਂਹ ਤੋਂ ਪੈਟੀ ਨਾਲ ਇਕ ਵਿੱਥ ਰੱਖਣ ਦਾ ਮਨ
ਬਣਾਉਂਦੀ। ਕਦੇ-ਕਦੇ ਉਸ ਨੂੰ ਪੈਟੀ ਦੀਆਂ ਗੱਲਾਂ ਬਾਰੇ ਸੋਚ ਡਰ ਲੱਗਣ ਲਗਦਾ। ਪੈਟੀ ਨੇ ਇਕ
ਦਿਨ ਆਪਣੇ ਕੱਪੜੇ, ਜਿਹੜੇ ਡਿੰਪਲ ਨੇ ਧੋ-ਸੰਵਾਰ ਕੇ ਰੱਖੇ ਸਨ, ਵੇਖਦਿਆਂ ਕਿਹਾ ਸੀ, "ਡਿੰਪਲ
ਤੂੰ ਕਿੰਨੀ ਚੰਗੀ ਹੈਂ, ਮੇਰੀ ਕਿੰਨੀ ਦੇਖ-ਭਾਲ ਕਰਦੀ ਹੈਂ!"



ਹੈਂ,"
"ਤੂੰ ਕਿਹੜਾ ਮੇਰਾ ਘੱਟ ਖਿਆਲ ਰੱਖਦੀ ਹੈਂ।ਮੇਰੇ ਔਖੇ ਵੇਲੇ ਤੂੰ ਹੀ ਕੰਮ ਆਉਂਦੀ ਹੈਂ,"
ਡਿੰਪਲ ਨੇ ਉਸ ਨੂੰ ਯਾਦ ਕਰਵਾਇਆ।

"ਮੈਂ ਬਹੁਤ ਕਿਸਮਤ ਵਾਲੀ ਹਾਂ ਕਿ ਮੈਨੂੰ ਤੇਰੇ ਵਰਗੀ ਪਿਆਰੀ ਕੁੜੀ ਮਿਲੀ। ਨਹੀਂ ਤਾਂ ਮੈਂ
ਮਰ ਹੀ ਚੱਲੀ ਸੀ। ਜਦ ਮੇਰੀ ਪਹਿਲੀ ਪਾਰਟਨਰ ਨੇ ਮੈਨੂੰ ਧੋਖਾ ਦਿੱਤਾ," ਆਖਦੀ ਪੈਟੀ ਨੇ ਮੂੰਹ ਕੁਸੈਲਾ
ਜਿਹਾ ਕਰ ਲਿਆ।

"ਕੀ ਹੋਇਆ ਸੀ?" ਡਿੰਪਲ ਨੇ ਪੁੱਛਿਆ।

"ਉਹ ਧੋਖੇਬਾਜ਼ ਸੀ। ਮੇਰੀ ਵੀ ਪਾਰਟਨਰ ਸੀ ਤੇ ਬਾਹਰ ਵੀ ਸੌਂਦੀ ਫਿਰਦੀ ਸੀ। ਮੈਨੂੰ ਧੋਖੇਬਾਜ਼
ਲੋਕਾਂ ਨਾਲ ਨਫ਼ਰਤ ਹੈ। ਕਦੇ-ਕਦੇ ਮੈਨੂੰ ਲਗਦਾ ਹੈ ਕਿ ਉਹ ਮੇਰੇ ਮਤਰੇਏ ਪਿਓ ਦਾ ਹੀ ਦੂਜਾ ਰੂਪ ਸੀ
ਜਿਹੜੀ ਸਾਲ ਭਰ ਮੇਰੇ ਨਾਲ ਬਲਾਤਕਾਰ ਕਰਦੀ ਰਹੀ," ਆਖਦੀ ਪੈਟੀ ਦਾ ਸਾਹ ਤੇਜ਼-ਤੇਜ਼ ਚੱਲਣ
ਲੱਗਾ। ਡਿੰਪਲ ਨੇ ਆਪਣੇ ਮੋਢੇ ਨਾਲ ਲਾ ਉਸ ਨੂੰ ਸ਼ਾਂਤ ਕੀਤਾ ਪਰ ਉਸ ਦੇ ਆਪਣੇ ਅੰਦਰ ਇਕ ਡਰ
ਜਿਹਾ ਪੈਦਾ ਹੋ ਗਿਆ।

ਇਹ ਡਰ ਕੁਝ ਦਿਨ ਬਾਅਦ ਹੋਰ ਵੀ ਵਧ ਗਿਆ ਜਦ ਪੈਟੀ ਨੇ ਕਿਹਾ ਸੀ, "ਡਿੰਪਲ ਮੈਂ
ਤੇਰੇ ਨਾਲ ਵਿਆਹ ਕਰਾਉਣਾ ਚਾਹੁੰਦੀ ਹਾਂ।" ਡਿੰਪਲ ਨੂੰ ਲੱਗਾ ਜਿਵੇਂ ਪੈਟੀ ਵੀ ਪੱਲਵੀ ਵਾਂਗ ਹੀ
ਮਜ਼ਾਕ ਕਰ ਰਹੀ ਹੈ। ਉਹ ਵੀ ਆਖਦੀ ਹੁੰਦੀ ਸੀ, "ਜੇ ਮੈਂ ਮੁੰਡਾ ਹੁੰਦੀ ਤਾਂ ਤੇਰੇ ਨਾਲ ਹੀ ਵਿਆਹ
ਕਰਵਾਉਂਦੀ।"

"ਮੇਰੇ ਘਰਦੇ ਕਿੱਥੋਂ ਮੰਨਦੇ ਪੰਡਤਾਂ ਦੇ ਮੁੰਡੇ ਨਾਲ ਵਿਆਹ ਕਰਨ ਨੂੰ," ਡਿੰਪਲ ਲਾਚੜ ਕੇ
ਜਵਾਬ ਦਿੰਦੀ।

"ਜੇ ਨਾ ਮੰਨਦੇ ਤਾਂ ਮੈਂ ਤੈਨੂੰ ਕੱਢ ਕੇ ਲੈ ਜਾਣਾ ਸੀ," ਪੱਲਵੀ ਚੁਸਕੀ ਲੈਂਦੀ।

ਡਿੰਪਲ ਨੂੰ ਪੈਟੀ ਵੀ ਉਸੇ ਤਰਜ਼ 'ਚ ਗੱਲ ਕਰਦੀ ਲੱਗੀ। ਉਸ ਨੇ ਹੱਸ ਕੇ ਜਵਾਬ ਦਿੱਤਾ,
"ਮੇਰੇ ਮਾਪੇ ਤੇਰੇ ਨਾਲ ਕਿੱਥੋਂ ਵਿਆਹ ਕਰਨ ਦੇਣਗੇ?" ਉਸ ਸੋਚਿਆ ਕਿ ਪੈਟੀ ਵੀ ਪੱਲਵੀ ਵਾਂਗ ਹੀ
ਕੋਈ ਜਵਾਬ ਦੇਵੇਗੀ ਪਰ ਪੈਟੀ ਨੇ ਕਿਹਾ, "ਇਹ ਤੇਰੀ ਜ਼ਿੰਦਗੀ ਹੈ। ਇਹਦੇ ਫੈਸਲੇ ਤੂੰ ਕਰਨੇ ਹਨ,
ਤੇਰੇ ਮਾਪਿਆਂ ਨੇ ਨਹੀਂ।" ਸੁਣ ਕੇ ਡਿੰਪਲ ਡਰ ਨਾਲ ਹਿੱਲ ਗਈ। ਉਸ ਆਪਣੇ-ਆਪ ਨੂੰ ਸੰਭਾਲਦਿਆਂ
ਕਿਹਾ, "ਆਪਾਂ ਸਿਰਫ਼ ਚੰਗੀਆਂ ਦੋਸਤ ਹਾਂ। ਇਸ ਤੋਂ ਜ਼ਿਆਦਾ ਕੁਝ ਨਹੀਂ।"

"ਜੇ ਆਪਾਂ ਹੋਰ ਕੁਝ ਨਹੀਂ ਤਾਂ ਮੇਰੇ ਨਾਲ ਕਿਉਂ ਸੌਂਦੀ ਹੈਂ?" ਸੁਣ ਕੇ ਡਿੰਪਲ ਨੂੰ ਕੋਈ
ਜਵਾਬ ਨਾ ਅਹੁੜਿਆ। ਉਸ ਕਿਹਾ, "ਮੈਨੂੰ ਕੀ ਪਤਾ। ਮੈਂ ਕਦੇ ਸੋਚਿਆ ਨਹੀਂ।"

"ਤੂੰ ਕਿਸੇ ਹੋਰ ਨੂੰ ਪਿਆਰ ਕਰਦੀ ਐਂ?"

"ਨਹੀਂ।"

"ਫੇਰ?" ਪੈਟੀ ਨੇ ਪ੍ਰਸ਼ਨ-ਪੂਰਵਕ ਡਿੰਪਲ ਵੱਲ ਵੇਖਿਆ, ਫੇਰ ਬੋਲੀ, "ਮੈਨੂੰ ਪੂਰਾ ਯਕੀਨ ਹੈ
ਕਿ ਤੂੰ ਮੈਨੂੰ ਹੀ ਪਿਆਰ ਕਰਦੀ ਹੈਂ ਪਰ ਆਪਣੇ ਕਲਚਰ ਕਰਕੇ ਤੇਰੀ ਹਿੰਮਤ ਨਹੀਂ ਪੈਂਦੀ। ਪਰ ਮਿੱਠੋ
ਇਹ ਤੇਰੀ ਜ਼ਿੰਦਗੀ ਹੈ। ਤੈਨੂੰ ਆਪਣੀ ਮਰਜ਼ੀ ਨਾਲ ਜਿਓਣੀ ਚਾਹੀਦੀ ਹੈ। ਮੈਂ ਤੇਰੀ ਉਡੀਕ
ਕਰਾਂਗੀ," ਪੈਟੀ ਨੇ ਕਿਹਾ।

ਪਰ ਡਿੰਪਲ ਦੇ ਦਿਮਾਗ਼ ਵਿਚ ਤਾਂ ਪੈਟੀ ਦਾ ਕਿਹਾ, 'ਮੇਰੇ ਨਾਲ ਕਿਉਂ ਸੌਂਦੀ ਹੈਂ?' ਘੁੰਮ ਰਿਹਾ
ਸੀ। ਗੁੰਮ-ਸੁੰਮ ਹੋਈ ਉਹ ਸੋਚਣ ਲੱਗੀ। ਫਿਰ ਉਹ ਬੈਠੀ-ਬੈਠੀ ਇਕਦਮ ਬੋਲੀ, "ਮੈਨੂੰ ਚੰਗਾ ਲੱਗਦਾ
ਹੈ।"

"ਕੀ ਚੰਗਾ ਲੱਗਦਾ ਹੈ?" ਪੈਟੀ ਨੇ ਹੈਰਾਨੀ ਨਾਲ ਪੁੱਛਿਆ।

"ਤੇਰੇ ਨਾਲ।"

"ਓ, ਵਿਆਹ ਕਿਉਂ ਨਹੀਂ ਕਰਵਾਉਂਦੀ ਫਿਰ?" ਪੈਟੀ ਨੇ ਸਵਾਲ ਕੀਤਾ।

"ਕੀ ਵਿਆਹ ਕਰਵਾਉਣਾ ਜ਼ਰੂਰੀ ਹੈ?" ਡਿੰਪਲ ਨੇ ਜਿਵੇਂ ਤਰਲਾ ਕੀਤਾ ਹੋਵੇ।

"ਸਰੀਰਕ ਸੰਬੰਧਾਂ ਵਾਲੇ ਰਿਸ਼ਤੇ ਦਾ ਕੋਈ ਨਾਂ ਤਾਂ ਹੋਣਾ ਚਾਹੀਦਾ ਹੈ ਜਿਹੜਾ ਆਪਣੇ ਸਾਥੀ ਪ੍ਰਤੀ ਵਫ਼ਾਦਾਰ ਰਹਿਣ ਲਈ ਯਾਦ ਕਰਵਾਉਂਦਾ ਰਹੇ," ਪੈਟੀ ਨੇ ਆਪਣੀਆਂ ਨਜ਼ਰਾਂ ਡਿੰਪਲ ਦੇ ਚਿਹਰੇ ਉੱਪਰ ਗੱਡ ਦਿੱਤੀਆਂ। ਪਰ ਡਿੰਪਲ ਨੇ ਕੋਈ ਜਵਾਬ ਨਾ ਦਿੱਤਾ। ਉਹ ਫਿਰ ਆਪਣੇ-ਆਪ 'ਚ ਸਿਮਟ ਗਈ। ਉਸ ਨੂੰ ਸੋਚਾਂ ਵਿਚ ਡੁੱਬੀ ਵੇਖ ਪੈਟੀ ਆਪਣੇ ਕਮਰੇ ਵਿਚ ਚਲੀ ਗਈ।

ਡਿੰਪਲ ਦੇ ਦਿਮਾਗ਼ ਵਿਚ ਸ਼ੋਰ ਮੱਚਣ ਲੱਗਾ। ਉਸ ਨੂੰ ਲੱਗਾ ਜਿਵੇਂ ਕੋਈ ਆਖ ਰਿਹਾ ਹੋਵੇ, 'ਕੁੜੀਆਂ ਦੇ ਵੀ ਕਦੇ ਕੁੜੀਆਂ ਨਾਲ ਵਿਆਹ ਹੋਏ ਐ?' ਫੇਰ ਉਸ ਨੂੰ ਲੱਗਾ ਜਿਵੇਂ ਬਹੁਤ ਸਾਰੀਆਂ ਆਵਾਜ਼ਾਂ ਉਸ ਕੋਲੋਂ ਪੁੱਛ ਰਹੀਆਂ ਹੋਣ, 'ਪੈਟੀ ਤੇਰੀ ਕੀ ਲਗਦੀ ਹੈ?' ਫੇਰ ਉਸ ਨੂੰ ਲੱਗਾ ਜਿਵੇਂ ਉਸ ਦੇ ਮੰਮੀ-ਡੈਡੀ ਅਤੇ ਛੋਟੇ ਭੈਣ-ਭਰਾ ਉਨ੍ਹਾਂ ਦਾ ਮਖੌਲ ਉਡਾ ਰਹੇ ਲੋਕਾਂ ਦੇ ਵਿਚਕਾਰ ਘਿਰੇ ਉਸ ਕੋਲੋਂ ਪੁੱਛ ਰਹੇ ਹੋਣ, 'ਤੂੰ ਇਸ ਤਰ੍ਹਾਂ ਸਾਡੇ ਨਾਲ ਕਿਉਂ ਕੀਤਾ?' ਡਿੰਪਲ ਉਨ੍ਹਾਂ ਨਾਲ ਅੱਖ ਨਾ ਮਿਲਾ ਸਕੀ। ਉਸ ਨੇ ਆਪਣਾ ਸਿਰ ਝਟਕਿਆ, 'ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਤਰ੍ਹਾਂ ਹੋਵੇਗਾ, ਇਹ ਮੈਂ ਕੀ ਕਰ ਬੈਠੀ?' ਪਛਤਾਵੇ 'ਚ ਸਿਰ ਮਾਰਦੀ ਉਹ ਬੁੜਬੁੜਾਈ, "ਬੱਸ ਹੋਰ ਨਹੀਂ, ਬੱਸ ਹੋਰ ਨਹੀਂ।"

'ਜਿਹੜਾ ਕੁਝ ਹੋਣਾ ਸੀ ਹੋ ਗਿਆ, ਹੁਣ ਪੈਟੀ ਨੂੰ ਵੀ ਆਖ ਦੇਣੈ ਕਿ ਜਸਟ ਫਰੈਂਡ ਬਣ ਕੇ ਰਹਿਣੈ। ਹੋਰ ਨੀ ਕੁਛ ਕਰਿਆ ਕਰਨਾ ਭਾਵੇਂ ਜਿੰਨਾ ਮਰਜ਼ੀ ਜੀਅ ਕਰੇ' ਸੋਚਦੀ ਉਹ ਉੱਠ ਕੇ ਵਾਸ਼ਰੂਮ ਵਿਚ ਵੜ ਗਈ। ਸ਼ਾਵਰ ਥੱਲੇ ਖੜ੍ਹ ਉਹ ਆਪਣੇ ਪਿੰਡੇ ਨੂੰ ਪੱਫ ਨਾਲ ਰਗੜਨ ਲੱਗੀ। ਪਰ ਉਸ ਦੇ ਅੰਦਰ ਡਰ ਅਤੇ ਅਪਰਾਧ ਦਾ ਰਲਵਾਂ-ਮਿਲਵਾਂ ਜਿਹਾ ਕੁਝ ਸੀ ਜਿਹੜਾ ਉਸ ਦੇ ਪਿੰਡੇ ਨੂੰ ਰਗੜਿਆਂ ਵੀ ਉਸ ਦੇ ਸਰੀਰ ਨਾਲੋਂ ਲਹਿ ਕੇ ਪਾਣੀ ਦੇ ਵਹਾਅ ਵਿਚ ਨਹੀਂ ਸੀ ਰੁੜ੍ਹ ਰਿਹਾ।

ਇਸ ਡਰ ਅਤੇ ਗੁਨਾਹ ਦੀ ਭਾਵਨਾ ਕਾਰਣ ਹੀ, ਜਿਸ ਦਿਨ ਉਸ ਦਾ ਇੰਮੀਗਰੇਸ਼ਨ ਕਾਊਂਸਲਰ ਘਰ ਆਇਆ, ਉਸ ਦਾ ਜੀਅ ਕਰੇ ਕਿ ਧਰਤੀ ਪਾਟ ਕੇ ਉਸ ਨੂੰ ਆਪਣੇ ਵਿਚ ਸਮਾਅ ਲਵੇ। ਕਾਊਂਸਲਰ ਨੇ ਕਿਹਾ, "ਮੈਂ ਕਈ ਥਾਈਂ ਟਰਾਈ ਕੀਤੀ ਆ ਬਈ ਕੋਈ ਰਿਸ਼ਤਾ ਮਿਲ ਜਾਵੇ ਪਰ ਬਹੁਤੇ ਮੁੰਡਿਆਂ ਦੇ ਪਹਿਲਾਂ ਹੀ ਰਿਸ਼ਤੇਦਾਰੀਆਂ 'ਚ ਆਂਢੇ-ਸਾਂਢੇ ਲਾਏ ਹੁੰਦੇ ਆ। ਮੈਂ ਕੋਸ਼ਿਸ਼ ਕਰ ਰਿਹਾਂ ਕਿ ਕੋਈ ਕਾਗਜ਼ਾਂ 'ਚ ਹੀ ਵਿਆਹ ਕਰਨਾ ਮੰਨ ਜਾਵੇ।" ਫਿਰ ਉਸ ਪੈਟੀ ਦੀ ਫੋਟੋ ਵੱਲ ਹੱਥ ਕਰਕੇ ਪੁੱਛਿਆ, "ਇਹ ਕੁੜੀ ਤੇਰੀ ਰੂਮ ਮੇਟ ਈ ਐ ਜਾਂ ਫਰੈਂਡ ਵੀ ਹੈ?"

ਪਰ ਡਿੰਪਲ ਨੂੰ ਲੱਗਾ ਜਿਵੇਂ ਉਸ 'ਫਰੈਂਡ' ਸ਼ਬਦ ਦੀ ਥਾਂ 'ਕੁਝ ਹੋਰ ਵੀ' ਕਿਹਾ ਹੋਵੇ। ਉਸ ਆਪਣੀਆਂ ਅੱਖਾਂ ਧਰਤੀ 'ਤੇ ਗੱਡ ਲਈਆਂ ਜਿਵੇਂ ਉਸ ਤੋਂ ਵਿਹਲ ਭਾਲਦੀ ਹੋਵੇ।

"ਮੈਂ ਸੋਚਦਾ ਸੀ ਕਿ ਜੇ ਇਹ ਤੇਰੇ ਆਖੇ ਲੱਗ ਕੇ ਕਾਗਜ਼ਾਂ ਵਿਚ ਤੇਰੀ ਸੇਮ-ਸੈਕਸ ਪਾਰਟਨਰ ਬਣ ਕੇ ਅਪਲਾਈ ਕਰ ਦੇਵੇ ਤਾਂ ਤੈਨੂੰ ਇੰਮੀਗਰੇਸ਼ਨ ਮਿਲ ਜਾਵੇਗੀ," ਆਖ ਕਾਊਂਸਲਰ ਨੇ ਡਿੰਪਲ ਦੇ ਚਿਹਰੇ ਵੱਲ ਵੇਖਿਆ। ਉਸ ਦਾ ਚਿਹਰਾ ਸ਼ਰਮ ਨਾਲ ਲਾਲ ਸੁਰਖ ਹੋ ਗਿਆ ਸੀ।

"ਤੂੰ ਪਤਾ ਕਰਕੇ ਵੇਖੀਂ ਇਸ ਕੁੜੀ ਨੂੰ। ਮੈਂ ਤੇਰੇ ਡੈਡੀ ਹੋਰਾਂ ਨਾਲ ਵੀ ਗੱਲ ਕੀਤੀ ਸੀ। ਉਹ ਕਹਿੰਦੇ ਆ ਕਿ ਜਿਵੇਂ ਮਰਜ਼ੀ ਕਰਾਂ ਕੁੜੀ ਪੱਕੀ ਹੋਣੀ ਚਾਹੀਦੀ ਐ," ਆਖ ਕੇ ਕਾਊਂਸਲਰ ਚਲਾ ਗਿਆ। ਡਿੰਪਲ ਦੇ ਅੰਗ-ਪੈਰ ਜਿਵੇਂ ਸੁੰਨ ਹੋ ਗਏ ਹੋਣ। ਉਸ ਖੜ੍ਹਨ ਦੀ ਕੋਸ਼ਿਸ਼ ਕੀਤੀ ਪਰ ਉਸ ਦੀਆਂ ਲੱਤਾਂ ਨੇ ਉਸ ਦਾ ਸਾਥ ਨਾ ਦਿੱਤਾ ਅਤੇ ਉਹ ਥਾਏਂ ਬੈਠ ਗਈ। 'ਇਹਨੂੰ ਕਿਵੇਂ ਪਤਾ ਲੱਗ ਗਿਆ?' ਸੋਚਦੀ ਉਹ ਗੁੰਮ-ਸੁੰਮ ਜਿਹੀ ਹੋ ਗਈ। ਹੌਲੀ-ਹੌਲੀ ਆਪਣੇ-ਆਪ 'ਚ ਆਉਂਦੀ ਨੇ ਉਸ ਸੋਚਿਆ, 'ਹੋ ਸਕਦੈ ਕਿ ਉਸ ਨੇ ਸਭੈਕੀ ਕਿਹਾ ਹੋਵੇ? ਮੈਨੂੰ ਪੱਕੀ ਕਰਵਾਉਣ ਲਈ'। ਇਸ ਵਿਚਾਰ ਨੇ ਉਸ ਨੂੰ ਤਸੱਲੀ ਦਿੱਤੀ। 'ਪਰ ਜ਼ਰੂਰੀ ਤਾਂ ਨਹੀਂ ਕਿ ਪੈਟੀ ਨਾਲ ਹੀ ਪੇਪਰ ਭਰੇ ਜਾਣ। ਜੇ ਕਾਗਜ਼ੀ ਕਾਰਵਾਈ ਹੀ ਕਰਨੀ ਹੈ ਤਾਂ ਕਿਸੇ ਮੁੰਡੇ ਨਾਲ ਵੀ ਭਰੇ ਜਾ ਸਕਦੇ ਹਨ?...ਪਰ ਇਉਂ ਕੌਣ ਮੰਨਦਾ ਹੈ? ਕੀ ਪਤਾ ਅਗਲਾ ਮੂਹਰੋਂ ਕੀ ਸ਼ਰਤ ਰੱਖੇ?' ਸੋਚਦਿਆਂ ਉਦਾਸੀ ਨੇ ਉਸ ਨੂੰ ਘੇਰ ਲਿਆ। ਇਹ ਉਦਾਸੀ



ਹੋਰ ਵੀ ਗਹਿਰੀ ਹੋ ਗਈ ਜਦ ਸ਼ਾਮ ਵੇਲੇ ਉਸ ਦੀ ਮੰਮੀ ਦਾ ਫੋਨ ਆ ਗਿਆ। ਉਸ ਕਿਹਾ, "ਨਾਲ
ਵਾਲੀ ਗੋਰੀ ਕੁੜੀ ਨੂੰ ਪੁੱਛ ਕੇ ਵੇਖ ਜੇ ਮੰਨ ਜਾਵੇ। ਕਾਗਜ਼ਾਂ 'ਚ ਈ ਕਰਨੈ। ਕਿਸੇ ਨੂੰ ਕੋਈ ਸ਼ੱਕ-ਸ਼ੁਬਾ
ਨੀ ਹੁੰਦਾ। ਸਾਨੂੰ ਤਾਂ ਸਾਰਾ ਦਿਨ ਤੇਰਾ ਈ ਫਿਕਰ ਖਾਂਦਾ ਰਹਿੰਦੈ ਬਈ ਕੰਮ ਕਿਸੇ ਪਾਸੇ ਲੱਗੇ।"
ਡਿੰਪਲ ਦੇ ਚਿੱਤ 'ਚ ਆਈ ਕਿ ਆਖੇ, 'ਗੋਰੀ ਤਾਂ ਸੱਚੀਂ-ਮੁੱਚੀਂ ਦਾ ਵਿਆਹ ਕਰਵਾਉਣਾ
ਚਾਹੁੰਦੀ ਹੈ, ਤੂੰ ਦੱਸ ਹਾਂ ਕਰੇਂਗੀ?' ਪਰ ਉਸ ਨੂੰ ਮਾਂ ਨਾਲ ਅਜਿਹੀ ਗੱਲ ਕਰਨ ਲਈ ਆਪਣੇ ਆਪ
'ਤੇ ਗਿਲਾਨੀ ਜਿਹੀ ਹੋਈ ਅਤੇ ਉਸ "ਚੰਗਾ, ਪੁੱਛ ਲਊਂ", ਆਖ ਫੋਨ ਰੱਖ ਦਿੱਤਾ।
ਫੋਨ ਰੱਖ ਉਹ ਸੋਚੀਂ ਪੈ ਗਈ, 'ਜੇ ਮੈਂ ਛੇਤੀ-ਛੇਤੀ ਪੱਕੀ ਹੋ ਜਾਵਾਂ ਤਾਂ ਡੈਡੀ ਹੋਰੀਂ ਆਪੇ
ਆ ਕੇ ਸੰਭਾਲ ਲੈਣ ਜ਼ਿੰਮੇਵਾਰੀਆਂ, ਮੈਂ ਪੜ੍ਹਾਂ ਆਵਦਾ। ਸਾਰਾ ਦਿਨ ਫਿਕਰਾਂ 'ਚ ਪਈ ਰਹਿੰਦੀ ਆਂ।
ਜੇ ਮੈਂ ਪੈਟੀ ਨਾਲ ਵਿਆਹ...ਕੋਰਟ 'ਚ ਜਾ ਕੇ ਸਿਰਫ ਰਜਿਸਟਰ ਹੀ ਕਰਵਾਉਣਾ ਹੈ। ਪੈਟੀ ਨੂੰ ਕਹੂੰਗੀ
ਕਿ ਕਿਸੇ ਨੂੰ ਦੱਸੇ ਨਾ...ਹਾਏ-ਹਾਏ ਮੈਨੂੰ ਕੀ ਹੋਈ ਜਾਂਦੈ। ਮੈਂ ਕਿੰਨੀ ਗਿਰ ਗਈ ਹਾਂ।' ਫਿਰ ਉਸ ਦੇ
ਅੰਦਰ ਡੈਡੀ ਦੇ ਬੋਲ ਗੂੰਜੇ, 'ਤੇਰੇ ਨਾਲ ਤੇਰੇ ਛੋਟੇ ਭੈਣ-ਭਰਾ ਦਾ ਵੀ ਭਵਿੱਖ ਬੱਝਿਆ ਹੋਇਐ।'
ਅਗਲੇ ਹੀ ਪਲ ਉਸ ਦੇ ਦਿਮਾਗ਼ ਵਿਚ ਆਇਆ, 'ਮੇਰਾ ਕੀ ਘਸ ਜਾਊ, ਜਦ ਮੰਮੀ-ਡੈਡੀ ਆ ਗਏ
ਤੋੜ-ਵਿਛੋੜਾ ਕਰ ਲਊਂ।' ਉਸ ਦੇ ਅੰਦਰ ਖੋਹ ਜਿਹੀ ਪਈ। 'ਪੈਟੀ ਬਿਨਾਂ ਮੈਂ ਕਿਵੇਂ ਰਹਿ ਲਊਂ?'
ਸੋਚਦਿਆਂ ਉਸ ਹਉਕਾ ਲਿਆ। ਉਸ ਦੇ ਅੰਦਰ ਉਛਾਲ ਜਿਹਾ ਉੱਠਿਆ ਕਿ ਜਾ ਕੇ ਪੈਟੀ ਦੀਆਂ
ਬਾਹਾਂ ਵਿਚ ਸਮਾਅ ਜਾਵੇ। ਅਗਲੇ ਹੀ ਪਲ ਉਸ ਦੇ ਕੰਨਾਂ ਵਿਚ ਸਾਂਅ-ਸਾਂਅ ਹੋਣ ਲੱਗੀ। ਉਸ ਨੂੰ
ਲੱਗਾ ਜਿਵੇਂ ਬਹੁਤ ਸਾਰੀਆਂ ਆਵਾਜ਼ਾਂ ਉਸ ਕੋਲੋਂ ਪੈਟੀ ਨਾਲ ਉਸ ਦੇ ਰਿਸ਼ਤੇ ਬਾਰੇ ਪੁੱਛ ਰਹੀਆਂ
ਹੋਣ। ਉਸ ਅੰਦਰ ਉੱਠਿਆ ਉਛਾਲ ਬੈਠ ਗਿਆ। ਉਸ ਨੇ ਦੰਦ ਕਿਰਚੇ। ਉਸ ਨੂੰ ਲੱਗਾ ਜਿਵੇਂ ਇਕ
ਬਹੁਤ ਵੱਡੀ ਪਾਣੀ ਦੀ ਛੱਲ ਬਾਕੀ ਸਾਰਿਆਂ ਨੂੰ ਆਪਣੇ ਨਾਲ ਵਹਾਅ ਕੇ ਲੈ ਗਈ ਹੋਵੇ ਅਤੇ ਉਹ
ਪੈਟੀ ਦੀਆਂ ਬਾਹਾਂ ਵਿਚ ਖੜ੍ਹੀ ਬਚ ਗਈ ਹੋਵੇ। ਇਹ ਸੋਚ ਆਉਂਦਿਆਂ ਹੀ ਉਸ ਦੇ ਬੁੱਲ੍ਹਾਂ ਉੱਪਰ
ਮੁਸਕਾਨ ਫੈਲ ਗਈ।
ਡਿੰਪਲ ਨੇ ਆਪਣੇ ਸਿਰ ਨੂੰ ਝਟਕਿਆ, 'ਇਹ ਮੈਂ ਕੀ ਊਲ-ਜਲੂਲ ਸੋਚੀ ਜਾਨੀ ਆਂ।
ਜਿਹੜਾ ਕੁਝ ਹਊ ਵੇਖੀ ਜਾਊ। ਪਹਿਲਾਂ ਇੱਥੇ ਪੱਕੀ ਤਾਂ ਹੋਵਾਂ', ਸੋਚਦਿਆਂ ਉਸ ਸੌਣ ਲਈ ਅੱਖਾਂ
ਮੀਚ ਲਈਆਂ। ਉਸ ਨੂੰ ਲੱਗਾ ਜਿਵੇਂ ਰੋਂਦੀ-ਵਿਲਕਦੀ ਪੈਟੀ ਉਸ ਨੂੰ ਆਖ ਰਹੀ ਹੋਵੇ, 'ਤੂੰ ਮੈਨੂੰ ਧੋਖਾ
ਕਿਉਂ ਦਿੱਤਾ? ਮੈਂ ਤਾਂ ਤੈਨੂੰ ਵਫਾਦਾਰ ਸਮਝ ਕੇ ਦਿਲ ਦਿੱਤਾ ਸੀ।' ਡਿੰਪਲ ਨੇ ਝੱਟ ਅੱਖਾਂ ਖੋਹਲ
ਦਿੱਤੀਆਂ। ਇਨ੍ਹਾਂ ਉਲਝਣਾਂ ਵਿਚ ਡੁੱਬੀ ਹੀ ਉਹ ਸੌਂ ਗਈ। ਸੁਪਨੇ ਵਿਚ ਉਹ
ਵੇਖਦੀ ਹੈ ਕਿ ਵੱਡੇ-ਵੱਡੇ ਨਹੁੰਆਂ ਵਾਲੇ ਹੱਥ ਪੈਟੀ ਵੱਲ ਵਧ ਰਹੇ ਹਨ, ਡਰਦੀ-ਕੰਬਦੀ-ਵਿਲਕਦੀ
ਪੈਟੀ ਪਿੱਛੇ ਵੱਲ ਖਿਸਕ ਰਹੀ ਹੈ, ਹੱਥ ਹੋਰ ਅਗਾਂਹ ਵਧਣ ਲਗਦੇ ਹਨ। ਫਿਰ ਪੈਟੀ ਦੀ ਸ਼ਕਲ ਉਸ
ਦੀ ਆਪਣੀ ਸ਼ਕਲ ਵਿਚ ਤਬਦੀਲ ਹੋ ਜਾਂਦੀ ਹੈ। ਹੱਥ ਉਸ ਦੇ ਕੱਪੜਿਆਂ ਨੂੰ ਪਾੜਨ ਲਈ ਅਹੁਲਦੇ
ਹਨ। ਉਹ ਉੱਠਣ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਕੋਲੋਂ ਉੱਠ ਨਹੀਂ ਹੁੰਦਾ। ਹੱਥ ਉਸ ਦੇ ਕੱਪੜਿਆਂ
ਤਕ ਪਹੁੰਚ ਜਾਂਦੇ ਹਨ, ਉਹ ਚੀਕਣ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਦੀ ਚੀਕ ਨਹੀਂ ਨਿਕਲ ਰਹੀ।
ਇਸੇ ਕਸ਼ਮਕਸ਼ 'ਚ ਉਹ ਹੜਬੜਾ ਕੇ ਉੱਠ ਬੈਠੀ ਅਤੇ ਲੰਮੇ-ਲੰਮੇ ਸਾਹ ਲੈਣ ਲੱਗੀ।
"ਕੀ ਹੋਇਐ ਮਿੱਠੋ?" ਪੈਟੀ ਦੀ ਆਵਾਜ਼ ਆਈ। ਡਿੰਪਲ ਨੂੰ ਲੱਗਾ ਜਿਵੇਂ ਉਹ ਸੰਨ੍ਹ ਵਿਚ ਹੀ
ਫੜੀ ਗਈ ਹੋਵੇ। ਉਸ ਮਰੀ ਜਹੀ ਆਵਾਜ਼ 'ਚ ਕਿਹਾ, "ਕੁਝ ਨਹੀਂ, ਡਰਾਉਣਾ ਸੁਪਨਾ ਆਇਆ ਸੀ।"
"ਓਹ ਪਿਆਰੀ!" ਆਖਦੀ ਪੈਟੀ ਨੇ ਬੱਤੀ ਜਗਾਈ ਅਤੇ ਡਿੰਪਲ ਕੋਲ ਆ ਗਈ। ਡਿੰਪਲ
ਉਸ ਨਾਲ ਅੱਖ ਨਾ ਮਿਲਾ ਸਕੀ ਅਤੇ ਉਸਦੀਆਂ ਬਾਹਾਂ ਵਿਚ ਹੁਬਕੀਂ-ਹੁਬਕੀਂ ਰੋਣ ਲੱਗੀ। ❑ ❑

[8422 - 150A St, Surrey. B.C. V3G 837. Canada]

# ਸੂਰਜ ਅਜੇ ਨਹੀਂ ਮਰਿਆ

## ਸੁਰਿੰਦਰ ਸੋਹਲ

ਬਾਬੇ ਪੂਰੀ ਦੇ ਬੋਹੜ ਦੀ ਵੱਖੀ ਥਾਣੀਂ ਉੱਗਿਆ ਸੂਰਜ ਝਾਤੀਆਂ ਮਾਰਨ ਲੱਗ ਪਿਆ ਸੀ। ਚਿੱਟੀ ਧੁੱਪ, ਲਹਿ ਲਹਿ ਕਰਦੀ ਚਰ੍ਹੀ ਦੇ ਪੱਤਿਆਂ ਉੱਤੋਂ ਦੀ ਤਿਲਕ ਤਿਲਕ ਜਾ ਰਹੀ ਸੀ। ਪੂਣੀ ਕਤਦੀ ਮੱਕੀ ਦੀ ਮਹਿਕ ਹਵਾ ਵਿਚ ਘੁਲ ਰਹੀ ਸੀ। ਟਾਹਲੀ ਹੇਠ ਲੱਗੀ ਨਾਜ਼ਰ ਸਿੰਘ ਦੀ ਮੋਟਰ ਦਾ ਚਾਂਦੀ ਵਰਗਾ ਪਾਣੀ, ਧੁੱਪ ਵਿਚ ਹੋਰ ਵੀ ਚਮਕ ਰਿਹਾ ਸੀ।

ਚਿੱਟਾ ਕੁੜਤਾ ਤੇ ਚਾਦਰ ਲਾਈ ਨਾਜ਼ਰ ਸਿੰਘ ਘਰੋਂ ਨਿਕਲਿਆ। ਤਿੱਖੀ ਨੋਕ ਵਾਲੀ ਜੁੱਤੀ ਫਿਰਨੀ ਦੀ ਰੇਤ ਨੂੰ ਮਿੱਧੀ ਜਾ ਰਹੀ ਸੀ। ਉਸਨੇ ਇਕ ਹੱਥ ਨਾਲ ਕਾਲੀ ਪੱਗ ਦੀ ਇਕ ਬਨੇਰੀ ਨਾਲ ਨਿਕਲੇ ਵਾਲਾਂ ਨੂੰ ਕੱਜਿਆ। ਦੂਸਰੇ ਹੱਥ ਦੀਆਂ ਉਂਗਲਾਂ ਨਾਲ ਮੂੰਹ ਵਿਚ ਪੈਂਦੇ ਮੁੱਛਾਂ ਦੇ ਵਾਲਾਂ ਨੂੰ ਪਰ੍ਹਾਂ ਕੀਤਾ। ਘੰਗੂਰਾ ਮਾਰ ਕੇ ਉਹ ਘਰ ਦਾ ਗੇਟ ਬੰਦ ਕਰਕੇ ਮੋਟਰ ਵੱਲ ਨੂੰ ਹੋ ਗਿਆ।

ਸਾਹਮਣੇ ਸਰੂਪੇ ਸਰਪੰਚ ਦਾ, ਮੋਢੇ ਮੋਢੇ ਹੋਇਆ ਗਾਚਾ ਹਵਾ ਵਿਚ ਲਹਿਰਾ ਰਿਹਾ ਸੀ। ਫਿਰਨੀ ਦਾ ਮੋੜ ਮੁੜਦੇ ਹੀ ਨਾਜ਼ਰ ਸਿੰਘ ਦੀ ਮੋਟਰ ਸੀ। ਟਾਹਲੀ ਦੇ ਲਾਗੇ ਅੱਧਖੜ ਜਿਹਾ ਤਖ਼ਤਪੋਸ਼ ਸੀ। ਇਹ ਨਾਜ਼ਰ ਸਿੰਘ ਨੇ ਆਪ ਬਣਵਾਇਆ ਹੋਇਆ ਸੀ। ਦੁਪਹਿਰ ਨੂੰ ਇਥੇ ਰੋਜ਼ ਤਾਸ਼ ਦੀ ਮਹਿਫ਼ਿਲ ਲਗਦੀ ਸੀ।

ਨਾਜ਼ਰ ਸਿੰਘ ਨੇ ਇਕ ਨਜ਼ਰ ਚੜ੍ਹਦੇ ਪਾਸੇ ਮਾਰੀ। ਬਾਬੇ ਪੂਰੀ ਦੇ ਬੋਹੜ ਦੀ ਵੱਖੀ ਥਾਣੀਂ ਉੱਗਿਆ ਸੂਰਜ ਝਾਤੀਆਂ ਮਾਰ ਰਿਹਾ ਸੀ। ਫਿਰ ਉਸਨੇ ਘੜੀ ਵੱਲ ਦੇਖਿਆ। ਅਜੇ ਕਰਮੇ ਦੇ ਆਉਣ ਵਿਚ ਬਹੁਤ ਟਾਇਮ ਰਹਿੰਦਾ ਸੀ। ਨੋਕਦਾਰ ਜੁੱਤੀ ਲਾਹ ਕੇ ਨਾਜ਼ਰ ਸਿੰਘ ਤਖ਼ਤਪੋਸ਼ 'ਤੇ ਬੈਠ ਗਿਆ। ਉਸਨੇ ਇਕ ਨਿਗਾਹ ਪਹਾੜ ਵੱਲ ਜਾਂਦੀ ਫਿਰਨੀ 'ਤੇ ਸੁੱਟੀ। ਰੂੜੀਆਂ ਤੋਂ ਪਾਰ ਸਿਵਿਆਂ ਵਿਚ ਉੱਗੀਆਂ ਕਿੱਕਰਾਂ ਫਲਾਹੀਆਂ ਵਿਚ ਉਸਦੀ ਨਿਗਾਹ ਫਸ ਗਈ। ਸਿਵਿਆਂ ਦੇ ਇਕ ਖੂੰਜੇ ਟੁੰਡੀ ਜਿਹੀ ਫਲਾਹੀ ਨੂੰ ਉਹ ਕਿੰਨੀ ਦੇਰ ਦੇਖਦਾ ਰਿਹਾ। ਇਸੇ ਫਲਾਹੀ ਕੋਲ ਹੀ ਕੁਝ ਮਹੀਨੇ ਪਹਿਲਾਂ ਗੁਰਮੇਲ ਕੇ ਮੱਖਣ ਦਾ ਸਿਵਾ ਬਲਿਆ ਸੀ।

ਨਾਜ਼ਰ ਸਿੰਘ ਦਾ ਦਿਲ ਕਾਹਲਾ ਜਿਹਾ ਪਿਆ। ਉਸਨੇ ਉੱਠ ਕੇ ਮੋਟਰ ਤੋਂ ਦੋ ਘੁੱਟ ਪਾਣੀ ਪੀਤਾ। ਉਸਨੂੰ ਅੱਖਾਂ ਵਿਚ ਰੜਕ ਮਹਿਸੂਸ ਹੋਈ। ਉਹ ਸਾਰੀ ਰਾਤ ਚੱਜ ਨਾਲ ਸੌਂ ਨਹੀਂ ਸੀ ਸਕਿਆ। ਵੱਡੇ ਤੜਕੇ ਉਸਨੂੰ ਮੰਜੇ 'ਤੇ ਪੈਣਾ ਵੀ ਔਖਾ ਹੋ ਗਿਆ ਸੀ। ਉਹ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਜੰਗਲ ਪਾਣੀ ਜਾ ਆਇਆ ਸੀ। ਜਦੋਂ ਉਹ ਮੋਟਰ 'ਤੇ ਨਹਾਉਣ ਗਿਆ ਸੀ, ਉਦੋਂ ਅਜੇ ਗੁਰਦੁਆਰੇ ਦੇ ਭਾਈ ਨੇ ਜਪੁਜੀ ਸਾਹਿਬ ਪੜ੍ਹਨਾ ਵੀ ਸ਼ੁਰੂ ਨਹੀਂ ਸੀ ਕੀਤਾ। ਸਰਘੀ ਦਾ ਤਾਰਾ ਗੁਰਦੁਆਰੇ ਦੇ ਨਿਸ਼ਾਨ ਸਾਹਿਬ 'ਤੇ ਜਗਦੇ ਬਲਬ ਵਾਂਗ ਜਾਪ ਰਿਹਾ ਸੀ।

ਜਦੋਂ ਨਹਾ ਕੇ ਉਹ ਘਰ ਗਿਆ ਸੀ ਤਾਂ ਉਸਦੀ ਘਰਵਾਲੀ ਧਾਰਾਂ ਕੱਢ ਚੁੱਕੀ ਸੀ। ਚਾਹ ਪੀ ਕੇ ਉਹ ਫਿਰ ਮੰਜੇ 'ਤੇ ਲੇਟ ਗਿਆ। ਪਰ ਉਸਨੂੰ ਅਜੀਬ ਜਿਹੀ ਅੱਚਵੀ ਲੱਗੀ ਹੋਈ ਸੀ। ਲੰਮੇ ਪਏ ਦੀ ਉਸਦੀ ਮਾੜੀ ਜਿਹੀ ਅੱਖ ਲੱਗੀ ਸੀ। ਉਸਨੂੰ ਅਜੀਬ ਜਿਹੇ ਸੁਪਨੇ ਆਉਣ ਲੱਗੇ ਸਨ।

ਰੋਟੀ ਬਣਾ ਕੇ ਨਾਜ਼ਰ ਸਿੰਘ ਦੀ ਘਰਵਾਲੀ ਨੇ ਉਸਨੂੰ ਆਵਾਜ਼ ਮਾਰੀ ਸੀ।

ਰੋਟੀ ਖਾ ਕੇ ਉਸ ਨੇ ਕਪੜੇ ਪਹਿਨੇ ਸਨ। ਪੱਗ ਬੱਧੀ ਸੀ ਤੇ ਨੋਕਦਾਰ ਜੁੱਤੀ ਪਾ ਕੇ ਉਹ ਘਰੋਂ ਨਿਕਲਿਆ ਸੀ।

ਨਾਜ਼ਰ ਸਿੰਘ ਦੇ ਦੋਵੇਂ ਪੁੱਤਰਾਂ ਨੇ ਖੇਤਾਂ ਵਿਚ ਹੀ ਮਕਾਨ ਬਣਾ ਲਏ ਸਨ। ਪਿੰਡ ਵਾਲਾ ਘਰ ਵੀ ਕਾਫੀ ਖੁੱਲ੍ਹਾ ਡੁੱਲ੍ਹਾ ਸੀ। ਨਾਜ਼ਰ ਸਿੰਘ ਨੇ ਏਥੇ ਹੀ ਦੋ ਮੱਝਾਂ ਰੱਖੀਆਂ ਹੋਈਆਂ ਸਨ। ਭਈਆ ਸਵੇਰ ਸ਼ਾਮ ਖੂਹ ਤੋਂ ਪੱਠਿਆਂ ਦੀ ਪੰਡ ਲਿਆ ਕੇ ਇਹਨਾਂ ਨੂੰ ਪਾ ਜਾਂਦਾ ਸੀ। ਨਾਜ਼ਰ ਸਿੰਘ ਖੂਹ 'ਤੇ ਮਾੜਾ



ਮੋਟਾ ਕੰਮ ਕਰਵਾ ਆਉਂਦਾ ਸੀ। ਪਿੰਡ ਦੇ ਨਾਲ ਲਗਦੀ ਜ਼ਮੀਨ ਵਿਚ ਵੀ ਉਹਨਾਂ ਨੇ ਮੋਟਰ ਲਵਾਈ ਹੋਈ ਸੀ। ਭਈਆ ਆ ਕੇ ਸਿੰਜਾਈ ਕਰ ਦਿੰਦਾ।

ਤਖ਼ਤਪੋਸ਼ 'ਤੇ ਬੈਠੇ ਨਾਜ਼ਰ ਸਿੰਘ ਨੇ ਆਪਣੇ ਘਰ ਦੇ ਗੇਟ ਵੱਲ ਦੇਖਿਆ। ਫਿਰ ਉਸਨੇ ਘੜੀ ਵੱਲ ਨਿਗਾਹ ਮਾਰੀ। ਜਿਵੇਂ ਸੂਈਆਂ ਇਕ ਹੀ ਜਗ੍ਹਾ ਜੰਮ ਗਈਆਂ ਹੋਣ। ਕਰਮੇ ਦੇ ਆਉਣ ਦਾ ਵੇਲਾ ਅਜੇ ਨਹੀਂ ਸੀ ਹੋਇਆ। ਕੋਲ ਦੀ ਲੰਘਦਾ ਕੋਈ ਬੰਦਾ ਉਸਨੂੰ ਦੁਆ ਸਲਾਮ ਕਰ ਜਾਂਦਾ। ਕੋਈ ਉਸਨੂੰ ਦੇਖ ਕੇ ਬੁੱਲ੍ਹਾਂ ਵਿਚ ਹੀ ਮੁਸਕਰਾ ਪੈਂਦਾ। ਨਾਜ਼ਰ ਸਿੰਘ ਇਸ ਤਿੱਖੀ ਮੁਸਕਰਾਹਟ ਦਾ ਅਰਥ ਚੰਗੀ ਤਰ੍ਹਾਂ ਸਮਝਦਾ ਸੀ। ਕਿਸੇ ਦੇ ਬੁਲ੍ਹਾਂ 'ਤੇ ਫੈਲਦੀ ਮੁਸਕਰਾਹਟ ਦੇਖ ਉਸਦੇ ਦਿਲ ਨੂੰ ਕੁਝ ਕੁਝ ਹੁੰਦਾ ਜ਼ਰੂਰ ਸੀ।

ਫਿਰਨੀ ਦੀ ਭੁੱਬਲ ਉਡਾਉਂਦਾ ਬਿੱਕਰ ਦਾ ਰੇੜ੍ਹਾ ਮੋਟਰ ਕੋਲ ਆ ਕੇ ਰੁਕ ਗਿਆ। ਬਿੱਕਰ ਰੋਜ਼ ਰੇੜ੍ਹਾ ਸ਼ਹਿਰ ਨੂੰ ਲਿਜਾਣ ਤੋਂ ਪਹਿਲਾਂ ਮੋਟਰ ਤੋਂ ਘੋੜੇ ਨੂੰ ਪਾਣੀ ਪਿਲਾ ਕੇ ਲਿਜਾਂਦਾ ਸੀ। ਰਾਤ ਨੂੰ ਜਦੋਂ ਸ਼ਹਿਰੋਂ ਮੁੜਦਾ ਉਦੋਂ ਵੀ ਇਸੇ ਚਲ੍ਹੇ 'ਚੋਂ ਪਾਣੀ ਪਿਲਾਉਂਦਾ। ਬਿੱਕਰ ਨੇ ਘੋੜੇ ਦੀ ਲਗਾਮ ਨੂੰ ਇਸ ਢੰਗ ਨਾਲ ਖਿੱਚਿਆ, ਘੋੜਾ ਧੌਣ ਲੰਮੀ ਕਰਕੇ ਚਲ੍ਹੇ ਵਿਚੋਂ ਪਾਣੀ ਪੀਣ ਲੱਗ ਪਿਆ।

'ਬਿੱਕਰ ਸਿਹਾਂ, ਸੁਣਿਆ ਬਈ ਰਾਮਪੁਰ ਦੇ ਮੇਲੇ 'ਚ ਹਰ ਵਾਰੀ ਤੇਰਾ ਘੋੜਾ ਅੱਵਲ ਆਉਂਦੈ।' ਘੋੜੇ ਦੀ ਨਰੋਈ ਦੇਹ ਵੱਲ ਦੇਖਦੇ ਹੋਏ ਨਾਜ਼ਰ ਸਿੰਘ ਨੇ ਕਿਹਾ।

'ਬੱਸ ਚਾਚਾ, ਐਂ ਈ ਐਂ।' ਬਿੱਕਰ ਨੂੰ ਜਿਵੇਂ ਤੋਰਨ ਲਈ ਕੋਈ ਗੱਲ ਨਹੀਂ ਸੀ ਅਹੁੜੀ।

'ਬਈ ਚਾਹੇ ਘੋੜਾ ਹੋਵੇ, ਚਾਹੇ ਬੌਲਦ। ਰੂਹ ਨਾਲ ਰੱਖੀਏ ਤਾਂ ਹੀ ਰਿਜ਼ਕ ਦਿੰਦੇ ਐ,' ਨਾਜ਼ਰ ਸਿੰਘ ਨੇ ਕਿਹਾ। ਇਕ ਵਾਰ ਉਹ ਉਸ ਜ਼ਮਾਨੇ ਵਿਚ ਚਲਾ ਗਿਆ, ਜਦੋਂ ਉਹ ਕੱਟਿਆਂ ਵੱਛਿਆਂ ਨੂੰ ਹੱਥੀਂ ਦੁੱਧ ਚੁੰਘਾ ਕੇ ਪਾਲਿਆ ਕਰਦਾ ਸੀ। ਉਸਦੇ ਬੌਲਦ ਗੋਡੇ ਗੋਡੇ ਰੇਤ ਵਿਚੋਂ ਦੱਬ ਕੇ ਲੱਦਿਆ ਗੱਡਾ ਫੁੱਲਾਂ ਵਾਂਗ ਖਿੱਚ ਲਿਆਉਂਦੇ ਸਨ। ਜਦੋਂ ਦਾ ਉਸਦੇ ਮੁੰਡਿਆਂ ਨੇ ਟਰੈਕਟਰ ਲਿਆ ਸੀ, ਨਾਜ਼ਰ ਸਿੰਘ ਨੂੰ ਖੇਤੀ ਕਰਨ ਦਾ ਜਿਵੇਂ ਸਵਾਦ ਨਹੀਂ ਸੀ ਆ ਰਿਹਾ।

'ਬਈ ਚਾਚਾ, ਮੈਂ ਵੀ ਆਪਣੀ ਅੱਧੀ ਕਮਾਈ ਇਹਦੇ ਹੀ ਢਿੱਡ 'ਚ ਪਾਉਨੈਂ। ਨਿਆਣਿਆਂ ਨੂੰ ਰੋਟੀ ਬਾਅਦ 'ਚ, ਪਹਿਲਾਂ ਇਹਦਾ ਢਿੱਡ ਭਰਦਾਂ। ਹੋਰ ਨੇਕੇ ਆਂਗੂ ਨਹੀਂ। ਘੋੜੀ ਨੂੰ ਕਦੇ ਰੱਜਵੀਂ ਖੁਰਾਕ ਨਹੀਂ ਚਾਰਦਾ। ਫਿਰ ਕਹਿੰਦਾ, ਪਤਾ ਨਹੀਂ ਸਾਲੀ ਨੂੰ ਕੀ ਹੋਇਆ, ਖਾਲੀ ਰੇੜ੍ਹਾ ਵੀ ਨੀ ਖਿੱਚਦੀ।'

ਨਾਜ਼ਰ ਸਿੰਘ ਨੂੰ ਲੱਗਿਆ ਜਿਵੇਂ ਬਿੱਕਰ ਦੀ ਗੱਲ ਵਿਚ ਕਸਬ ਦੀ ਈਰਖਾ ਰਲੀ ਹੋਈ ਹੋਵੇ। ਬਿਕਰ ਰੇੜ੍ਹੇ ਤੋਂ ਉਤਰ ਕੇ ਘੋੜੇ ਦੀ ਪਿੱਠ ਥਾਪੜਨ ਲੱਗ ਪਿਆ ਸੀ, 'ਚਾਚਾ ਇਹਦੇ 'ਚ ਤਾਂ ਦਸਾਂ ਘੋੜਿਆਂ ਜਿੰਨੀ ਜਾਨ ਐਂ। ਜਦੋਂ ਭਜਦੈ ਕਿਤੇ ਡ੍ਹਾਹ ਦਿੰਦਾ ...।'

ਘੋੜੇ ਨੇ ਪਾਣੀ ਪੀ ਲਿਆ ਤਾਂ ਬਿੱਕਰ ਛਾਲ ਮਾਰ ਕੇ ਰੇੜ੍ਹੇ 'ਤੇ ਚੜ੍ਹ ਗਿਆ, 'ਚੰਗਾ ਚਾਚਾ, ਅਜੇ ਕਿਰਪੇ ਦੇ ਖੂਹ ਤੋਂ ਚਾਰ ਬੋਰੀਆਂ ਕਣਕ ਦੀਆਂ ਲੱਦ ਕੇ ਬਸਤੀ ਚੱਕੀ 'ਤੇ ਸੁੱਟਣੀਐਂ।'

'ਚੰਗਾ ਬਈ...।' ਨਾਜ਼ਰ ਸਿੰਘ ਨੇ ਘੋੜੇ ਦੀ ਨਿੱਗਰ ਦੇਹ ਨੂੰ ਭਰਵੀਂ ਨਜ਼ਰ ਨਾਲ ਦੇਖਿਆ। ਫਿਰ ਸੋਚਣ ਲੱਗਾ, 'ਜਵਾਨੀ ਵੇਲੇ ਮੈਂ ਵੀ ਕਿਹੜਾ ਦਸਾਂ ਬੰਦਿਆਂ ਨੂੰ ਡ੍ਹਾਹ ਦਿੰਦਾ ਸੀ।'

ਆਪਣੇ ਜੋਸ਼ ਤੇ ਜ਼ੋਰ ਬਾਰੇ ਸੋਚ ਕੇ ਨਾਜ਼ਰ ਸਿੰਘ ਦੇ ਚਿਹਰੇ 'ਤੇ ਬਾਬੇ ਪੂਰੀ ਦੇ ਬੋਹੜ ਦੀ ਵੱਖੀ ਥਾਣੀਂ ਲਿਸ਼ਕਦੇ ਸੂਰਜ ਵਰਗੀ ਚਮਕ ਆ ਗਈ। ਅੱਖਾਂ ਵਿਚ ਬੀਤਿਆ ਸਮਾਂ ਕਿਰਨ-ਮ-ਕਿਰਨੀ ਝਰਨ ਲੱਗ ਪਿਆ।

ਆਲੇ ਦੁਆਲੇ ਦੇ ਪਿੰਡਾਂ ਵਿਚ ਨਾਜ਼ਰ ਸਿੰਘ ਦੀ ਪਹਿਲਵਾਨੀ ਦੇ ਚਰਚੇ ਹੁੰਦੇ ਸਨ। ਉਸਦੀ ਪਟਕੇ ਦੀ ਕੁਸ਼ਤੀ ਦੇਖਣ ਲਈ ਭੀੜਾਂ ਦੀਆਂ ਭੀੜਾਂ ਜੁੜ ਜਾਂਦੀਆਂ ਸਨ। ਉਸੇ ਕਰਕੇ ਨਾਜ਼ਰ ਸਿੰਘ ਦੀ ਪਿੰਡ ਵਿਚ ਚੰਗੀ ਪੈਂਠ ਸੀ। ਉਸਦਾ ਪੂਰਾ ਰੋਅਬ ਸੀ। ਪਿੰਡ ਦੇ ਪੰਚ ਸਰਪੰਚ ਦੀ ਵੀ ਕੀ ਮਜਾਲ

ਹੁੰਦੀ ਸੀ ਕਿ ਉਹ ਨਾਜ਼ਰ ਸਿੰਘ ਦੀ ਕੀਤੀ ਉਲੱਦ ਦੇਣ। ਪਿੰਡ ਵਿਚ ਪੰਚਾਇਤ ਹੁੰਦੀ ਤਾਂ ਨਾਜ਼ਰ ਸਿੰਘ ਨੂੰ ਉਚੇਚੇ ਤੌਰ 'ਤੇ ਬੁਲਾਇਆ ਜਾਂਦਾ। ਸਭ ਨੂੰ ਪਤਾ ਸੀ, ਨਾਜ਼ਰ ਸਿੰਘ ਜਦੋਂ ਕਰੇਗਾ, ਇਨਸਾਫ਼ ਹੀ ਕਰੇਗਾ। ਪੰਚਾਇਤ ਵਿਚ ਉਸਦਾ ਫ਼ੈਸਲਾ, ਰਾਜੇ ਬਿਕਰਮਜੀਤ ਦਾ ਫ਼ੈਸਲਾ ਮੰਨਿਆ ਜਾਂਦਾ ਸੀ।

ਆਪ ਉਹ ਪੰਚੀ ਸਰਪੰਚੀ ਤੋਂ ਦੂਰ ਹੀ ਰਿਹਾ। ਜਦੋਂ ਕਦੇ ਗੱਲ ਚਲਦੀ, ਉਹ ਆਖਦਾ, 'ਭਰਾਵੋ, ਜਦੋਂ ਮੈਂ ਵੋਟਾਂ ਵਿਚ ਖੜ੍ਹਾ ਹੋਇਆ, ਸਮਝ ਲਓ ਮੈਂ ਅੱਧੇ ਪਿੰਡ ਨਾਲੋਂ ਟੁੱਟ ਗਿਆ। ਸਰਪੰਚੀ ਪੰਚੀ ਬਿਨਾਂ ਮੇਰਾ ਸਰ ਜਾਊ, ਪਰ ਪੂਰੇ ਪਿੰਡ ਨਾਲ ਵਰਤੇ ਬਿਨਾਂ ਮੇਰਾ ਨਹੀਂ ਸਰਨਾ।'

ਤਖ਼ਤਪੋਸ਼ ਦੇ ਕੋਲ, ਮਿੱਟੀ ਘੱਟੇ ਵਿਚ ਪਈ ਪਾਨ ਦੀ ਬੇਗੀ ਵੱਲ ਦੇਖ ਕੇ ਨਾਜ਼ਰ ਸਿੰਘ ਨੂੰ ਸਵਰਨੀ ਦਾ ਖ਼ਿਆਲ ਆ ਗਿਆ। ਦੁੱਧ ਦਾ ਗਿਲਾਸ ਫੜਾਉਣ ਲੱਗੀ ਸਵਰਨੀ, ਨਾਜ਼ਰ ਸਿੰਘ ਦਾ ਹੱਥ ਘੁੱਟ ਗਈ ਸੀ। ਤਖ਼ਤਪੋਸ਼ 'ਤੇ ਬੈਠਾ ਨਾਜ਼ਰ ਸਿੰਘ ਇਕ ਸਵਾਦ ਜਿਹੇ ਵਿਚ ਗੜੂੰਦ ਹੋ ਗਿਆ।

ਸਰੂਪੇ ਸਰਪੰਚ ਦੇ ਗਾਰੇ ਓਹਲਿਉਂ ਨਿਕਲਦੀ ਜੀਪ ਨੇ ਨਾਜ਼ਰ ਸਿੰਘ ਦਾ ਧਿਆਨ ਤੋੜ ਦਿੱਤਾ। ਮੋੜ ਮੁੜ ਕੇ ਜੀਪ ਮੋਟਰ ਤੋਂ ਅਗਾਂਹ ਲੰਘ ਗਈ। ਫਿਰਨੀ ਕੰਢੇ ਉੱਗੀ ਸ਼ਰੀਂਹ ਕੋਲ ਜਾ ਕੇ ਰੁਕ ਗਈ। ਜੀਪ ਵਿਚੋਂ ਸਰੂਪਾ ਸਰਪੰਚ ਉੱਤਰ ਕੇ ਤਖ਼ਤਪੋਸ਼ ਵੱਲ ਨੂੰ ਆ ਗਿਆ।

'ਤਿਆਰ ਬੈਠੈਂ। ਆ ਜਾ ਜੀਪ ਵਿਚ ਇਕ ਜਣੇ ਦੀ ਥਾਂ ਹੈਗੀ ਐ।' ਸਰੂਪੇ ਸਰਪੰਚ ਨੇ ਕੁਝ ਕੰਬਦੀ ਹੋਈ ਆਵਾਜ਼ ਵਿਚ ਕਿਹਾ, 'ਗੁਰਮੇਲ ਸੋਹ ਵੀ ਵਿਚੇ ਐ। ਕਹਿੰਦਾ ਭਾਅ ਨੂੰ ਨਾਲ ਲੈ ਚਲਦੇ ਆਂ।'

ਨਾਜ਼ਰ ਸਿੰਘ ਨੇ ਇਕ ਨਿਗਾਹ ਜੀਪ 'ਤੇ ਸੁੱਟੀ। ਉਸਨੂੰ ਜੀਪ ਦਾ ਧੂੰਆਂ ਸਿਰ ਨੂੰ ਚੜ੍ਹਦਾ ਜਾਪਿਆ। ਫਿਰ ਉਸਨੇ ਆਪਣੇ ਘਰ ਉੱਤੋਂ ਦੀ ਦੀਹਦੇ ਗੱਜਣ ਦੇ ਚੁਬਾਰੇ ਨੂੰ ਨਿਹਾਰਿਆ।

'ਨਹੀਂ ਤੁਸੀਂ ਚੱਲੋ। ਮੈਂ ਆਪੇ ਆ ਜਾਊਂ।' ਨਾਜ਼ਰ ਸਿੰਘ ਨੇ ਬੇਰੁਖੀ ਨਾਲ ਕਿਹਾ। ਸਰੂਪੇ ਸਰਪੰਚ ਦਾ ਦੁਬਾਰਾ ਕੁਝ ਕਹਿਣ ਦਾ ਹੌਂਸਲਾ ਨਾ ਪਿਆ। ਉਹ ਜੀਪ ਵਿਚ ਜਾ ਬੈਠਾ।

'ਕਿਵੇਂ?' ਗੁਰਮੇਲ ਨੇ ਪੁੱਛਿਆ।

'ਇਹ ਹੁਣ ਸਾਡੇ ਨਾਲ ਕਿਉਂ ਤੁਰੂ।' ਸਰੂਪੇ ਸਰਪੰਚ ਨੇ ਬਸ ਏਨਾ ਹੀ ਕਿਹਾ।

'ਕੌਡੀ ਦਾ ਬੰਦਾ ਨਈਂ ਨਿਕਲਿਆ।' ਗੁਰਮੇਲ ਦੇ ਮੂੰਹ ਵਿਚ ਕੁਸੈਲ ਜਿਹੀ ਘੁਲ ਗਈ।

ਧੂੰਆਂ ਉਡਾਉਂਦੀ ਜੀਪ ਅਗਲਾ ਮੋੜ ਮੁੜ ਕੇ ਚਰ੍ਹੀ ਦੇ ਓਹਲੇ ਹੋ ਗਈ। ਜੀਪ ਦੀ ਆਵਾਜ਼ ਕਿੰਨੀ ਦੇਰ ਆਉਂਦੀ ਰਹੀ। ਨਾਜ਼ਰ ਸਿੰਘ ਜੀਪ ਦੇ ਪਹੀਆਂ ਨਾਲ ਉਡਦੀ ਧੂੜ ਦੇਖਦਾ ਰਿਹਾ।

ਕਰਮੇ ਦੇ ਆਉਣ ਵਿਚ ਅਜੇ ਵਕਤ ਰਹਿੰਦਾ ਸੀ। ਨਾਜ਼ਰ ਸਿੰਘ ਨੇ ਕਰਮੇ ਨੂੰ ਬਥੇਰਾ ਕਿਹਾ ਸੀ, 'ਕਰਮ ਸਿਹਾਂ, ਮੈਂ ਆਪਣੇ ਸਕੂਟਰ 'ਤੇ ਕਚਹਿਰੀਆਂ 'ਚ ਪਹੁੰਚ ਜਾਊਂ।'

ਪਰ ਕਰਮੇ ਨੇ ਜ਼ੋਰ ਪਾਇਆ ਸੀ, 'ਨਹੀਂ ਬਾਈ। ਮੈਂ ਸਵੇਰੇ ਨੌਂ ਵਜੇ ਮੋਟਰ ਸੈਕਲ 'ਤੇ ਆਊਂ। ਤੈਨੂੰ ਆਪਣੇ ਨਾਲ ਲੈ ਕੇ ਜਾਊਂ। ਉਂਝ ਵੀ ਬਾਈ ਤੂੰ ਮੇਰੇ ਨਾਲ ਹੋਏਂਗਾ, ਮੇਰਾ ਹੌਂਸਲਾ ਵਧਿਆ ਰਹੂ।'

ਜੁੱਤੀ ਝਾੜ ਕੇ ਪਾਉਂਦੀ ਸਵਰਨੀ ਨੇ ਵੀ ਕਿਹਾ ਸੀ, 'ਕੋਈ ਗੱਲ ਨਹੀਂ ਜੀ। ਤੁਸੀਂ ਕਾਹਨੂੰ ਸਕੂਟਰ 'ਤੇ ਜਾਓਗੇ। ਮੋਟਰ ਸੈਕਲ ਵੀ ਤਾਂ ਤੁਹਾਡਾ ਹੀ ਐ। ਆਪਣਾ ਕੁਝ ਵੰਡਿਐ।' ਸਵਰਨੀ ਨੇ ਨਾਜ਼ਰ ਸਿੰਘ ਵੱਲ ਇੰਝ ਟੇਢਾ ਜਿਹਾ ਦੇਖਿਆ ਸੀ, ਉਹ ਬਰਫ਼ ਦੀ ਡਲੀ ਵਾਂਗ ਖੁਰ ਹੀ ਗਿਆ ਸੀ। ਸਵਰਨੀ ਕਹੀ ਜਾ ਰਹੀ ਸੀ, 'ਕਰਮੇ ਵੀਰਾ ਤੂੰ ਸਰਦਾਰ ਜੀ ਨੂੰ ਆਪ ਲੈ ਕੇ ਜਾਵੀਂ। ਮੈਂ ਆਪੇ ਬੱਸੇ ਬਹਿ ਕੇ ਆ ਜਾਊਂ।'

ਜਦੋਂ ਸਵਰਨੀ ਤੇ ਕਰਮਾ ਨਾਜ਼ਰ ਸਿੰਘ ਦੇ ਘਰੋਂ ਤੁਰਨ ਲੱਗੇ ਸਨ ਤਾਂ ਸਵਰਨੀ ਨੇ ਕਿਹਾ ਸੀ, 'ਬਸ ਤੁਹਾਡੇ ਰੱਖਣ ਦੇ ਆਂ ਸਰਦਾਰ ਜੀ। ਗੱਜਣ ਮੇਰਾ ਘਰ ਵਾਲਾ ਬਾਅਦ 'ਚ, ਤੁਹਾਡਾ ਛੋਟਾ ਭਰਾ ਪਹਿਲੋਂ ਐ।' ਸਵਰਨੀ ਨੇ ਨਾਜ਼ਰ ਸਿੰਘ ਦੇ ਦੋਵੇਂ ਹੱਥ ਫੜ ਲਏ ਸਨ।



ਨਾਜ਼ਰ ਸਿੰਘ ਦਾ ਖ਼ੂਨ ਜਿਵੇਂ ਜੰਮ ਗਿਆ ਸੀ। ਕਰਮਾ ਪਰ੍ਹਾਂ ਛੱਤ 'ਤੇ ਲੱਗੇ ਜਾਲੇ ਵੱਲ ਦੇਖਣ ਲੱਗ ਪਿਆ ਸੀ।

ਤੇਜ਼ ਘੋੜੇ ਦੇ ਪੌੜਾਂ ਦੀ ਆਹਟ ਸੁਣ ਕੇ ਨਾਜ਼ਰ ਸਿੰਘ ਦਾ ਧਿਆਨ ਫਿਰ ਭੰਗ ਹੋ ਗਿਆ। ਬਿੱਕਰ ਦਾ ਘੋੜਾ ਪੂਰੀ ਰਫ਼ਤਾਰ ਨਾਲ ਭੱਜਾ ਜਾ ਰਿਹਾ ਸੀ। ਉਹ ਨਾਜ਼ਰ ਸਿੰਘ ਕੋਲੋਂ ਹਵਾ ਵਾਂਗ ਲੰਘ ਗਿਆ। ਫਿਰਨੀ 'ਤੇ ਗੋਲ੍ਹਾ ਬਣਿਆ ਤੇ ਹਵਾ ਵਿਚ ਬਿਖਰ ਗਿਆ। ਘੋੜਾ ਸਿਵਿਆਂ ਨੂੰ ਜਾਂਦੇ ਰਾਹੇ ਪੈ ਕੇ ਪੰਡਤਾਂ ਦੇ ਘਰਾਂ ਓਹਲੇ ਹੋ ਗਿਆ।

ਥੋੜ੍ਹੀ ਦੇਰ ਬਾਅਦ ਬਿੱਕਰ ਤੇ ਕਿਰਪਾ ਭੱਜੇ ਜਾ ਰਹੇ ਸਨ।

'ਚਾਚਾ ਘੋੜਾ ਨਈਂ ਦੇਖਿਆ।' ਬਿੱਕਰ ਨੇ ਸਾਹੋ ਸਾਹੀ ਹੋਏ ਨੇ ਪੁੱਛਿਆ।

'ਪੰਡਤਾਂ ਦੇ ਘਰਾਂ ਵੱਲ ਨੂੰ ਗਿਆ।' ਨਾਜ਼ਰ ਸਿੰਘ ਨੇ ਘੋੜੇ ਦੀਆਂ ਤਾਜ਼ੀਆਂ ਪੈੜਾਂ ਵੱਲ ਦੇਖਦੇ ਹੋਏ ਨੇ ਕਿਹਾ। ਉਹ ਆਪਣੀ ਨੋਕਦਾਰ ਜੁੱਤੀ ਪਾ ਕੇ ਖੜ੍ਹਾ ਹੋ ਗਿਆ। ਉਸਨੇ ਇਕ ਨਜ਼ਰ ਆਪਣੇ ਘਰ 'ਤੇ ਸੁੱਟੀ। ਫਿਰ ਗੱਜਣ ਦੇ ਚੁਬਾਰੇ ਨੂੰ ਦੇਖਿਆ।

'ਹੁਣ ਕਿੱਥੇ ਹੱਥ ਆਉਣਾਂ।' ਕਿਰਪੇ ਦੀ ਤੋਰ ਮੱਠੀ ਹੋ ਗਈ ਸੀ, 'ਓਥੇ ਚੱਕੀ ਆਲਾ ਦਾਣੇ ਡੀਕਦਾ ਹੋਣਾਂ।'

'ਇਹ ਤਾਂ ਰੇਸ 'ਚ ਅੱਵਲ ਆਉਣ ਵਾਲਾ ਘੋੜੈ। ਏਨੇ ਨਾ ਡ੍ਰਾਹ ਦਿੱਤੀ।' ਨਾਜ਼ਰ ਸਿੰਘ ਨੂੰ ਬਿੱਕਰ ਤੇ ਕਿਰਪੇ ਦੀ ਸਾਹੋਸਾਹੀ ਹੋਈ ਹਾਲਤ 'ਤੇ ਹਾਸਾ ਆ ਗਿਆ।

'ਬਿੱਕਰ ਦੇ ਕੰਮ ਵੀ ਏਦਾਂ ਦੇ ਹੀ ਰਹੇ। ਮੈਂ ਬੜਾ ਸੋਹਣਾ ਨੇਕੇ ਨੂੰ ਲੈ ਕੇ ਜਾਣਾ ਸੀ। ਉਹ ਅੱਜ ਬਿਮਾਰ ਹੋ ਗਿਆ। ਮੈਂ ਬਿੱਕਰ ਨੂੰ ਕਹਿ ਬੈਠਾ। ਇਹਨੂੰ ਕਿਹਾ ਵੀ ਬਈ ਘੋੜਾ ਜੁੱਟੇ ਜੁੱਟੇ ਬੋਰੀਆਂ ਲੱਦ ਲੈਨੇ ਆਂ। ਕਹਿੰਦਾ ਨਹੀਂ, ਘੋੜਾ ਥੋੜ੍ਹਾ ਜਿਹਾ ਘਾਹ ਚਰ ਲਊ। ਲੈ ਚਾਰ ਲੈ ਘਾਹ ਹੁਣ।' ਪੈਰ ਘਸੀਟਦਾ ਘਸੀਟਦਾ ਕਿਰਪਾ ਵੀ ਬਿੱਕਰ ਦੇ ਮਗਰੇ ਹੋ ਤੁਰਿਆ।

ਨਾਜ਼ਰ ਸਿੰਘ ਨੇ ਇਕ ਵਾਰ ਫਿਰ ਪੈਰਾਂ ਵਿਚ ਪਈ ਪਾਨ ਦੀ ਬੇਗੀ ਵੱਲ ਦੇਖਿਆ। ਨਿਗਾਹ ਉਤਾਂਹ ਚੁੱਕੀ ਤਾਂ ਹੱਥ ਵਿਚ ਚਿੱਟਾ ਝੋਲਾ ਫੜੀ ਸਵਰਨੀ ਤੁਰੀ ਆ ਰਹੀ ਸੀ। ਦੋਹਾਂ ਦੀਆਂ ਨਜ਼ਰਾਂ ਮਿਲੀਆਂ। ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਰਾਹਟ ਆ ਗਈ।

'ਮੈਂ ਬੱਸੇ ਚਲਦੀ ਆਂ। ਕਰਮਾ ਆਉਂਦਾ ਹੀ ਹੋਣਾਂ। ਛੇਤੀ ਪਹੁੰਚ ਜਾਇਓ ...' ਸਵਰਨੀ ਕੋਈ ਹੋਰ ਗੱਲ ਕਰਦੀ, ਉਧਰੋਂ ਦੋਧੀ ਸਾਈਕਲ 'ਤੇ ਲੱਗਾ ਹਾਰਨ ਵਜਾਉਂਦਾ ਆ ਗਿਆ। ਸਵਰਨੀ ਕਾਹਲੇ ਕਦਮੀਂ ਤੁਰ ਪਈ। ਨਾਜ਼ਰ ਸਿੰਘ ਵੀ ਤਖ਼ਤਪੋਸ਼ ਵੱਲ ਨੂੰ ਹੋ ਗਿਆ।

ਪਿੰਡ ਦੀ ਸ਼ਾਮਲਾਟ ਦੇ ਦੋ ਖੇਤ ਗੱਜਣ ਦੀ ਜ਼ਮੀਨ ਦੇ ਨਾਲ ਲਗਦੇ ਸਨ। ਹੌਲੀ ਹੌਲੀ ਗੱਜਣ ਨੇ ਉਹ ਦੋਵੇਂ ਖੇਤ ਆਪਣੀ ਜ਼ਮੀਨ ਨਾਲ ਰਲਾ ਲਏ। ਜਦੋਂ ਤਕ ਪਿੰਡ ਦੇ ਲੋਕ ਉਸ ਜ਼ਮੀਨ ਪ੍ਰਤੀ ਸੁਚੇਤ ਹੋਏ, ਗੱਜਣ ਪੂਰੀ ਤਰ੍ਹਾਂ ਕਬਜ਼ਾ ਜਮਾ ਚੁੱਕਾ ਸੀ। ਪਿੰਡ ਦੇ ਲੋਕਾਂ ਨੇ ਜੇ ਗੱਜਣ ਨਾਲ ਗੱਲ ਛੇੜੀ, ਉਹ ਉਹਨਾਂ ਨੂੰ ਉਲਟਾ ਹੀ ਪਿਆ, 'ਕਰ ਲਓ ਜੋ ਕਰਨਾਂ, ਮੈਂ ਤਾਂ ਏਦਾਂ ਹੀ ਵਾਹੁਣੀ ਐਂ।'

ਮਾਹੌਲ ਵਿਚ ਉਂਝ ਵੀ ਤਲਖ਼ੀ ਆ ਗਈ ਸੀ। ਕਤਲੋਗ਼ਾਰਤ ਦੀਆਂ ਖ਼ਬਰਾਂ ਆਮ ਆਉਣ ਲੱਗ ਪਈਆਂ ਸਨ। ਮੋਟਰ ਸਾਈਕਲਾਂ ਵਾਲੇ ਹਨੇਰ ਸਵੇਰ ਗੱਜਣ ਦੇ ਘਰ ਵੀ ਆਉਂਦੇ ਜਾਂਦੇ ਸਨ।

ਕਦੇ ਕਦੇ ਕੋਈ ਪੁਲਿਸ ਵਾਲਾ ਵੀ ਗੱਜਣ ਦੇ ਘਰੋਂ ਨਿਕਲਦਾ।

ਪਿੰਡ ਦੇ ਲੋਕ ਗੱਜਣ ਤੋਂ ਕੰਨੀ ਕਤਰਾਉਣ ਲੱਗ ਪਏ ਸਨ।

ਅੱਗੋਂ ਪਿੱਛੋਂ ਸਾਰੇ ਗੱਲਾਂ ਕਰਦੇ ਸਨ, ਪਰ ਗੱਜਣ ਨਾਲ ਮੱਥਾ ਲਾਉਣ ਤੋਂ ਸਾਰੇ ਪਾਸਾ ਵਟਦੇ ਸਨ।

ਗੁਰਮੇਲ ਕਾ ਮੱਖਣ ਕਾਲਿਜ ਪੜ੍ਹਦਾ ਸੀ। ਹੋਸਟਲ ਵਿਚ ਹੀ ਰਹਿੰਦਾ ਸੀ। ਉਹ ਜਦੋਂ ਵੀ ਪਿੰਡ ਆਉਂਦਾ, ਪਿੰਡ ਦੇ ਨੌਜਵਾਨ ਮੁੰਡਿਆਂ ਨੂੰ ਗੱਜਣ ਹੇਠੋਂ ਜ਼ਮੀਨ ਕਢਾਉਣ ਦੀਆਂ ਸਲਾਹਾਂ

ਕਰਦਾ, 'ਪਿੰਡ ਦੀ ਸ਼ਾਮਲਾਟ ਐ। ਏਥੇ ਗਰਾਊਂਡ ਬਣਾਓ। ਇਕ ਪਾਸੇ ਲਾਇਬਰੇਰੀ ਬਣਾਓ। ਖੇਡਣ ਨਾਲ ਸਰੀਰ ਠੀਕ ਰਹੂ। ਪੜ੍ਹਨ ਨਾਲ ਦਿਮਾਗ।'

ਜਦੋਂ ਵੀ ਕਦੇ ਨਾਜ਼ਰ ਦੀ ਮੋਟਰ 'ਤੇ ਲਗਦੀ ਤਾਸ਼ ਦੀ ਮਹਿਫ਼ਿਲ ਵਿਚ ਮੱਖਣ ਹਾਜ਼ਰ ਹੁੰਦਾ, ਉਹ ਇਸ ਸ਼ਾਮਲਾਟ ਬਾਰੇ ਹੀ ਗੱਲਾਂ ਕਰਦਾ।

ਗੱਜਣ ਨੇ ਜ਼ਮੀਨ ਵਾਹ ਸਵਾਰ ਕੇ ਮੱਕੀ ਬੀਜ ਦਿੱਤੀ ਸੀ। ਲਹਿ ਲਹਿ ਕਰਦੀ ਗਿੱਠ ਗਿੱਠ ਮੱਕੀ ਦੇਖ ਕੇ ਗੁਰਮੇਲ ਕੇ ਮੱਖਣ ਨੂੰ ਲਗਦਾ, ਜਿਵੇਂ ਇਹ ਲੋਕਾਂ ਦੀ ਹਿੱਕ 'ਤੇ ਗੱਜਣ ਨੇ ਕਿੱਲ ਠੋਕੇ ਹੋਏ ਹੋਣ।

ਸ਼ਾਮ ਉੱਤਰ ਰਹੀ ਸੀ। ਮੱਖਣ ਨੇ ਆਪਣੇ ਦਸ ਬਾਰਾਂ ਸਾਥੀਆਂ ਨੂੰ ਇਕੱਠਾ ਕੀਤਾ। ਉਸਨੇ ਖੂਹ ਤੋਂ ਟਰੈਕਟਰ ਲਿਆਂਦਾ ਤੇ ਮੱਕੀ ਦੇ ਦੋਹਾਂ ਖੇਤਾਂ ਨੂੰ ਦੋਹਰ ਮਾਰ ਦਿੱਤੀ ਸੀ। ਦੂਸਰੇ ਮੁੰਡਿਆਂ ਨੇ ਇਕਦਮ ਨੈੱਟ ਗੱਡ ਲਿਆ ਸੀ।

ਗੱਜਣ ਨੇ ਸ਼ਰਾਬ ਪੀ ਕੇ ਗੁਰਮੇਲ ਦੇ ਘਰ ਕੋਲ ਜਾ ਕੇ ਚੀਕਾਂ ਮਾਰੀਆਂ ਸਨ, 'ਬੰਦੇ ਦੇ ਪੁੱਤ ਬਣ ਕੇ ਨੈੱਟ ਪੁੱਟ ਦਿਉ। ਨਹੀਂ ਤਾਂ ਜੜ੍ਹਾਂ ਪੁੱਟ ਕੇ ਰੱਖ ਦਊਂ। ਇਹ ਭੁੰਮਣ ਸਿੰਘ ਦੇ ਗੱਜਣ ਨੂੰ ਭਾਜੀ ਪਾਈ ਐ...।'

ਪਿੰਡ ਵਿਚ ਚੁੱਪ-ਚਾਂ ਸੀ। ਮਾਹੌਲ ਵਿਚ ਹੁੰਮਸ ਜਿਹਾ ਭਰਨਾ ਸ਼ੁਰੂ ਹੋ ਗਿਆ ਸੀ। ਸਭ ਅੰਦਰੋ ਅੰਦਰੀ ਘੁੱਟ ਵੱਟੇ ਗਏ ਸਨ। ਉਂਝ ਮੱਖਣ ਪਿੰਡ ਦੇ ਮੁੰਡਿਆਂ ਨੂੰ ਪਰੇਰ ਕੇ ਗਰਾਊਂਡ ਵਿਚ ਲੈ ਜਾਂਦਾ ਸੀ। ਉਹ ਵਾਲੀਵਾਲ ਖੇਡਦੇ ਸਨ। ਪਰ ਸਭ ਦੇ ਘਰਦਿਆਂ ਨੇ ਹਿਦਾਇਤ ਕੀਤੀ ਹੋਈ ਸੀ, 'ਲੋਏ ਲੋਏ ਉਥੋਂ ਆ ਜਾਇਆ ਕਰੋ।'

ਆਪਣੇ ਬਾਹਰਲੇ ਖੂਹ ਤੋਂ ਨਾਜ਼ਰ ਸਿੰਘ ਘਰ ਨੂੰ ਵਾਪਸ ਮੁੜ ਰਿਹਾ ਸੀ। ਬਾਬੇ ਪੂਰੀ ਦੇ ਬੋਹੜ ਲਾਗਲੀ ਢਾਬ ਦੇ ਕੋਲ ਕਾਨਿਆਂ ਦੀ ਵੱਟ ਸੀ। ਵੱਟ ਦੇ ਪਰਲੇ ਪਾਸੇ ਗੁਰਮੇਲ ਹੋਰਾਂ ਦੀ ਜ਼ਮੀਨ ਸੀ। ਸੂਰਜ ਬਿਲਕੁਲ ਸਿਵਿਆਂ ਦੇ ਉੱਤੋਂ ਦੀ ਹੋ ਕੇ ਹੇਠਾਂ ਲਹਿ ਗਿਆ ਸੀ। ਧੁੱਪ ਦੀ ਤਪਸ਼ ਮਰ ਚੁੱਕੀ ਸੀ।

ਗੁਰਦੁਆਰੇ ਦਾ ਸਪੀਕਰ ਖੜਕਿਆ ਸੀ। ਭਾਈ ਨੇ ਰਹਿਰਾਸ ਦਾ ਪਾਠ ਸ਼ੁਰੂ ਕਰ ਦਿੱਤਾ ਸੀ।

ਵੱਟ ਦੇ ਪਰਲੇ ਪਾਸੇ ਗੋਲੀ ਚੱਲਣ ਦੀ ਆਵਾਜ਼ ਆਈ। ਨਾਜ਼ਰ ਸਿੰਘ ਤ੍ਰਬਕ ਗਿਆ। ਕਾਨਿਆਂ ਵਿਚ ਬੈਠੇ ਪਰਿੰਦੇ 'ਚੀਂ ਚੀਂ' ਕਰਦੇ ਆਕਾਸ਼ ਵੱਲ ਉੱਡ ਗਏ। ਬਾਬੇ ਪੂਰੀ ਦੇ ਬੋਹੜ 'ਤੇ ਬੈਠੇ ਕਾਵਾਂ ਨੇ ਜਿਵੇਂ ਬੋਹੜ 'ਤੇ ਝੱਖੜ ਲੈ ਆਂਦਾ ਸੀ।

ਨਾਜ਼ਰ ਸਿੰਘ ਇਕ ਦਮ ਭੱਜ ਕੇ ਕਾਨਿਆਂ ਦੀ ਵੱਟ 'ਤੇ ਚੜ੍ਹ ਗਿਆ ਸੀ। ਉਸਨੇ ਵੱਟ ਦੇ ਪਾਰ ਦੇਖਿਆ। ਗੱਜਣ, ਗੁਰਮੇਲ ਦੇ ਖੇਤਾਂ ਵਿਚੋਂ ਦੀ ਹੋ ਕੇ ਆਪਣੇ ਖੂਹ ਵੱਲ ਭੱਜਾ ਜਾ ਰਿਹਾ ਸੀ।

ਗੋਡੇ ਗੋਡੇ ਹੋਈ ਮੱਕੀ ਨੂੰ ਪਾਣੀ ਲੱਗਾ ਹੋਇਆ ਸੀ। ਨੱਕੇ ਦੇ ਕੋਲ ਕਹੀ ਇਕ ਪਾਸੇ ਨੂੰ ਟੇਢੀ ਹੋਈ ਪਈ ਸੀ। ਅਗਲੇ ਸੁੱਕੇ ਕਿਆਰੇ ਵਿਚ ਮੱਖਣ ਪਿਆ ਸੀ। ਉਸਦੇ ਸਿਰ ਵਿਚੋਂ ਨਿਕਲ ਕੇ ਤਾਜ਼ਾ ਖ਼ੂਨ ਮੱਕੀ ਦੀਅ ਜੜਾਂ ਵਿਚ ਜੀਰੀ ਜਾ ਰਿਹਾ ਸੀ।

ਇਕ ਦਮ ਪਿੰਡ ਵਿਚ ਰੌਲਾ ਪੈ ਗਿਆ। ਕਿਸੇ ਨੇ ਜਾ ਕੇ ਗੁਰਦੁਆਰੇ ਦਾ ਸਪੀਕਰ ਬੰਦ ਕਰਵਾ ਦਿੱਤਾ ਸੀ। ਜਵਾਨ ਮੁੰਡੇ ਦੇ ਕਤਲ ਨਾਲ ਸਾਰਾ ਪਿੰਡ ਸੁੰਨ ਹੋ ਗਿਆ ਸੀ। ਪਿੰਡ ਵਿਚ ਇਸ ਤਰ੍ਹਾਂ ਦੀ ਪਹਿਲੀ ਘਟਨਾ ਵਾਪਰੀ ਸੀ।

ਕੁਝ ਦਿਨਾਂ ਬਾਅਦ ਗੱਜਣ ਆਪਣੀ ਭੈਣ ਦੇ ਪਿੰਡੋਂ ਗ੍ਰਿਫਤਾਰ ਕਰ ਲਿਆ ਸੀ।

ਗੁਰਮੇਲ ਸਿੰਘ ਤੇ ਸਰੂਪੇ ਸਰਪੰਚ ਨੇ ਨਾਜ਼ਰ ਸਿੰਘ ਨੂੰ ਵਾਰ ਵਾਰ ਤਾਕੀਦ ਕੀਤੀ ਸੀ, 'ਨਾਜ਼ਰ ਸਿਹਾਂ, ਪੂਰੇ ਨੱਗਰ ਨੂੰ ਪਤੈ, ਬਿਕਰਮਜੀਤ ਤੋਂ ਬਾਅਦ ਜੇ ਕੋਈ ਇਨਸਾਫ ਕਰਦੈ ਤਾਂ ਨਾਜ਼ਰ ਸਿਹੁੰ। ਗੱਜਣ ਛੁੱਟਣਾ ਨਹੀਂ ਚਾਹੀਦਾ। ਉਂਝ ਵੀ ਤੂੰ ਕਿਹੜਾ ਝੂਠ ਬੋਲਣੈਂ। ਤੂੰ ਜੋ ਅੱਖੀਂ ਦੇਖਿਆ ਗਵਾਹੀ ਵਿਚ ਕਹਿ ਦਈਂ।'



ਨਾਜ਼ਰ ਸਿੰਘ ਨੂੰ ਸੱਚ ਬੋਲਣ ਵਿਚ ਕੋਈ ਦੁਬਿਧਾ ਵੀ ਨਹੀਂ ਸੀ।

ਨਾਜ਼ਰ ਸਿੰਘ ਫਿਰ ਤਖ਼ਤਪੋਸ਼ 'ਤੇ ਆ ਬੈਠਾ।

ਉਸਨੇ ਚਰ੍ਹੀ ਦਾ ਮੋੜ ਮੁੜ ਰਹੀ ਸਵਰਨੀ ਵੱਲ ਦੇਖਿਆ। ਝੱਟ ਆਪਣੇ ਘਰ ਦੇ ਗੇਟ ਵੱਲ ਨਿਗਾਹ ਸੁੱਟੀ। ਉਸ ਨੂੰ ਜਾਪਿਆ, ਜਿਵੇਂ ਉਸਦੀ ਇਸ ਹਰਕਤ ਨੂੰ ਉਸਦੀ ਪਤਨੀ ਦੇਖ ਰਹੀ ਹੋਵੇ। ਬੰਦ ਗੇਟ ਦੇਖ ਕੇ ਉਸਦੇ ਦਿਲ ਨੂੰ ਜ਼ਰਾ ਧਰਵਾਸ ਆਈ। ਧਕ ਧਕ ਕਰਦਾ ਦਿਲ ਟਿਕਾਣੇ ਆ ਗਿਆ।

ਉਸਨੂੰ ਸਵਰਨੀ ਦੇ ਹੱਥਾਂ ਦੀ ਛੋਹ ਯਾਦ ਆਈ। ਉਸਨੇ ਆਪਣੇ ਹੱਥਾਂ ਨੂੰ ਘੁੱਟਿਆ, ਜਿਵੇਂ ਸਵਰਨੀ ਦੇ ਹੱਥ ਅਜੇ ਵੀ ਉਸਦੇ ਹੱਥਾਂ ਵਿਚ ਹੋਣ।

ਗੱਜਣ ਮੁਲਾਕਾਤ ਕਰਨ ਗਏ ਆਪਣੇ ਸਾਲੇ ਕਰਮੇ ਨੂੰ ਵਾਰ ਵਾਰ ਕਹਿ ਰਿਹਾ ਸੀ, 'ਜਿੱਦਾਂ ਕਿੱਦਾਂ ਨਾਜ਼ਰ ਸੋਹ ਨੂੰ ਭੰਨ੍ਹ ਲਉ। ਜੇ ਉਹ ਭੱਜ ਗਿਆ ਤਾਂ ਸਮਝ ਲਓ ਕੋਈ ਮੇਰਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਨਹੀਂ ਤਾਂ ਮੈਨੂੰ ਕੋਈ ਫਾਹੇ ਲੱਗਣੋਂ ਨਹੀਂ ਬਚਾ ਸਕਦਾ। ਪੁਲਿਸ ਮੇਰੇ ਸਿਰ ਅੱਤਵਾਦੀਆਂ ਦਾ ਕੇਸ ਵੀ ਪਾਉਣ ਨੂੰ ਫਿਰਦੀ ਐ। ਉਹ ਸਾਲਾ ਠਾਣੇਦਾਰ ਜਿਹੜਾ ਘਰ ਦੀ ਕੱਢੀ ਸ਼ਰਾਬ ਪੀ ਕੇ ਜਾਂਦਾ ਸੀ, ਹੁਣ ਅੱਖਾਂ ਵੀ ਨਹੀਂ ਮਿਲਾਉਂਦਾ।

ਤਿਰਕਾਲਾਂ ਨੂੰ ਸਵਰਨੀ ਗੁਰਦੁਆਰੇ ਬੈਠੀ ਸੀ। ਜਦੋਂ ਨਾਜ਼ਰ ਸਿੰਘ ਦੀ ਪਤਨੀ ਹੱਥ 'ਚ ਦੁੱਧ ਦਾ ਗਿਲਾਸ ਫੜੀ ਮੱਥਾ ਟੇਕਣ ਆਈ, ਸਵਰਨੀ ਛੇਤੀ ਨਾਲ ਉੱਠ ਕੇ ਨਾਜ਼ਰ ਸਿੰਘ ਦੇ ਘਰ ਚਲੀ ਗਈ ਸੀ।

ਮਿੰਨਤਾਂ ਤਰਲੇ ਕਰਦੀ ਕਰਦੀ ਨੇ ਨਾਜ਼ਰ ਸਿੰਘ ਦੇ ਹੱਥ ਫੜ ਲਏ ਸਨ, 'ਬਸ ਤੁਹਾਡੇ ਰੱਖਣ ਦੇ ਸਰਦਾਰਾ। ਕੱਲ੍ਹ ਨੂੰ ਘਰ ਆਉ। ਕਰਮਾ ਤੁਹਾਡੇ ਨਾਲ ਕੋਈ ਗੱਲ ਕਰਨੀ ਚਾਹੁੰਦੇ।'

ਸਵਰਨੀ ਦੇ ਹੱਥਾਂ ਦੀ ਛੋਹ ਨਾਜ਼ਰ ਸਿੰਘ ਨੂੰ ਧੂਹ ਕੇ ਉਸਦੇ ਘਰ ਤਕ ਲੈ ਗਈ ਸੀ।

ਬਰਾਂਡੇ ਵਿਚ ਬੈਠਾ ਕਰਮਾ ਆਖ ਰਿਹਾ ਸੀ, 'ਬਾਈ ਹੁਣ ਤਾਂ ਤੁਹਾਡੇ ਈ ਰੱਖਣ ਦੇ ਆਂ। ਮੇਰੀ ਭੈਣ ਦਾ ਘਰ ਵਸਣਾ ਉਜੜਨਾ ਹੁਣ ਤੁਹਾਡੇ ਹੱਥ ਐ।'

ਦੁੱਧ ਦਾ ਗਿਲਾਸ ਦੇਣ ਆਈ ਸਵਰਨੀ, ਫਿਰ ਨਾਜ਼ਰ ਸਿੰਘ ਦਾ ਹੱਥ ਘੁੱਟ ਗਈ ਸੀ। ਨਾਜ਼ਰ ਸਿੰਘ ਜਿਵੇਂ ਮੋਮ ਵਾਂਗ ਪਿਘਲ ਗਿਆ ਸੀ।

'ਵਕੀਲ ਨਾਲ ਗੱਲ ਹੋਈ ਸੀ। ਉਹਨੇ ਕਿਹਾ, ਬਈ ਨਾਜ਼ਰ ਸਿਉਂ ਨੇ ਏਨਾ ਹੀ ਕਹਿਣੈ, ਬਈ ਗੋਲੀ ਦੀ ਆਵਾਜ਼ ਮੈਂ ਸੁਣੀ ਐਂ। ਮਾਰਨ ਵਾਲਾ ਏਨੀ ਦੂਰ ਚਲਾ ਗਿਆ ਸੀ, ਮੈਥੋਂ ਪਛਾਣ ਨਹੀਂ ਹੋਇਆ। ਬਾਕੀ ਬਾਈ ਵਕੀਲ ਨੇ ਸਾਰਾ ਸਾਂਭ ਲੈਣੈਂ।'

ਨਾਜ਼ਰ ਸਿੰਘ ਨੂੰ ਜਿਵੇਂ ਕੁਝ ਸੁੱਝ ਹੀ ਨਹੀਂ ਸੀ ਰਿਹਾ। ਉਸਨੂੰ ਵਾਰ ਵਾਰ ਸਵਰਨੀ ਦੇ ਹੱਥਾਂ ਦੀ ਛੋਹ ਦਾ ਨਸ਼ਾ ਚੜ੍ਹਦਾ ਮਹਿਸੂਸ ਹੁੰਦਾ ਸੀ। ਸਵਰਨੀ ਦੀ ਨਿਗਾਹ ਉਸ ਦੇ ਦਿਲ ਦੇ ਆਰ ਪਾਰ ਹੁੰਦੀ ਜਾਪਦੀ ਸੀ।

ਤਰੀਕ ਤੋਂ ਇਕ ਦਿਨ ਪਹਿਲਾਂ ਗੁਰਮੇਲ ਤੇ ਸਰੂਪਾ ਸਰਪੰਚ ਵੀ ਆਏ ਸਨ। ਉਹਨਾਂ ਦੇ ਕੰਨੀਂ ਭਿਣਕ ਪੈ ਗਈ ਸੀ ਕਿ ਸਵਰਨੀ, ਨਾਜ਼ਰ ਸਿੰਘ ਨੂੰ ਮੁੱਠੀ ਵਿਚ ਕਰਨ ਦੀ ਕੋਸ਼ਿਸ਼ ਵਿਚ ਹੈ।

ਨਾਜ਼ਰ ਸਿੰਘ ਨੇ ਧੀਮੀ ਆਵਾਜ਼ ਵਿਚ ਉਹਨਾਂ ਨੂੰ ਏਨਾ ਹੀ ਕਿਹਾ ਸੀ, 'ਕੋਈ ਨੀ ਦੇਖਾਂਗੇ।'

ਗੁਰਮੇਲ ਤੇ ਸਰੂਪੇ ਸਰਪੰਚ ਨੂੰ ਨਾਜ਼ਰ ਸ਼ਿਘ ਦੇ ਕਹਿਣ ਦੇ ਅੰਦਾਜ਼ ਤੋਂ ਬਹੁਤੀ ਆਸ ਨਜ਼ਰ ਨਹੀਂ ਸੀ ਆਈ।

ਕਰਮਾ ਤੇ ਸਵਰਨੀ ਵੀ ਨਾਜ਼ਰ ਸਿੰਘ ਦੇ ਘਰ ਆਏ ਸਨ। ਉਸਦੀ ਪਤਨੀ ਧਾਰਾਂ ਕੱਢ ਰਹੀ ਸੀ। ਉਹ ਕਾਫ਼ੀ ਦੇਰ ਤਕ ਗੱਲਾਂ ਕਰਦੇ ਰਹੇ ਸਨ।

ਅੰਤ ਨਾਜ਼ਰ ਸ਼ਿਘ ਨੇ ਕਿਹਾ, 'ਕਰਮ ਸਿਹਾਂ, ਮੈਂ ਆਪਣੇ ਸਕੂਟਰ 'ਤੇ ਕਚਹਿਰੀਆਂ 'ਚ ਪਹੁੰਚ

ਜਾਊਂ।'

ਕਰਮੇ ਨੇ ਕਿਹਾ ਸੀ, 'ਨਹੀਂ ਬਾਈ। ਮੈਂ ਸਵੇਰੇ ਨੌਂ ਵਜੇ ਮੋਟਰ ਸੈਕਲ 'ਤੇ ਆਊਂ।'

ਜੁੱਤੀ ਝਾੜ ਕੇ ਪਾਉਂਦੀ ਸਵਰਨੀ ਨੇ ਵੀ ਕਿਹਾ ਸੀ, 'ਕੋਈ ਗੱਲ ਨਹੀਂ ਜੀ। ਤੁਸੀਂ ਕਾਹਨੂੰ ਸਕੂਟਰ 'ਤੇ ਜਾਓਗੇ। ਮੋਟਰ ਸੈਕਲ ਵੀ ਤਾਂ ਤੁਹਾਡਾ ਈ ਐ। ਆਪਣਾ ਕੁਝ ਵੰਡਿਐ।'

ਨਾਜ਼ਰ ਸਿੰਘ ਬਰਫ਼ ਦੀ ਡਲੀ ਵਾਂਗ ਖੁਰ ਹੀ ਗਿਆ ਸੀ।

'ਇਹ ਕੀ ਕਰਨ ਆਏ ਸੀ ?' ਪਸ਼ੂਆਂ ਵਾਲੇ ਪਾਸਿਉਂ, ਹੱਥ ਵਿਚ ਦੁੱਧ ਦੀ ਬਾਲਟੀ ਫੜੀ ਆਉਂਦੀ ਨਾਜ਼ਰ ਸਿੰਘ ਦੀ ਪਤਨੀ ਨੇ ਪੁੱਛਿਆ ਸੀ।

'ਤੈਨੂੰ ਤਾਂ ਪਤਾ ਈ ਐ।' ਨਾਜ਼ਰ ਸਿੰਘ ਨੇ ਦੋ ਟੁੱਕ ਫ਼ੈਸਲਾ ਸੁਣਾਇਆ ਸੀ, 'ਗੱਜਣ ਕੋਲ ਭਾਂਤ ਸੁਭਾਂਤੇ ਬੰਦੇ ਆਉਂਦੇ ਐ। ਉੱਤੋਂ ਹਾਲਾਤ ਦੇਖੋ। ਕੁੱਤੇ ਜਿੰਨਾ ਮੁੱਲ ਨੀਂ ਬੰਦੇ ਦਾ। ਦੁਸ਼ਮਣੀ ਪਾ ਕੇ ਕੀ ਲੱਭਣੈਂ। ਮੇਰੀਆਂ ਕੀਤੀਆਂ ਨਿਆਣਿਆਂ ਨੂੰ ਭੁਗਤਣੀਆਂ ਪੈ ਜਾਣ, ਮੈਂ ਸਿਆਣਾ ਕਿੱਧਰੋਂ ਹੋਇਆ। ਤਕਾਲਾਂ ਦਾ ਵੇਲਾ ਸੀ। ਮੈਂ ਕਿਹੜਾ ਗੱਜਣ ਸੋਂਹ ਨੂੰ ਪਛਾਣਿਆ ਸੀ। ਉਹਦੇ ਖੂਹ ਵੱਲ ਨੂੰ ਬੰਦਾ ਭੱਜਾ ਜਾਂਦਾ ਹੀ ਦੇਖਿਆ ਸੀ। ਕੀ ਪਤਾ ਕੌਣ ਸੀ ?'

ਉਸਦੀ ਘਰ ਵਾਲੀ ਕੁਝ ਨਹੀਂ ਬੋਲੀ ਸੀ। ਮਾੜੇ ਸਮਿਆਂ ਦੀ ਅੰਨ੍ਹੀ ਹਨੇਰੀ ਵਿਚ ਉਸਨੂੰ ਆਪਣੇ ਪਤੀ ਦਾ ਫ਼ੈਸਲਾ ਦਰੁਸਤ ਜਾਪਿਆ ਸੀ। ਸਾਰੇ ਪਿੰਡ ਨੂੰ ਪਤਾ ਸੀ, ਕਤਲ ਗੱਜਣ ਨੇ ਕੀਤਾ ਸੀ, ਪਰ ਇਕੱਲੇ ਉਸਦੇ ਪਤੀ ਨੂੰ ਲੋਕਾਂ ਦੀ ਅੱਖ ਵਿਚ ਆਉਣ ਦੀ ਕੀ ਜ਼ਰੂਰਤ ਸੀ।

ਨਾਜ਼ਰ ਸਿੰਘ ਨੇ ਇਕ ਵਾਰ ਫਿਰ ਉੱਚੇ ਹੋ ਰਹੇ ਸੂਰਜ ਵੱਲ ਦੇਖਿਆ। ਘੜੀ ਦੇਖੀ। ਨੌਂ ਵੱਜਣ ਵਿਚ ਕੁਝ ਮਿੰਟ ਰਹਿੰਦੇ ਸਨ।

ਤਖ਼ਤਪੋਸ਼ ਤੋਂ ਉੱਠ ਕੇ ਨਾਜ਼ਰ ਸਿੰਘ ਨੇ ਟਾਹਲੀ ਦਾ ਪੱਤਾ ਮੂੰਹ 'ਚ ਪਾ ਕੇ ਚਿੱਥਣਾ ਸ਼ੁਰੂ ਕਰ ਦਿੱਤਾ। ਉਹ ਏਧਰ ਓਧਰ ਕੁਝ ਕਦਮ ਤੁਰਿਆ। ਉਸਨੂੰ ਕਰਮੇ ਦੇ ਮੋਟਰ ਸਾਈਕਲ ਦੀ ਆਵਾਜ਼ ਅਜੇ ਵੀ ਸੁਣਾਈ ਨਹੀਂ ਸੀ ਦਿੱਤੀ।

ਘੋੜੇ ਨੂੰ ਲਗਾਮ ਪਾਈ ਬਿੱਕਰ ਤੁਰਿਆ ਆ ਰਿਹਾ ਸੀ।

'ਲੈ ਬਈ, ਬਿੱਕਰ ਸਿਹੁੰ ਨੇ ਘੋੜਾ ਕਾਬੂ ਕਰ ਹੀ ਲਿਆਂਦਾ।' ਨਾਜ਼ਰ ਸਿੰਘ ਨੇ ਮੂੰਹ 'ਚੋਂ ਚਿੱਥਿਆ ਹੋਇਆ ਪੱਤਾ ਪਰ੍ਹਾਂ ਥੁੱਕਦੇ ਹੋਏ ਕਿਹਾ।

'ਚਾਚਾ ਤੈਨੂੰ ਤਾਂ ਪਤੈ' ਬਿੱਕਰ ਨੇ ਰੁਕਦੇ ਹੋਏ ਕਿਹਾ, 'ਮੇਰਾ ਘੋੜਾ ਕਿੰਨਾ ਤਕੜੈ। ਰੇਸ 'ਚ ਫਸਟ ਆਉਂਦੈ। ਇਹ ਤਾਂ ਦਸਾਂ ਬੰਦਿਆਂ ਨੂੰ ਡ੍ਰਾਹ ਨਾ ਦੇਵੇ। ਉਹ ਤਾਂ ਕੁਦਰਤੀ ਖਰਾਸ ਦੇ ਕੋਲ ਨੇਕੇ ਦੀ ਘੋੜੀ ਬੰਨ੍ਹੀਊ ਸੀ। ਉਸਦੇ ਕੋਲ ਜਾ ਕੇ ਖੜ੍ਹ ਗਿਆ ਤਾਂ ਅੜਿੱਕੇ ਆ ਗਿਆ। ਨਹੀਂ ਤਾਂ ਕੌਣ ਮਾਈ ਦਾ ਲਾਲ ਜੰਮਿਐ ਇਹਨੂੰ ਫੜਨ ਆਲਾ।'

'ਰੁਕ ਨਾ ਹੁਣ' ਕਿਰਪੇ ਨੇ ਕਿਹਾ, 'ਚੱਕੀ ਆਲਾ ਕਣਕ 'ਡੀਕਦਾ ਹੋਣਾਂ। ਛੇਤੀ ਪੈਰ ਪੁੱਟ।'

ਨਾਜ਼ਰ ਸਿੰਘ ਨੂੰ ਘੁਮੇਰ ਜਿਹੀ ਆ ਗਈ। ਉਸਨੂੰ ਆਪਣੇ ਗਲ ਵਿਚ ਰੱਸਾ ਜਿਹਾ ਮਹਿਸੂਸ ਹੋਇਆ। ਤਖ਼ਤਪੋਸ਼ ਕੋਲ ਪਈ ਪਾਨ ਦੀ ਬੋਗੀ ਨੂੰ ਨੋਕਦਾਰ ਜੁੱਤੀ ਨਾਲ ਮਿੱਧ ਕੇ ਉਹ ਕਾਹਲੀ ਨਾਲ ਆਪਣੇ ਘਰ ਨੂੰ ਗਿਆ। ਸਕੂਟਰ ਨੂੰ ਕਿੱਕ ਮਾਰੀ ਤੇ ਕਚਹਿਰੀਆਂ ਨੂੰ ਚੱਲ ਪਿਆ...।

ਬਾਬੇ ਪੂਰੀ ਦੇ ਬੋਹੜ ਦੀ ਵੱਖੀ ਥਾਣੀਂ ਉੱਗਿਆ ਸੂਰਜ, ਬੋਹੜ ਤੋਂ ਉੱਚਾ ਹੋ ਗਿਆ ਸੀ...।

[37-68, 97 Street Apt. 2G, Corona, NY.11368, USA]



ਸਿਰਜਣਾ-139



# ਪ੍ਰਗਤੀਵਾਦ ਦੇ ਵਿਭਿੰਨ ਪਸਾਰ ਤੇ ਪੰਜਾਬੀ ਕਹਾਣੀ

ਰਘਬੀਰ ਸਿੰਘ

ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਪ੍ਰਗਤੀਵਾਦ ਨੂੰ ਇਕ ਵਿਆਪਕ ਰੁਝਾਨ ਵਜੋਂ ਵੇਖਣਾ ਚਾਹੀਦਾ ਹੈ, ਨਾ ਕਿ ਕਿਸੇ ਜੱਥੇਬੰਦਕ ਸਰਗਰਮੀ ਦੇ ਯਤਨਾਂ ਦੇ ਸਿੱਟੇ ਵਜੋਂ। 1936 ਵਿਚ ਲਖਨਊ ਵਿਚ ਮੁਨਸ਼ੀ ਪ੍ਰੇਮ ਚੰਦ ਦੀ ਪ੍ਰਧਾਨਗੀ ਵਿਚ ਹੋਈ ਜਿਸ ਕਾਨਫਰੰਸ ਵਿਚ ਭਾਰਤ ਵਿਚ ਪ੍ਰਗਤੀਵਾਦੀ ਲੇਖਕ ਸੰਘ ਦੀ ਸਥਾਪਨਾ ਕੀਤੀ ਗਈ ਸੀ, ਉਸ ਵਿਚ ਕਿਸੇ ਪੰਜਾਬੀ ਲੇਖਕ ਦੇ ਸ਼ਾਮਲ ਹੋਣ ਦੀ ਸੂਚਨਾ ਨਹੀਂ। ਉਸਤੋਂ ਮਗਰੋਂ ਵੀ ਰਾਸ਼ਟਰੀ ਪੱਧਰ ਉਤੇ ਪ੍ਰਗਤੀਵਾਦੀ ਲੇਖਕ ਸੰਘ ਦੇ ਸੰਮੇਲਨਾਂ ਵਿਚ ਪੰਜਾਬੀ ਲੇਖਕਾਂ ਦੀ ਸ਼ਮੂਲੀਅਤ ਨਾਂ-ਗਿਣਾਉਣੀ ਹੀ ਰਹੀ ਹੈ; ਇਸਦੀਆਂ ਸੰਗਠਨਾਤਮਕ ਗਤੀਵਿਧੀਆਂ ਨਾਲ ਤਾਂ ਬਹੁਤ ਹੀ ਘੱਟ ਪੰਜਾਬੀ ਲੇਖਕ ਜੁੜੇ ਹਨ। ਪੰਜਾਬੀ ਵਿਚ ਸਥਾਨਕ ਪੱਧਰ ਉੱਤੇ ਪ੍ਰਗਤੀਵਾਦੀ ਲੇਖਕਾਂ ਦੇ ਨਾਉਂ ਉੱਤੇ ਕੋਈ ਇਕ ਅੱਧ ਇਕਾਈ ਸ਼ਾਇਦ ਸਰਗਰਮ ਰਹੀ ਹੋਵੇ, ਵੱਡੀ ਪੱਧਰ ਉਤੇ ਪ੍ਰਗਤੀਵਾਦ ਦੇ ਝੰਡੇ ਹੇਠ ਪੰਜਾਬੀ ਲੇਖਕਾਂ ਦਾ ਕੋਈ ਸੰਗਠਨ ਮੌਜੂਦ ਨਹੀਂ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਪ੍ਰਗਤੀਵਾਦੀ ਲੇਖਕ ਸੰਘ ਦੀ ਸਥਾਪਨਾ ਦੇ ਬਹੁਤ ਚਿਰ ਪਿੱਛੋਂ 1955 ਵਿਚ ਹੋਂਦ ਵਿਚ ਆਈ। ਅਤੇ ਇਹ ਜੱਥੇਬੰਦੀ ਵੀ ਇਕੱਲੇ ਖੱਬੇ-ਪੱਖੀ ਲੇਖਕਾਂ ਦਾ ਹੀ ਨਹੀਂ, ਸਭ ਵਿਚਾਰਾਂ ਵਾਲੇ ਪੰਜਾਬੀ ਲੇਖਕਾਂ ਦਾ ਸਾਂਝਾ ਸੰਗਠਨ ਸੀ।

ਪ੍ਰਗਤੀਵਾਦ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ, ਘੱਟ ਲੁਭਾਉਣੇ ਰੂਪ ਵਿਚ, ਪੇਸ਼ ਕਰਨ ਦੀ ਰੁਚੀ ਅਧੀਨ ਸਮੇਂ-ਸਮੇਂ ਇਸ ਤਰ੍ਹਾਂ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਜਿਵੇਂ ਪ੍ਰਗਤੀਵਾਦ ਜਾਂ ਪ੍ਰਗਤੀਵਾਦੀ ਸਾਹਿਤ ਕਮਿਊਨਿਸਟ ਲਹਿਰ ਦੀ ਜੱਥੇਬੰਦਕ ਸਰਗਰਮੀ ਦਾ ਹੀ ਸਿੱਟਾ ਮਾਤਰ ਹੋਵੇ। ਪਰ ਹਕੀਕਤ ਇਸ ਤੋਂ ਬਹੁਤ ਵੱਖਰੀ ਹੈ। ਨਿਰਸੰਦੇਹ ਵੀਹਵੀਂ ਸਦੀ ਦੇ ਤੀਜੇ ਦਹਾਕੇ ਤੋਂ ਲੈ ਕੇ ਪੰਜਾਬ ਦੀਆਂ ਰਾਜਨੀਤਕ ਲਹਿਰਾਂ ਤੇ ਜੱਥੇਬੰਦੀਆਂ ਵਿਚੋਂ ਕਮਿਊਨਿਸਟ ਪਾਰਟੀ ਹੀ ਇਕ ਅਜਿਹੀ ਜੱਥੇਬੰਦੀ ਸੀ ਜੋ ਸਭਿਆਚਾਰਕ ਚੇਤਨਾ ਨੂੰ ਠੀਕ ਸੇਧ ਵਿਚ ਉਭਾਰਨ ਦੇ ਉਦੇਸ਼ ਨਾਲ ਸਾਹਿਤਕ ਖੇਤਰ ਵਿਚ ਆਪਣੀ ਦਖ਼ਲ-ਅੰਦਾਜ਼ੀ ਨੂੰ ਕਾਫੀ ਮਹੱਤਵ ਦਿੰਦੀ ਸੀ। ਐਪਰ ਹਕੀਕਤ ਫਿਰ ਵੀ ਇਹੀ ਬਣੀ ਰਹਿੰਦੀ ਹੈ ਕਿ ਕਮਿਊਨਿਸਟ ਪਾਰਟੀ ਦੀਆਂ ਕੋਸ਼ਿਸ਼ਾਂ ਦਾ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਉੱਤੇ ਉਸ ਪੱਧਰ ਦਾ ਪ੍ਰਭਾਵ ਨਹੀਂ ਪਿਆ ਜਿਸ ਪੱਧਰ ਦੇ ਪ੍ਰਭਾਵ ਦਾ ਮਾਣ ਜਾਂ ਦੋਸ਼ ਅਕਸਰ ਉਸਨੂੰ ਦੇ ਦਿੱਤਾ ਜਾਂਦਾ ਹੈ।

ਪ੍ਰਗਤੀਵਾਦ ਤਾਂ ਇਕ ਵਿਆਪਕ ਲਹਿਰ ਸੀ ਜੋ ਬਹੁਤ ਕੁਝ ਨੂੰ ਆਪਣੇ ਕਲਾਵੇ ਵਿਚ ਲੈ ਰਹੀ ਸੀ ਅਤੇ ਜਿਸਦੀ ਹੋਂਦ ਸਮੇਂ ਦੀ ਹਵਾ ਵਿਚ ਹੀ ਪਸਰੀ ਹੋਈ ਮਹਿਸੂਸ ਕੀਤੀ ਜਾ ਸਕਦੀ ਸੀ। ਇਸ ਕਾਲ ਦੀ ਸਾਹਿਤ-ਸਿਰਜਣਾ ਉੱਤੇ ਕਮਿਊਨਿਸਟਾਂ ਦੇ ਵਿਚਾਰਧਾਰਕ ਤੇ ਕਲਾਤਮਕ ਪ੍ਰਭਾਵ ਦਾ ਮਸਲਾ ਵੱਖਰੀ ਵਿਚਾਰ-ਚਰਚਾ ਦੀ ਮੰਗ ਕਰਦਾ ਹੈ ਪਰ ਏਥੇ ਨੁਕਤਾ ਕੇਵਲ ਏਨਾ ਹੀ ਹੈ ਕਿ ਪੰਜਾਬੀ ਦੀ ਪ੍ਰਗਤੀਵਾਦੀ ਰੁਝਾਨ ਵਾਲੀ ਸਾਹਿਤ-ਰਚਨਾ ਨੂੰ ਕਿਸੇ ਰਾਜਸੀ ਪਾਰਟੀ ਜਾਂ ਸੰਗਠਨ ਦੇ ਯਤਨਾਂ ਦੇ ਸਿੱਟੇ ਤਕ ਸੀਮਤ ਨਹੀਂ ਕੀਤਾ ਜਾ ਸਕਦਾ। ਅਕਸਰ ਹੀ ਪ੍ਰਗਤੀਵਾਦ ਦੇ ਅਰਥਾਂ ਨੂੰ ਸੁੰਗੇੜਕੇ ਕੀਤੀ ਗਈ ਨਾਅਰੇਬਾਜ਼ੀ ਵਾਲੀ ਕੱਚਘਰੜ ਲਿਖਤ ਦੇ ਕਾਰਨ ਸਮੁੱਚੀ ਪ੍ਰਗਤੀਵਾਦੀ ਸਾਹਿਤ-ਰਚਨਾ ਨੂੰ ਕਠੋਰ ਆਲੋਚਨਾ ਦਾ ਨਿਸ਼ਾਨਾ ਬਣਾਕੇ ਇਸ ਦੀ ਪ੍ਰਾਪਤੀ ਨੂੰ ਛੁਟਿਆਇਆ ਜਾਂਦਾ ਹੈ। ਦੇਸ਼ ਵਿਚ ਪੂੰਜੀਵਾਦੀ ਵਿਵਸਥਾ ਦੇ ਵਿਕਾਸ ਅਤੇ ਸੰਸਾਰ ਪੱਧਰ ਉਤੇ ਨਵੀਂ ਤਰ੍ਹਾਂ ਦੇ ਆਰਥਿਕ ਸਾਮਰਾਜਵਾਦ ਦੀ ਚੜ੍ਹਤ ਦੇ ਇਸ ਦੌਰ ਵਿਚ ਅਜਿਹੀ ਆਲੋਚਨਾ ਉਨ੍ਹਾਂ ਹਲਕਿਆਂ ਵੱਲੋਂ ਵਧੇਰੇ ਹੁੰਦੀ ਹੈ ਜੋ ਨਵੀਂ ਵਿਵਸਥਾ ਦੀ ਚਮਕ ਦਮਕ ਤੇ ਚੜ੍ਹਤ ਦੇ ਵਹਾਅ ਵਿਚ ਇਸ ਨਾਲ ਜੁੜਕੇ ਤੁਰਨ ਲਈ ਕਾਹਲੇ ਹਨ।

ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦ ਕਿਸੇ ਸੰਗਠਨ ਦੇ ਯਤਨਾਂ ਦਾ ਤਾਂ ਸਿੱਟਾ ਨਹੀਂ, ਪਰ ਇਹ ਸੱਚ ਹੈ ਕਿ ਵੀਹਵੀਂ ਸਦੀ ਦੇ ਤੀਜੇ ਚੌਥੇ ਦਹਾਕੇ ਤੋਂ ਲੈ ਕੇ ਸਦੀ ਦੇ ਅਖੀਰ ਤਕ ਦੀ ਇਹ ਪੰਜਾਬੀ ਸਾਹਿਤ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਲਹਿਰ ਹੈ। ਇਸ ਲਹਿਰ ਨੇ ਪੰਜਾਬੀ ਸਾਹਿਤ-

ਸਿਰਜਣਾ ਨੂੰ ਇਸ ਹੱਦ ਤਕ ਪ੍ਰਭਾਵਤ ਕੀਤਾ ਹੈ ਕਿ ਮੁੱਖ ਧਾਰਾ ਸਾਹਿਤ ਵਿਚ ਇਸ ਦੌਰ ਵਿਚ ਕੋਈ ਵੀ ਅਜਿਹੀ ਰਚਨਾ ਪੈਰ ਨਹੀਂ ਜਮਾ ਸਕੀ ਜਿਸਦਾ ਸਰੋਕਾਰ ਮੋਟੇ ਤੌਰ 'ਤੇ ਪ੍ਰਗਤੀਵਾਦੀ ਨਾ ਰਿਹਾ ਹੋਵੇ। ਇਕੜ-ਦੁੱਕੜ ਅਪਵਾਦ ਤੋਂ ਬਿਨਾਂ, ਇਸ ਦੌਰ ਦੀ ਸਾਰੀ ਹੀ ਰਚਨਾ ਨੂੰ ਪ੍ਰਗਤੀਵਾਦੀ ਗਿਣਿਆ ਜਾ ਸਕਦਾ ਹੈ ਅਤੇ ਗਿਣਿਆ ਜਾਣਾ ਚਾਹੀਦਾ ਹੈ।

ਵੀਹਵੀਂ ਸਦੀ ਦੇ ਮੁੱਢਲੇ ਵਰ੍ਹੇ ਸਾਹਿਤਕ ਖੇਤਰ ਵਿਚ ਆਧੁਨਿਕ ਕਾਲ ਦੀ ਸ਼ੁਰੂਆਤ ਦਾ ਸਮਾਂ ਮਿਥੇ ਜਾਂਦੇ ਹਨ। ਇਸ ਸਮੇਂ ਦੇ ਮੁੱਢਲੇ ਕੁਝ ਕੁ ਲੇਖਕਾਂ, ਭਾਈ ਵੀਰ ਸਿੰਘ, ਮੋਹਨ ਸਿੰਘ, ਚਰਨ ਸਿੰਘ ਸ਼ਹੀਦ ਆਦਿ ਤੋਂ ਬਿਨਾਂ, ਜਿੰਨ੍ਹਾਂ ਦਾ ਪ੍ਰੇਰਣਾ ਸ੍ਰੋਤ ਸਿੰਘ ਸਭਾ ਲਹਿਰ ਸੀ, ਜੋ ਅੰਗਰੇਜ਼ੀ ਹਕੂਮਤ ਨਾਲ ਬਹੁਤ ਹੱਦ ਤਕ ਦੋਸਤੀ ਤੇ ਕਿਤੇ ਕਿਤੇ ਦੂਰੀ ਦੀ ਭਾਵਨਾ ਅਧੀਨ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਤੋਂ ਰਚਨਾ ਕਰਦੇ ਸਨ, ਜਿਸ ਦ੍ਰਿਸ਼ਟੀਕੋਣ ਵਿਚ ਪਰੰਪਰਾ ਪ੍ਰਤੀ ਕੁਝ ਵਧੇਰੇ ਹੀ ਲਗਾਉ ਕਾਰਨ ਰਚਨਾ ਵਿਚ ਪ੍ਰਗਤੀਵਾਦੀ ਅੰਸ਼ਾਂ ਦਾ ਸਮਾਵੇਸ਼ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ। ਦੇਸੀ ਪਰੰਪਰਾ ਨਾਲ ਮੋਹ ਵਿਚੋਂ ਬਹੁਤ ਹਾਲਤਾਂ ਵਿਚ ਉਹ ਨਵੀਆਂ ਉਸਾਰੂ ਕਦਰਾਂ-ਕੀਮਤਾਂ ਦੇ ਵਿਰੋਧ ਵਿਚ ਜਾ ਖਲੋਂਦੇ ਸਨ। ਇਸਦਾ ਇਹ ਅਰਥ ਨਹੀਂ ਕਿ ਦੇਸੀ ਪਰੰਪਰਾ ਵਿਚ ਕੋਈ ਉਸਾਰੂ ਜਾਂ ਪ੍ਰਗਤੀਵਾਦੀ ਅੰਸ਼ ਨਹੀਂ ਸੀ। ਕਈ ਹਾਲਤਾਂ ਵਿਚ ਹਨੇਰ-ਬਿਰਤੀ ਦਾ ਵਿਰੋਧ ਕਰਨ ਦੀ ਦ੍ਰਿਸ਼ਟੀ ਤੋਂ ਜਿਸ ਪ੍ਰਕਾਰ ਸਿੰਘ ਸਭਾ ਵਰਗੀਆਂ ਧਾਰਮਿਕ-ਸੁਧਾਰਕ ਲਹਿਰਾਂ ਵਿਚ ਪ੍ਰਗਤੀਵਾਦੀ ਅੰਸ਼ ਸਨ, ਉਸੇ ਤਰ੍ਹਾਂ ਕੁਝ ਪ੍ਰਸੰਗਾਂ ਵਿਚ ਇਹਨਾਂ ਮੁੱਢਲੇ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਵੀ ਪ੍ਰਗਤੀਵਾਦੀ ਅੰਸ਼ਾਂ ਦੀ ਪਛਾਣ ਹੋ ਸਕਦੀ ਹੈ।

ਇਹਨਾਂ ਤੋਂ ਮਗਰੋਂ ਉਭਰਨ ਵਾਲੇ ਲੇਖਕਾਂ ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤ ਲੜੀ, ਲਾਲ ਸਿੰਘ ਕਮਲਾ ਅਕਾਲੀ ਨੇ ਸਾਹਿਤ-ਰਚਨਾ ਵਿਚ ਜੋ ਯੋਗਦਾਨ ਪਾਇਆ ਉਸਦੇ ਕਲਾਤਮਕ ਪੱਖ ਬਾਰੇ ਵੀ ਚਰਚਾ ਸਾਡਾ ਵਿਸ਼ਾ ਨਹੀਂ। ਪਰ ਪ੍ਰਗਤੀਵਾਦੀ ਸਾਹਿਤ-ਸਿਰਜਣਾ ਦੀ ਦ੍ਰਿਸ਼ਟੀ ਤੋਂ ਇਹ ਤੱਥ ਬਹੁਤ ਅਹਿਮੀਅਤ ਰਖਦਾ ਹੈ ਕਿ ਉਹਨਾਂ ਦੇ ਸਰੋਕਾਰਾਂ ਵਿਚ ਧਰਮ-ਨਿਰਪੇਖਤਾ ਅਤੇ ਰਾਸ਼ਟਰਵਾਦ ਅਗਰਭੂਮੀ ਵਿਚ ਆ ਗਏ ਸਨ। ਇਹ ਸਾਰੇ ਹੀ ਲੇਖਕ ਕਈ ਹਾਲਤਾਂ ਵਿਚ ਸੰਗਠਤ ਪ੍ਰਗਤੀਵਾਦ ਦੇ ਉਭਰਨ ਤੋਂ ਪਹਿਲਾਂ ਹੀ ਉਹਨਾਂ ਸਮੱਸਿਆਵਾਂ ਨਾਲ ਉਸੇ ਦ੍ਰਿਸ਼ਟੀ ਤੋਂ ਵਾਹ-ਵਾਸਤਾ ਰੱਖ ਰਹੇ ਸਨ ਜਿੰਨ੍ਹਾਂ ਸਮੱਸਿਆਵਾਂ ਨੂੰ ਜਿਸ ਦ੍ਰਿਸ਼ਟੀ ਤੋਂ ਵੇਖਣ ਦਾ ਮਗਰੋਂ ਪ੍ਰਗਤੀਵਾਦੀ ਸੰਗਠਨਾਂ ਨੇ ਆਵਾਹਣ ਕੀਤਾ। ਦਰਦ ਤੇ ਮੁਸਾਫਰ ਦੀ ਰਚਨਾ ਵਿਚ ਰਾਸ਼ਟਰੀ ਮੁਕਤੀ ਅੰਦੋਲਨ ਦੇ ਵਿਭਿੰਨ ਪਾਸਾਰਾਂ ਦੀ ਪੇਸ਼ਕਾਰੀ, ਵਿਆਪਕ ਸਮਾਜੀ ਜੀਵਨ ਵਿਚ ਪਸਰੇ ਭੇੜਾਂ ਦੀ ਨਾਨਕ ਸਿੰਘ ਵੱਲੋਂ ਕੀਤੀ ਨਿਸ਼ਾਨਦੇਹੀ, ਵਿਅਕਤੀਗਤ ਸਵੈਪੂਰਨਤਾ ਅਤੇ ਧਰਮ-ਨਿਰਪੇਖ ਦ੍ਰਿਸ਼ਟੀ ਉੱਤੇ ਗੁਰਬਖਸ਼ ਸਿੰਘ ਵੱਲੋਂ ਦਿੱਤਾ ਬਲ ਅਤੇ ਲਾਲ ਸਿੰਘ ਕਮਲਾ ਅਕਾਲੀ ਦੀ ਯਥਾਰਥ-ਚਿਤਰਨ ਦੀ ਪ੍ਰਵਿਰਤੀ ਵਿਚ ਪ੍ਰਗਤੀਵਾਦ ਦੇ ਅੰਸ਼ ਸਮੋਏ ਹੋਏ ਹਨ। ਐਨ ਉਵੇਂ ਜਿਵੇਂ ਮੁਨਸ਼ੀ ਪ੍ਰੇਮ ਚੰਦ ਪ੍ਰਗਤੀਵਾਦੀ ਸੰਗਠਨ ਦਾ ਮੁੱਢਲਾ ਪ੍ਰਧਾਨ ਬਣਨ ਤੋਂ ਪਹਿਲਾਂ ਵੀ ਪ੍ਰਗਤੀਵਾਦੀ ਸੀ, ਏਸੇ ਤਰ੍ਹਾਂ ਹੀ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਉਭਰੇ ਇਹ ਉਘੇ ਪੰਜਾਬੀ ਲੇਖਕ ਪ੍ਰਗਤੀਵਾਦ ਦੇ ਦਾਇਰੇ ਤੋਂ ਬਾਹਰ ਨਹੀਂ। ਪ੍ਰਗਤੀਵਾਦ ਨੂੰ ਸਮੇਂ ਦੀ ਇਕ ਵਿਆਪਕ ਲਹਿਰ ਵਜੋਂ ਦੇਖਣ ਦੀ ਦ੍ਰਿਸ਼ਟੀ ਤੋਂ ਇਹਨਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਸੁਧਾਰਵਾਦ ਜਾਂ ਹੋਰ ਇਸ ਭਾਂਤ ਦੀ ਕਿਸੇ ਕੋਟੀ ਵਿਚ ਵਧੇਰੇ ਸਪਸ਼ਟ ਨਿਖੇੜੇ ਦੇ ਮੰਤਵ ਨਾਲ ਤਾਂ ਰੱਖਿਆ ਜਾ ਸਕਦਾ ਹੈ ਪਰ ਇਹਨਾਂ ਦੇ ਸਰੋਕਾਰਾਂ ਨੂੰ ਪ੍ਰਗਤੀਵਾਦ ਤੋਂ ਵੱਖ ਕਰਕੇ ਨਹੀਂ ਵੇਖਿਆ ਜਾਣਾ ਚਾਹੀਦਾ।

ਆਮ ਪ੍ਰਵਾਣਤ ਧਾਰਨਾ ਅਨੁਸਾਰ ਆਧੁਨਿਕ ਕਹਾਣੀ ਦੀ ਵਿਧਾ ਦੇ ਮੰਨੇ ਗਏ ਮੋਢੀਆਂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਤੇ ਦੇਵਿੰਦਰ ਸਤਿਆਰਥੀ ਵਿਚੋਂ ਕੇਵਲ ਦੋ, ਸੇਖੋਂ ਤੇ ਸੁਜਾਨ ਸਿੰਘ, ਹੀ ਕਮਿਊਨਿਸਟ ਲਹਿਰ ਨਾਲ ਰਸਮੀ ਜਾਂ ਗੈਰ ਰਸਮੀ ਤੌਰ 'ਤੇ ਜੁੜੇ ਹੋਏ ਸਨ। ਪ੍ਰਗਤੀਵਾਦੀ ਲੇਖਕ ਸੰਘ, ਜਿਸਨੂੰ ਆਮ ਰੂਪ ਵਿਚ ਕਮਿਊਨਿਸਟਾਂ ਦੇ ਸਾਹਿਤਕ ਸਭਿਆਚਾਰਕ ਜਗਤ ਵਿਚ ਦਖਲ-ਅੰਦਾਜ਼ੀ ਵਾਲੀ ਸਰਗਰਮੀ ਦੇ ਇਕ ਅੰਗ ਵਜੋਂ ਵੇਖਿਆ ਜਾਂਦਾ ਹੈ, ਨਾਲ ਵੀ ਇਹਨਾਂ ਦਾ ਕੋਈ ਸਿੱਧਾ ਤਾਲ-ਮੇਲ ਨਹੀਂ ਸੀ। ਪਰ ਇਨ੍ਹਾਂ ਦੀਆਂ ਲਿਖਤਾਂ ਆਮ ਰੂਪ ਵਿਚ ਜੇ



ਪ੍ਰਗਤੀਵਾਦੀ ਗਰਦਾਨੀਆਂ ਜਾਂਦੀਆਂ ਹਨ ਤਾਂ ਇਸ ਕਾਰਣ ਕਿ ਨਵੀਂ ਚੇਤਨਾ ਨਾਲ ਜੁੜਕੇ ਸਾਹਿਤ-ਸਿਰਜਣਾ ਆਰੰਭ ਕਰਨ ਵਾਲਿਆਂ ਲਈ ਉਸ ਦੌਰ ਵਿਚ ਹੋਰ ਕੋਈ ਰਾਹ ਚੁਣੇ ਜਾਣ ਦੀ ਸੰਭਾਵਨਾ ਹੀ ਨਹੀਂ ਸੀ। ਸਾਡੀ ਸਾਹਿਤ-ਆਲੋਚਨਾ ਦੀ ਇਕ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਉਹ ਲੇਖਕ ਦੇ ਆਪਣੇ ਬਾਰੇ ਕੀਤੇ ਗਏ ਐਲਾਨ ਜਾਂ ਉਸਦੀ ਬਾਹਰੀ ਦਿੱਖ ਤੇ ਸਮਾਜਕ ਹੈਸੀਅਤ ਅਨੁਸਾਰ ਵਿਚਾਰਧਾਰਕ ਤੇ ਸਾਹਿਤਕ ਦਰਜਾਬੰਦੀ ਕਰਨ ਵੱਲ ਰੁਚਿਤ ਰਹੀ ਹੈ। ਇਹ ਜਾਨਣ ਦੀ ਕੋਸ਼ਿਸ਼ ਘੱਟ ਹੁੰਦੀ ਰਹੀ ਹੈ ਕਿ ਵਾਸਤਵ ਵਿਚ ਸੰਬੰਧਤ ਲੇਖਕ ਦੀ ਲਿਖਤ ਕੀ ਦਰਸਾਉਂਦੀ ਹੈ। ਇਸ ਰੁਚੀ ਅਧੀਨ ਇਹ ਮੰਨ ਲਿਆ ਜਾਂਦਾ ਰਿਹਾ ਹੈ ਕਿ ਸੰਤ ਸਿੰਘ ਸੇਖੋਂ ਤੇ ਸੁਜਾਨ ਸਿੰਘ ਤਾਂ ਬਚਨਬੱਧ ਪ੍ਰਗਤੀਵਾਦੀ ਹਨ ਜਦਕਿ ਕਰਤਾਰ ਸਿੰਘ ਦੁੱਗਲ ਤੇ ਦੇਵਿੰਦਰ ਸਤਿਆਰਥੀ ਘੱਟ ਪ੍ਰਗਤੀਵਾਦੀ ਹਨ ਜਾਂ ਮੂਲੋਂ ਪ੍ਰਗਤੀਵਾਦੀ ਨਹੀਂ। ਹਾਲਾਂਕਿ ਹਕੀਕਤ ਇਹ ਹੈ ਕਿ ਪ੍ਰਸ਼ੰਸਾ ਜਾਂ ਨਿਖੇਧੀ ਦੇ ਭਾਵ ਨਾਲ ਇਹਨਾਂ ਲੇਖਕਾਂ ਦੀ ਦਰਜਾਬੰਦੀ ਕਰਨ ਦੇ ਬਾਵਜੂਦ ਜਮਾਤੀ ਵੰਡ ਅਤੇ ਆਰਥਿਕ ਮਸਲਿਆਂ ਨੂੰ ਛੋਹਣ ਦੇ ਨਾਲ ਨਾਲ ਵਾਸ਼ਨਾਵਾਦੀ ਲਿੰਗਕ ਲੋਚਾ ਤੇ ਸੰਬੰਧਾਂ ਦੀ ਪੇਸ਼ਕਾਰੀ ਦੇ ਪੱਖਾਂ ਦੀ ਗੱਲ ਇਹਨਾਂ ਸਭਨਾਂ ਉੱਤੇ ਹੀ ਇਕ ਸਾਮਾਨ ਰੂਪ ਵਿਚ ਢੁਕਦੀ ਹੈ। ਇਸੇ ਭੁਲਾਂਦਰੇਮਈ ਧਾਰਨਾ ਅਨੁਸਾਰ ਹੀ ਮਗਰੋਂ ਆਉਣ ਵਾਲੇ ਨਾਮਵਰ ਕਥਾਕਾਰਾਂ ਕੁਲਵੰਤ ਸਿੰਘ ਵਿਰਕ ਜਾਂ ਸੰਤੋਖ ਸਿੰਘ ਧੀਰ ਅਤੇ ਹੋਰ ਸਭ ਦੀ ਦਰਜਾਬੰਦੀ ਕਰ ਦਿੱਤੀ ਜਾਂਦੀ ਰਹੀ ਹੈ।

ਪ੍ਰਗਤੀਵਾਦੀ ਲੇਖਕ ਸੰਘ ਦੇ ਮੈਨੀਫੈਸਟੋ ਵਿਚ ਜਿੰਨ੍ਹਾਂ ਮੁੱਦਿਆਂ ਦਾ ਉਲੇਖ ਕੀਤਾ ਗਿਆ ਸੀ ਉਹਨਾਂ ਵਿਚ ਸਾਮਰਾਜੀ ਗੁਲਾਮੀ ਤੋਂ ਦੇਸ਼ ਦੀ ਮੁਕਤੀ ਦੇ ਅੰਦੋਲਨ ਦਾ ਸਮਰਥਨ, ਦਕੀਆਨੂਸੀ ਜਗੀਰੂ ਕਦਰਾਂ-ਕੀਮਤਾਂ ਤੇ ਆਚਾਰ-ਵਿਹਾਰ, ਖਾਸਕਰ ਸਮਾਜਕ ਕੁਰੀਤੀਆਂ, ਜਾਤ ਪਾਤ, ਛੂਤ ਛਾਤ, ਇਸਤਰੀ ਜਾਤ ਦੇ ਦਮਨ, ਧਾਰਮਿਕ ਸੰਕੀਰਣਤਾ, ਫਿਰਕਾ ਪ੍ਰਸਤੀ, ਧਰਮ ਦੇ ਨਾਂ ਉੱਤੇ ਪਾਖੰਡ ਅਤੇ ਵਹਿਮਾਂ ਭਰਮਾਂ ਆਦਿ ਦੀ ਨਿਖੇਧੀ, ਗਰੀਬ ਨਾਲ ਹਮਦਰਦੀ ਅਤੇ ਸਮਾਜਕ-ਆਰਥਿਕ ਨਿਆਂ ਲਈ ਸੰਘਰਸ਼ ਆਦਿ ਸ਼ਾਮਲ ਸਨ। ਇਹ ਸਾਰੇ ਹੀ ਮੁੱਦੇ ਘੱਟ ਜਾਂ ਵੱਧ ਸ਼ਿੱਦਤ ਨਾਲ ਪੰਜਾਬੀ ਕਹਾਣੀ ਦੇ ਸਾਰੇ ਹੀ ਮੋਢੀਆਂ ਦੀਆਂ ਲਿਖਤਾਂ ਦਾ ਸਰੋਕਾਰ ਬਣਦੇ ਸਨ ਅਤੇ ਉਹ ਸਾਰੇ ਹੀ ਆਪਣੇ ਆਪਣੇ ਪਰਿਵੇਸ਼ ਤੇ ਅਨੁਭਵ ਦੀ ਸੀਮਾ ਦੇ ਅੰਤਰਗਤ ਜ਼ਿੰਦਗੀ ਦੀ ਖੂਬਸੂਰਤੀ ਨੂੰ ਮਾਨਣ ਦਾ ਸੰਦੇਸ਼ ਦਿੰਦੇ ਸਨ।

ਇੰਝ ਇਹਨਾਂ ਸਤਰਾਂ ਦੇ ਲੇਖਕ ਦੀ ਨਜ਼ਰ ਵਿਚ ਆਧੁਨਿਕ ਪੰਜਾਬੀ ਕਹਾਣੀ ਅਤੇ ਪ੍ਰਗਤੀਵਾਦ ਲਗਪਗ ਇਕ ਹੋ ਕੇ ਚੱਲੇ ਸਨ ਅਤੇ ਵੀਹਵੀਂ ਸਦੀ ਦੇ ਅੰਤ ਤਕ ਚਲਦੇ ਆਏ ਹਨ। ਵੀਹਵੀ ਸਦੀ ਦੀ ਪੰਜਾਬੀ ਕਹਾਣੀ ਦਾ ਮੁਖ ਲੱਛਣ ਮਾਨਵਵਾਦ, ਜਿਸਦਾ ਸ੍ਰੇਸ਼ਟ ਪ੍ਰਗਟਾਅ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਹੋਇਆ ਮੰਨਿਆ ਜਾਂਦਾ ਹੈ, ਪ੍ਰਗਤੀਵਾਦ ਤੋਂ ਕੋਈ ਵੱਖਰਾ ਨਹੀਂ, ਸਿਵਾਏ ਇਸ ਪੱਖ ਤੋਂ ਕਿ ਉਸ ਦੀ ਸੁਰ ਧੀਮੀ ਹੈ। ਵਿਰਕ ਨੇ ਭਾਈਚਾਰਕ ਸਾਂਝ, ਮਨੁੱਖ ਦੀਆਂ ਪ੍ਰਕਿਰਤਕ ਤੇ ਸਾਂਸਕ੍ਰਿਤਕ ਲੋੜਾਂ ਅਤੇ ਔਰਤ ਦੀ ਸੁਤੰਤਰ ਹੋਂਦ ਨਾਲ ਜੁੜੀਆਂ, ਉਦਾਹਰਨ ਵਜੋਂ 'ਖੱਬਲ', 'ਸ਼ੇਰਨੀਆਂ' ਤੇ 'ਨਮਸਕਾਰ' ਵਰਗੀਆਂ, ਨਿੱਕੀਆਂ ਨਿੱਕੀਆਂ ਗੱਲਾਂ ਨੂੰ ਆਧਾਰ ਬਣਾਕੇ ਜੋ ਵੱਡੇ ਕਲਾਤਮਕ ਮੁੱਲ ਵਾਲੀਆਂ ਕਹਾਣੀਆਂ ਰਚੀਆਂ ਹਨ ਉਹ ਪ੍ਰਗਤੀਵਾਦੀ ਕਹਾਣੀ ਦੀ ਹੀ ਵਧੀਆ ਵੰਨਗੀ ਸਮਝੇ ਜਾਣ ਦੇ ਯੋਗ ਹਨ। ਇਸ ਲਈ ਵਿਰਕ ਵੱਲੋਂ ਆਪਣੇ ਆਪ ਨੂੰ ਪ੍ਰਗਤੀਵਾਦੀ ਲੇਖਕ ਐਲਾਨੇ ਜਾਣ ਦੀ ਲੋੜ ਨਹੀਂ ਸੀ। ਵਾਸਤਵ ਵਿਚ ਉਹ ਸਭ ਕਥਾ-ਰਚਨਾਵਾਂ ਜੋ ਸਮਾਜਕ ਗਤੀ ਨੂੰ ਪਿੱਛਲਖੁਰੀ ਮੋੜਨ ਦੀ ਥਾਂ ਅਗਾਂਹ ਲਿਜਾਣ ਦੇ ਆਹਰ ਵਿਚ ਹਨ, ਉਹ ਸਭ ਪ੍ਰਗਤੀਵਾਦ ਦੀ ਵੰਨਗੀ ਵਿਚ ਆਉਣ ਦੀਆਂ ਅਧਿਕਾਰੀ ਹਨ। ਔਰਤ ਮਰਦ ਸੰਬੰਧਾਂ ਦੀ ਪੇਸ਼ਕਾਰੀ ਤੋਂ ਲੈ ਕੇ ਸਮਾਜਕ ਸਾਂਸਕ੍ਰਿਤਕ ਤੇ ਰਾਜਨੀਤਕ ਸੰਦ੍ਰਿਸ਼ ਦੇ ਕਿਸੇ ਵੀ ਪੱਖ ਨੂੰ ਇਸ ਦ੍ਰਿਸ਼ਟੀ ਤੋਂ ਵਸਤੂ ਬਣਾਉਣ ਤਕ ਦੇ ਸਭ ਮੁੱਦੇ ਇਸ ਵਿਚ ਸ਼ਾਮਲ ਹਨ।

ਔਰਤ-ਮਰਦ ਸੰਬੰਧ, ਗਰੀਬੀ, ਆਰਥਿਕ ਲੁੱਟ-ਖਸੁੱਟ ਅਤੇ ਰਾਜਨੀਤੀ ਅਜਿਹੇ ਮੁੱਦੇ ਹਨ ਜੋ ਪ੍ਰਗਤੀਵਾਦ ਦੇ ਹਵਾਲੇ ਨਾਲ ਹਮੇਸ਼ਾਂ ਪ੍ਰਮੁਖ ਰੂਪ ਵਿਚ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਇਹਨਾਂ

ਵਿਸ਼ਿਆਂ ਦੀ ਸੰਤੁਲਤ ਪੇਸ਼ਕਾਰੀ ਵਿਚ ਇਕ ਬੰਨੇ ਆਰਥਿਕਤਾ ਨੂੰ ਹੀ ਸਮਾਜ ਦੀ ਸਾਰੀ ਗਤੀਵਿਧੀ ਦੀ ਚੂਲ ਮਿਥਣ ਦੀ ਸੋਚ ਅਤੇ ਦੂਜੇ ਬੰਨੇ ਫਰਾਇਡਵਾਦ ਦੇ ਪ੍ਰਭਾਵ ਨੂੰ ਕੁਝ ਵਧੇਰੇ ਹੀ ਕਬੂਲਣ ਦੀ ਬਿਰਤੀ ਕਿਤੇ ਕਿਤੇ ਰੁਕਾਵਟ ਬਣਦੀ ਰਹੀ ਹੈ। ਮਨੁੱਖੀ ਮਨ ਦੀਆਂ ਦਬੀਆ ਪਰਤਾਂ ਦੇ ਨਿਝੱਕ ਪ੍ਰਗਟਾਅ ਨੂੰ ਕਹਾਣੀ ਵਿਚ ਲਿਆਉਣ ਦੀ ਬਿਰਤੀ ਪ੍ਰੇਮ ਪ੍ਰਕਾਸ਼ ਵਰਗੇ ਮੁਕਾਬਲਤਨ ਮਗਰੋਂ ਉਭਰਨ ਵਾਲੇ ਲੇਖਕਾਂ ਦੀ ਹੀ ਵਿਸ਼ੇਸ਼ਤਾ ਨਹੀਂ, ਇਹ ਬਿਰਤੀ ਪੰਜਾਬੀ ਕਹਾਣੀ ਦੇ ਮੋਢੀ ਹਸਤਾਖਰਾਂ ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ ਆਦਿ ਅਤੇ ਸਿੱਕੇਬੰਦ ਪ੍ਰਗਤੀਵਾਦੀ ਸਮਝੇ ਜਾਂਦੇ ਸੰਤ ਸਿੰਘ ਸੇਖੋਂ ਅਤੇ ਸੰਤੋਖ ਸਿੰਘ ਧੀਰ ਆਦਿ ਸਭਨਾਂ ਹੀ ਲੇਖਕਾਂ ਵਿਚ ਮੌਜੂਦ ਸੀ। ਸੰਤੋਖ ਸਿੰਘ ਧੀਰ ਵਰਗੇ ਲੇਖਕ ਦੀ ਕਮਿਊਨਿਸਟ ਪ੍ਰਤੀਬੱਧਤਾ ਦੇ ਬਾਵਜੂਦ ਉਸਦੀਆਂ ਕਹਾਣੀਆਂ ਵਿਚ ਔਰਤ ਮਰਦ ਦੀ ਪਰਸਪਰ ਖਿੱਚ ਦੇ ਕੁਦਰਤੀ ਭਾਵ ਦੀ ਪੇਸ਼ਕਾਰੀ ਦਾ ਅਭਾਵ ਨਹੀਂ, ਜਦਕਿ ਸੇਖੋਂ ਨੇ ਤਾਂ ਖੁੱਲ੍ਹੇ ਆਮ ਆਪਣੀ ਰਚਨਾ ਵਿਚ ਮਾਰਕਸਵਾਦ ਤੇ ਫਰਾਇਡਵਾਦ ਦੇ ਮਿਸ਼ਰਣ ਦੇ ਤੱਥ ਨੂੰ ਸਵਿਕਾਰਿਆ ਹੈ। ਇਹ ਸਭ ਕੁਝ ਇਸ ਸੱਚ ਦੇ ਬਾਵਜੂਦ ਹੈ ਕਿ ਫਰਾਇਡਵਾਦੀ ਭਾਂਤ ਦੀ ਅਜਿਹੀ ਨਿਝੱਕਤਾ ਨੂੰ ਕਮਿਊਨਿਸਟ ਹਲਕਿਆਂ ਵਿਚ ਉਸ ਭਾਂਤ ਦੀ ਪ੍ਰਵਾਨਗੀ ਨਹੀਂ ਮਿਲਦੀ ਰਹੀ ਜੋ ਸਾਧਨ-ਵਿਹੂਣੇ ਗਰੀਬ ਲੋਕਾਂ ਦੀ ਸਥਿਤੀ ਨੂੰ ਪੇਸ਼ ਕਰਦੀ ਤਰਸ ਦੇ ਭਾਵ ਉਪਜਾਉਣ ਵਾਲੀ ਰਚਨਾ ਨੂੰ ਮਿਲਦੀ ਰਹੀ ਹੈ।

ਲਿੰਗਕ ਸੰਬੰਧਾਂ ਦੀ ਪੇਸ਼ਕਾਰੀ ਅਤੇ ਆਰਥਿਕ ਲੁੱਟ-ਖਸੁੱਟ ਦੀ ਪੇਸ਼ਕਾਰੀ, ਪ੍ਰਤੱਖ ਤੌਰ 'ਤੇ ਇਕ ਦੂਜੇ ਦੇ ਵਿਪਰੀਤ, ਇਹ ਦੋਵੇਂ ਮੁੱਦੇ ਜੇ ਦਰੁਸਤ ਕਲਾਤਮਕ ਜੁਗਤ ਸਹਿਤ ਕਹਾਣੀ ਵਿਚ ਪੇਸ਼ ਹੋਏ ਹਨ ਤਾਂ ਉਹ ਪ੍ਰਗਤੀਵਾਦੀ ਲਿਖਤ ਦੀ ਚੰਗੀ ਵੰਨਗੀ ਵਿਚ ਹੀ ਸ਼ਾਮਲ ਹੋਣਗੇ। ਅਤੇ ਜੇ ਇਹਨਾਂ ਦਾ ਉਲਾਰ ਬਿਰਤੀ ਨਾਲ ਤੇ ਕਲਾ-ਵਿਹੂਣੇ ਢੰਗ ਨਾਲ ਸਪਾਟ ਜਿਹਾ ਚਿਤਰਨ ਹੋਇਆ ਹੈ ਤਾਂ ਉਹ ਪ੍ਰਗਤੀਵਾਦ ਦੇ ਘੇਰੇ ਤੋਂ ਬਾਹਰ ਵੀ ਹੋ ਸਕਦੇ ਹਨ, ਜਾਂ ਉਹ ਪ੍ਰਗਤੀਵਾਦ ਦੀ ਘਟੀਆ ਵੰਨਗੀ ਹੀ ਗਿਣੇ ਜਾਣਗੇ। ਕਮਿਊਨਿਸਟ ਲਹਿਰ ਨਾਲ ਜੱਥੇਬੰਦਕ ਤੌਰ 'ਤੇ ਜੁੜੇ ਰਹਿਣ ਵਾਲੇ ਜਾਂ ਉਸ ਨਾਲ ਨੇੜਲੇ ਸੰਪਰਕ ਵਿਚ ਰਹਿਣ ਵਾਲੇ ਸਾਹਿਤਕਾਰਾਂ ਨੇ ਜੇ ਕਦੇ ਕਦੇ ਇਕ ਕਿਸਮ ਦਾ ਉਲਾਰ ਵਿਖਾਇਆ ਹੈ ਤਾਂ ਮਧਵਰਗੀ ਚੇਤਨਾ ਵਾਲੇ ਲੇਖਕ ਦੂਜੀ ਕਿਸਮ ਦੀ ਬਿਰਤੀ ਦਾ ਸ਼ਿਕਾਰ ਹੋਏ ਹਨ। ਹਕੀਕਤ ਵਿਚ ਪਿਛਲੀ ਸਦੀ ਦੇ ਚਾਲ੍ਹੀਵਿਆਂ ਵਿਚ ਸਮਾਜਵਾਦ ਦੀ ਸੋਚ ਵਾਲੀ ਵਿਆਪਕ ਪ੍ਰਗਤੀਵਾਦੀ ਚੇਤਨਾ ਵਿਚ ਆਰਥਿਕਤਾ ਨੂੰ ਸਮਾਜ ਦੀ ਸਮੁੱਚੀ ਗਤੀਵਿਧੀ ਦੀ ਚੂਲ ਮਿਥਦਿਆਂ ਹੋਇਆਂ ਜੇ ਇਸ ਉੱਤੇ ਬਲ ਦਿੱਤਾ ਜਾਂਦਾ ਸੀ ਤਾਂ ਫਰਾਇਡਵਾਦ ਦੇ ਪ੍ਰਭਾਵ ਅਧੀਨ ਮਨੁੱਖੀ ਮਨ ਦੀਆਂ ਦਬੀਆਂ ਪਰਤਾਂ ਦੇ ਨਿਝੱਕ ਪ੍ਰਗਟਾਅ ਨੂੰ ਵੀ ਇਕ ਚੰਗਾ ਤੇ ਉਸਾਰੂ ਕਦਮ ਪ੍ਰਵਾਨ ਕੀਤਾ ਜਾਂਦਾ ਸੀ। ਇਸੇ ਲਈ ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਦਵਿੰਦਰ ਸਤਿਆਰਥੀ ਤੇ ਨੌਰੰਗ ਸਿੰਘ ਤੋਂ ਲੈ ਕੇ ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ ਤੇ ਨਵਤੇਜ ਸਿੰਘ ਤਕ ਸਭ ਲੇਖਕ ਹੀ ਔਰਤ ਮਰਦ ਦੀ ਪਰਸਪਰ ਖਿੱਚ ਨੂੰ ਅਤੇ ਉਨ੍ਹਾਂ ਦੇ ਜੈਵਿਕ ਸੰਬੰਧਾਂ ਨੂੰ ਪੇਸ਼ ਕਰਨ ਵਿਚ ਫਰਾਇਡਵਾਦੀ ਭਾਂਤ ਦੀ ਨਿਝੱਕਤਾ ਦਰਸਾਉਂਦੇ ਹਨ। ਅਜਿਹੇ ਪ੍ਰਗਟਾਅ ਨੂੰ ਪ੍ਰਗਤੀਵਾਦੀ ਮੰਡਲਾਂ ਵਿਚ, ਭਾਵੇਂ ਕੁਝ ਰੈਜ਼ਰਵੇਸ਼ਨ ਸਹਿਤ ਹੀ, ਪ੍ਰਵਾਨਗੀ ਮਿਲਦੀ ਰਹੀ ਹੈ। ਉਹਨਾਂ ਕਥਾ-ਰਚਨਾਵਾਂ ਵਿਚ, ਜਿੱਥੇ ਕਿਰਤੀ ਮਜ਼ਦੂਰ ਦੀ ਮਾਲਕਾਂ ਜਾਂ ਸੰਪੰਨ ਵਰਗਾਂ ਹੱਥੋਂ ਲੁੱਟ-ਖਸੁੱਟ ਨੂੰ, ਅਮੀਰੀ ਗਰੀਬੀ ਦੇ ਪ੍ਰਾੜੇ ਨੂੰ, ਸਾਧਨ-ਵਿਹੂਣੇ ਲੋਕਾਂ ਦੀ ਆਮ ਸਥਿਤੀ ਨੂੰ ਤਰਸ-ਭਾਵਨਾ ਨਾਲ ਪੇਸ਼ ਕੀਤਾ ਜਾਂਦਾ ਰਿਹਾ ਹੈ ਤਾਂ ਉਸਨੂੰ ਕਮਿਊਨਿਸਟ ਵੰਨਗੀ ਦੇ ਪ੍ਰਗਤੀਵਾਦੀ ਹਲਕਿਆਂ ਵਿਚ ਅਵੱਸ਼ ਰਤਾ ਵਧੇਰੇ ਪ੍ਰਵਾਨਗੀ ਦੀ ਭਾਵਨਾ ਨਾਲ ਵਡਿਆਇਆ ਜਾਂਦਾ ਰਿਹਾ ਹੈ।

ਪ੍ਰਤੱਖ ਹੀ ਇਕ ਜਾਂ ਦੂਜੀ ਕਿਸਮ ਦਾ ਉਲਾਰ ਦਰਸਾਉਂਦੀਆਂ ਰਚਨਾਵਾ ਸ੍ਰੇਸ਼ਟ ਪ੍ਰਗਤੀਵਾਦੀ ਸਾਹਿਤ ਨੂੰ ਆਂਕਣ ਲਈ ਮਾਨਦੰਡ ਨਹੀਂ ਹੋ ਸਕਦੀਆਂ। ਪ੍ਰਗਤੀਵਾਦ ਦੀ ਸੰਤੁਲਤ ਪੇਸ਼ਕਾਰੀ ਵਾਲੀਆਂ ਰਚਨਾਵਾਂ ਦੀ ਪੰਜਾਬੀ ਕਹਾਣੀ-ਸਾਹਿਤ ਵਿਚ ਕੋਈ ਕਮੀ ਨਹੀਂ। ਜੇ ਲੋੜ ਹੈ ਤਾਂ ਪ੍ਰਗਤੀਵਾਦੀ ਰਚਨਾ ਦੀ ਸਹੀ ਨਿਸ਼ਾਨਦਹੀ ਕਰਨ ਦੀ। ਸੁਜਾਨ ਸਿੰਘ ਦੀ ਕਹਾਣੀ 'ਕੁਲਫੀ' ਨਿਰਸੰਦੇਹ ਸ੍ਰੇਸ਼ਟ ਭਾਂਤ ਦੀ ਪ੍ਰਗਤੀਵਾਦੀ ਰਚਨਾ ਹੈ ਅਤੇ ਵਾਜਬ ਤੌਰ 'ਤੇ ਉਸਦਾ ਇਹ ਸਥਾਨ ਸਵੀਕਾਰਿਆ ਗਿਆ ਹੈ।



ਪਰ ਗਰੀਬ ਪਾਤਰ ਨਾਲ ਹਮਦਰਦੀ ਵਾਲੀਆਂ ਲਿਖਤਾਂ ਹਮੇਸ਼ਾ ਹੀ ਸ੍ਰੇਸ਼ਟ ਪ੍ਰਗਤੀਵਾਦੀ ਕਹਾਣੀ ਵਿਚ ਸ਼ੁਮਾਰ ਨਹੀਂ ਹੋ ਸਕਦੀਆਂ, ਉਪਭਾਵੁਕ ਹਮਦਰਦੀ ਜਤਾਉਣ ਵਾਲੀਆਂ ਤਾਂ ਬਿਲਕੁਲ ਨਹੀਂ। 'ਕੁਲਫੀ' ਵਾਂਗ ਹੀ 'ਰਾਸ ਲੀਲ੍ਹਾ' ਵੀ ਸੁਜਾਨ ਸਿੰਘ ਦੀ ਉਤਨੀ ਹੀ ਸ਼ਕਤੀਸ਼ਾਲੀ ਪ੍ਰਗਤੀਵਾਦੀ ਕਹਾਣੀ ਹੈ ਜਿਸ ਵਿਚ ਉਸਨੇ ਔਰਤ ਦੀ ਕੁਦਰਤੀ ਸਿੱਕ ਨੂੰ ਸੂਖਮ ਕਲਾਤਮਕ ਅਭਿਵਿਅਕਤੀ ਦਿੱਤੀ ਹੈ। ਪਰ ਸੁਜਾਨ ਸਿੰਘ ਦੀ ਇਸ ਰਚਨਾ ਨੂੰ ਪ੍ਰਗਤੀਵਾਦੀ ਕਹਾਣੀ ਦੀ ਇਕ ਚੰਗੀ ਵੰਨਗੀ ਵਜੋਂ ਉਸ ਭਾਂਤ ਦੀ ਮਾਨਤਾ ਨਹੀਂ ਦਿੱਤੀ ਗਈ ਜੋ 'ਕੁਲਫੀ' ਦੀ ਕੋਟੀ ਦੀਆਂ ਕਹਾਣੀਆਂ ਨੂੰ ਦਿੱਤੀ ਗਈ ਹੈ। ਪ੍ਰਗਤੀਵਾਦੀ ਸਾਹਿਤ ਨੂੰ ਛੁਟਿਆਉਣ ਤੇ ਵਡਿਆਉਣ ਦੀ ਰੁਚੀ ਵਾਲੇ ਦੋਵੇਂ ਹੀ ਤਰ੍ਹਾਂ ਦੇ ਆਲੋਚਨਾਤਮਕ ਹਲਕੇ ਆਪਣੀ ਆਪਣੀ ਦ੍ਰਿਸ਼ਟੀ ਤੋਂ ਇੰਝ ਪ੍ਰਗਤੀਵਾਦ ਨੂੰ ਸੰਗੇੜਕੇ ਦੇਖਦੇ ਤੇ ਆਂਕਦੇ ਰਹੇ ਹਨ। ਇਉਂ ਹੀ ਸੰਤੋਖ ਸਿੰਘ ਧੀਰ ਨੇ ਕਮਿਊਨਿਸਟ ਪਾਰਟੀ ਦੀਆਂ ਤੱਤਕਾਲੀਨ ਨੀਤੀਆਂ ਨੂੰ ਸਾਹਵੇਂ ਰੱਖਕੇ ਜੋ ਕੁਝ ਲਿਖਿਆ ਹੈ ਤਾਂ ਉਹ ਉਸਦਾ ਜਾਂ ਪ੍ਰਗਤੀਵਾਦੀ ਕਹਾਣੀ ਦਾ ਸਿੱਕੇਬੰਦ ਪ੍ਰਗਟਾਵਾ ਨਹੀਂ ਗਿਣਿਆ ਜਾਣਾ ਚਾਹੀਦਾ। ਸੰਤੋਖ ਸਿੰਘ ਧੀਰ ਦੇ ਪ੍ਰਗਤੀਵਾਦ ਦਾ ਸ੍ਰੇਸ਼ਟ ਨਮੂਨਾ ਤਾਂ ਸਗੋਂ 'ਮੰਗੋ' ਜਾਂ 'ਭੇਤ ਵਾਲੀ ਗੱਲ' ਵਰਗੀਆਂ ਕਹਾਣੀਆਂ ਵਿਚੋਂ ਹੀ ਲੱਭਣਾ ਬਣਦਾ ਹੈ, ਜਿੱਥੇ ਉਸਦੀ ਪ੍ਰਗਤੀਵਾਦੀ ਚੇਤਨਾ ਸਹਿਜ ਰੂਪ ਵਿਚ ਵਧੇਰੇ ਕਲਾਤਮਕਤਾ ਸਹਿਤ ਪੇਸ਼ ਹੋਈ ਹੈ। ਇਸੇ ਤਰ੍ਹਾਂ ਕੁਲਵੰਤ ਸਿੰਘ ਵਿਰਕ ਜਦੋਂ ਸੈਕਸ ਭੁੱਖ ਦੀਆਂ 'ਤਿੰਨ ਝਾਕੀਆ' ਪੇਸ਼ ਕਰਦਾ ਹੈ ਤਾਂ ਅਵੱਸ਼ ਹੀ ਉਹ ਫਰਾਇਡਵਾਦ ਦੇ ਕੁਝ ਲੋੜੋਂ ਵੱਧ ਪ੍ਰਭਾਵ ਅਧੀਨ ਰਤਾ ਉਲਾਰ ਬਿਰਤੀ ਦਾ ਇਜ਼ਹਾਰ ਕਰ ਰਿਹਾ ਹੈ ਪਰ ਉਸਨੇ 'ਮੁੱਢੋਂ ਸੁੱਢੋਂ' ਜਾਂ 'ਦੁੱਖ ਨਿਵਾਰਨ' ਵਰਗੀਆਂ ਕਹਾਣੀਆਂ ਦੀ ਰਚਨਾ ਵੀ ਕੀਤੀ ਹੈ ਜਿਹੋ ਜਿਹੀਆਂ ਰਚਨਾਵਾਂ ਕਰਨ ਦੀ ਉਮੀਦ ਕਮਿਊਨਿਸਟ ਭਾਂਤ ਦੇ ਪ੍ਰਤੀਬੱਧ ਪ੍ਰਗਤੀਵਾਦੀਆਂ ਤੋਂ ਹੀ ਰੱਖੀ ਜਾਂਦੀ ਹੈ। ਇਹ ਇਕ ਸਿਰਜਕ ਵਜੋਂ ਕੁਲਵੰਤ ਸਿੰਘ ਵਿਰਕ ਦੀ ਵਡਿਆਈ ਹੈ ਕਿ ਇਹਨਾਂ ਰਚਨਾਵਾਂ ਵਿਚ ਉਸਦਾ ਪ੍ਰਗਤੀਵਾਦ ਪੂਰੇ ਕਲਾਤਮਕ ਸੰਜਮ ਨਾਲ ਉਭਰਿਆ ਹੈ।

ਪ੍ਰਗਤੀਵਾਦ ਨਾਲ ਇਕ ਪ੍ਰਕਾਰ ਦੀ ਉਦੇਸ਼ਮੁਖਤਾ ਤਾਂ ਅਵੱਸ਼ ਜੁੜਦੀ ਹੀ ਹੈ। ਪ੍ਰਗਤੀਵਾਦੀ ਸਾਹਿਤ-ਸਿਰਜਣਾ ਉਦੇਸ਼ ਤੋਂ ਮੁਕਤ ਨਹੀਂ ਹੋ ਸਕਦੀ ਪਰ ਉਦੇਸ਼ਮੁਖਤਾ ਕਿਸੇ ਵੀ ਤਰ੍ਹਾਂ ਕਲਾਤਮਕਤਾ ਨੂੰ ਖਾਰਜ ਨਹੀਂ ਕਰਦੀ। ਇਹ ਦਰੁਸਤ ਹੈ ਕਿ ਕਿਤੇ ਕਿਤੇ ਖੱਬੇ-ਪੱਖੀ ਲੇਖਕਾਂ ਨੇ ਉਦੇਸ਼ਮੁਖਤਾ ਉੱਤੇ ਕੁਝ ਜ਼ਿਆਦਾ ਬਲ ਦਿੱਤਾ ਹੈ, ਪਰ ਸਮਰੱਥਾਵਾਨ ਲੇਖਕਾਂ ਵਜੋਂ ਉਹਨਾਂ ਦੀ ਪ੍ਰਵਾਨਗੀ ਦਾ ਆਧਾਰ ਉਹਨਾਂ ਦੀਆਂ ਕੇਵਲ ਮਾਤਰ ਉਦੇਸ਼ ਉੱਤੇ ਵਧੇਰੇ ਬਲ ਦੇਣ ਵਾਲੀਆਂ ਲਿਖਤਾਂ ਨਹੀਂ। ਸੰਤੋਖ ਸਿੰਘ ਧੀਰ ਇਸ ਕਰਕੇ ਵੱਡਾ ਲੇਖਕ ਨਹੀਂ ਕਿ ਉਸਨੇ ਅਮਲੀ ਜੀਵਨ ਵਿਚ ਆਪਣੇ ਮੋਢਿਆਂ ਉੱਤੇ ਕਮਿਊਨਿਸਟ ਪਾਰਟੀ ਦਾ ਝੰਡਾ ਚੁੱਕੀ ਰੱਖਿਆ ਹੈ ਅਤੇ ਆਪਣੀਆਂ ਰਚਨਾਵਾਂ ਵਿਚ ਕਮਿਊਨਿਸਟਾਂ ਵੱਲੋਂ ਲੜੇ ਗਏ ਸੰਘਰਸ਼ਾਂ ਦੀ ਬਾਤ ਪਾਈ ਹੈ। ਪ੍ਰਗਤੀਵਾਦੀ ਸਾਹਿਤ-ਸਿਰਜਣਾ ਦੇ ਮੁੱਲਾਂਕਣ ਸਮੇਂ ਅਕਸਰ ਆਲੋਚਕਾਂ ਨੇ ਅਚੇਤ ਜਾਂ ਸੁਚੇਤ ਇਹ ਗ਼ਲਤੀ ਕੀਤੀ ਹੈ ਕਿ ਉਹਨਾਂ ਨੇ ਉਚ ਪੱਧਰ ਦੀ ਪ੍ਰਗਤੀਵਾਦੀ ਰਚਨਾ ਨੂੰ ਕਿਸੇ ਹੋਰ ਖਾਨੇ ਵਿਚ ਰੱਖਣ ਦੀ ਰੁਚੀ ਵਿਖਾਈ ਹੈ ਜਦਕਿ ਪ੍ਰਗਤੀਵਾਦੀ ਲਿਖਤਾਂ ਮਹਿਜ਼ ਉਹਨਾਂ ਰਚਨਾਵਾਂ ਨੂੰ ਹੀ ਗਰਦਾਨਿਆ ਹੈ ਜਿੰਨ੍ਹਾਂ ਵਿਚ ਆਰਥਿਕ-ਰਾਜਨੀਤਿਕ ਆਦਿ ਮਸਲਿਆਂ ਦਾ ਸਪਸ਼ਟ ਸਪਾਟ ਵਰਨਣ ਹੋਇਆ ਹੈ। ਐਪਰ ਪ੍ਰਗਤੀਵਾਦੀ ਚੇਤਨਾ ਕੇਵਲ ਮਾਤਰ ਆਰਥਿਕਤਾ ਜਾਂ ਰਾਜਨੀਤੀ ਦੇ ਮਸਲਿਆਂ ਤਕ ਹੀ ਸੀਮਤ ਨਹੀਂ। ਅਤੇ ਨਾ ਹੀ ਉਚੀ ਸੁਰ ਪ੍ਰਗਤੀਵਾਦੀ ਰਚਨਾ ਦੀ ਪ੍ਰਮਾਣਿਕਤਾ ਦੀ ਕਸਵੱਟੀ ਹੈ। ਇਹਨਾਂ ਮੁੱਦਿਆਂ ਸਮੇਤ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਛੋਂਹਦੀ ਜਿਸ ਰਚਨਾ ਵਿਚ ਵੀ ਸਹਿਜ ਰੂਪ ਵਿਚ ਪ੍ਰਗਤੀਵਾਦੀ ਚੇਤਨਾ ਸਾਕਾਰ ਹੋਈ ਹੈ, ਉਹ ਰਚਨਾ ਸ੍ਰੇਸ਼ਟ ਪ੍ਰਗਤੀਵਾਦੀ ਰਚਨਾ ਪ੍ਰਵਾਨ ਕੀਤੇ ਜਾਣ ਦੇ ਯੋਗ ਹੈ। ਉਦਾਹਰਣ ਵਜੋਂ ਵਰਿਆਮ ਸਿੰਘ ਸੰਧੂ ਨੇ ਜਦੋਂ ਕਹਾਣੀ-ਰਚਨਾ ਦੇ ਖੇਤਰ ਵਿਚ ਜੁਝਾਰਵਾਦੀ ਭਾਵਨਾ ਨੂੰ ਉਭਾਰਨ ਦੇ ਉਦੇਸ਼ ਨਾਲ 'ਕਰਵਟ' ਕਹਾਣੀ ਸੰਗ੍ਰਹਿ ਦਾ ਸੰਪਾਦਨ ਕੀਤਾ ਸੀ ਜਾਂ 'ਲੋਹੇ ਦੇ ਹੱਥ' ਪੁਸਤਕ ਵਿਚਲੀਆਂ ਜ਼ਿਆਦਾਤਰ ਉਦੇਸ਼ਮੁਖ ਕਹਾਣੀਆਂ ਦੀ ਰਚਨਾ ਕੀਤੀ ਸੀ ਤਾਂ ਇਹ ਸਭ ਕੁਝ ਇਕ ਸਿਰਜਕ ਵਜੋਂ ਉਸਦੀ ਹੁਣ ਦੀ ਪ੍ਰਵਾਨਗੀ ਦਾ ਆਧਾਰ ਨਹੀਂ। ਉਸਨੂੰ ਜੇ ਪ੍ਰਗਤੀਵਾਦੀ ਲੇਖਕ

ਵਜੋਂ ਵੀ ਵਧੇਰੇ ਮਾਣ ਮਿਲਣਾ ਚਾਹੀਦਾ ਹੈ ਤਾਂ ਉਥੇ ਹੀ ਜਿੱਥੇ ਉਸਨੇ ਉਦੇਸ਼ਮੁਖਤਾ ਨੂੰ ਵੀ ਕਲਾਤਮਕ ਸੰਜਮ ਵਿਚ ਪੇਸ਼ ਕੀਤਾ ਹੈ। ਨਜ਼ਰ ਵਾਲਿਆਂ ਨੂੰ 'ਨੌ ਬਾਰਾਂ ਦਸ' ਵਿਚੋਂ, 'ਭੂੰਮ੍ਹ' ਵਿਚੋਂ ਜਾਂ 'ਸੁਨਹਿਰੀ ਕਿਣਕਾ' ਵਰਗੀਆਂ ਸ੍ਰੇਸ਼ਟ ਮੰਨੀਆਂ ਗਈਆਂ ਕਥਾ-ਰਚਨਾਵਾਂ ਵਿਚੋਂ ਸਮਾਜਕ-ਸੰਸਕ੍ਰਿਤਕ, ਆਰਥਿਕ-ਰਾਜਨੀਤਕ ਵਿਵਸਥਾ ਦੇ ਵਿਭਿੰਨ ਪੱਖਾਂ ਦੀ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਪੇਸ਼ਕਾਰੀ ਦਾ ਆਭਾਸ ਹੋ ਜਾਵੇਗਾ, ਭਾਵੇਂ ਕਿ ਏਥੇ ਉਸਨੇ 'ਅਸਲੀ ਤੇ ਵੱਡੀ ਹੀਰ' ਜਾਂ 'ਕਿੱਥੇ ਗਏ' ਵਾਂਗ ਸੁਚੇਤ ਪੱਧਰ ਉਤੇ ਪ੍ਰਗਤੀਵਾਦੀ ਜਾਂ ਖੱਬੇਪੱਖੀ ਸਿੱਧ ਹੋਣ ਦੀ ਚੇਸ਼ਟਾ ਨਹੀਂ ਕੀਤੀ। ਇਹੀ ਗੱਲ ਗੁਰਬਚਨ ਸਿੰਘ ਭੁੱਲਰ, ਅਤਰਜੀਤ ਵਰਗੇ ਖੱਬੇ-ਪੱਖੀ ਦਿੱਖ ਵਾਲੇ ਹੋਰ ਸਭਨਾਂ ਕਹਾਣੀਕਾਰਾਂ ਉੱਤੇ ਢੁਕਦੀ ਹੈ। ਇਹ ਜ਼ਰੂਰੀ ਨਹੀਂ ਅਤੇ ਉਚਿਤ ਵੀ ਨਹੀਂ ਕਿ ਇਹਨਾਂ ਲੇਖਕਾਂ ਦੀਆਂ ਰਾਜਨੀਤਕ ਤੇ ਆਰਥਿਕ ਸਰੋਕਾਰਾਂ ਵਾਲੀਆਂ ਕਹਾਣੀਆਂ ਨੂੰ ਹੀ ਪ੍ਰਗਤੀਵਾਦ ਦੇ ਘੇਰੇ ਵਿਚ ਲਿਆ ਜਾਵੇ। ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ 'ਦੀਵੇ ਵਾਂਗ ਬਲਦੀ ਅੱਖ' ਜਾਂ 'ਓਪਰਾ ਮਰਦ' ਵਿਚ ਵੀ ਉਹੀ ਪ੍ਰਗਤੀਵਾਦੀ ਚੇਤਨਾ ਕਾਰਜਸ਼ੀਲ ਹੈ ਜੋ 'ਵਖਤਾਂ ਮਾਰੇ' ਜਾਂ 'ਤਾਮਰ ਪੱਤਰ' ਵਿਚ। ਅਤੇ ਇਹਨਾਂ ਸਤਰਾਂ ਦੇ ਲੇਖਕ ਦੇ ਵਿਚਾਰ ਵਿਚ ਪਹਿਲੀਆਂ ਦੋਨਾਂ ਕਹਾਣੀਆਂ ਵਿਚ ਇਸ ਚੇਤਨਾ ਦਾ ਦੂਜੀਆਂ ਦੋਨਾਂ ਕਹਾਣੀਆਂ ਨਾਲੋਂ ਵੀ ਵਧੇਰੇ ਕਲਾਤਮਕ ਪ੍ਰਗਟਾਅ ਹੋਇਆ ਹੈ।

ਇਵੇਂ ਹੀ ਜਸਵੰਤ ਸਿੰਘ ਵਿਰਦੀ ਦੀ ਫੈਂਟਸੀ ਦੀ ਤਕਨੀਕ ਵਿਚ ਲਿਖੀ ਕਹਾਣੀ 'ਤਾਰੇ ਤੋੜਨਾ' ਜਾਂ ਯਥਾਰਥਵਾਦੀ ਸ਼ੈਲੀ ਵਿਚ ਲਿਖੀ 'ਪੁਲ' ਵਰਗੀ ਕਹਾਣੀ ਵਿਚੋਂ ਪ੍ਰਗਤੀਵਾਦ ਵਧੇਰੇ ਕਲਾਤਮਕਤਾ ਨਾਲ ਝਲਕਦਾ ਹੈ, ਬਨਿਸਬਤ ਉਸਦੀਆਂ ਉਹਨਾਂ ਕਹਾਣੀਆਂ ਵਿਚੋਂ ਜਿੱਥੇ ਉਸਨੇ ਸੁਚੇਤ ਭਾਂਤ ਦਾਜ-ਦਹੇਜ ਦਾ ਵਿਰੋਧ ਕਰਨ ਵਰਗੇ ਜਾਂ ਇਸ ਭਾਂਤ ਦੇ ਕਿਸੇ ਹੋਰ ਮੁੱਦੇ ਨੂੰ ਲੈਕੇ ਰਚਨਾ ਕੀਤੀ ਹੈ। ਪ੍ਰੇਮ ਪ੍ਰਕਾਸ਼ ਵੀ, ਭਾਵੇਂ ਉਹ ਤਰੱਕੀਪਸੰਦਾਂ ਨਾਲੋਂ ਆਪਣੇ ਆਪ ਨੂੰ ਵਖਰਿਆਉਣ ਦਾ ਕਿੰਨਾ ਵੀ ਆਹਰ ਕਿਉਂ ਨਾ ਕਰੇ, ਅਸਲੋ ਅਸਲੀ ਪ੍ਰਗਤੀਵਾਦੀ ਪਹੁੰਚ ਵਾਲਾ ਸਿਰਜਕ ਹੈ। ਪਰੰਪਰਾਵਾਦੀ ਪਹੁੰਚ ਨੂੰ ਛੰਡਕੇ ਰਿਸ਼ਤਿਆਂ ਦੇ ਮਾਮਲੇ ਵਿਚ ਔਰਤ ਦੀ ਹੋਂਦ ਨੂੰ ਉਭਾਰਨਾ, ਜਿਵੇਂ 'ਡੈੱਡਲਾਈਨ' ਵਰਗੀਆਂ ਕਹਾਣੀਆਂ ਵਿਚ ਹੋਇਆ ਹੈ, ਕਿਵੇਂ ਵੀ ਪ੍ਰਗਤੀਵਾਦ ਦੇ ਘੇਰੇ ਤੋਂ ਬਾਹਰ ਦੀ ਗੱਲ ਨਹੀਂ। ਅਤੇ ਜਿੰਨ੍ਹਾਂ ਲੇਖਕਾਂ ਨੇ ਉਚੀ ਸੁਰ ਵਿਚ ਆਪਣੇ ਆਪ ਦੇ ਪ੍ਰਗਤੀਵਾਦੀ ਹੋਣ ਦਾ ਐਲਾਨ ਨਹੀਂ ਕੀਤਾ, ਸੁਖਬੀਰ ਤੇ ਗੁਰਦੇਵ ਰੁਪਾਣਾ ਤੋਂ ਲੈ ਕੇ ਸਾਹਿਤ ਅਕਾਦਮੀ ਐਵਾਰਡ ਪ੍ਰਾਪਤ ਕਰਨ ਵਾਲੇ ਗੁਲਜ਼ਾਰ ਸਿੰਘ ਸੰਧੂ, ਅਜੀਤ ਕੌਰ ਤੇ ਮੋਹਨ ਭੰਡਾਰੀ ਤਕ, ਦੀ ਵੀ ਮੂਲ ਪਹੁੰਚ ਪ੍ਰਗਤੀਵਾਦੀ ਹੈ। ਫਿਰਕਾਪ੍ਰਸਤੀ ਦੇ ਵਿਰੋਧ ਵਿਚ ਮਨੁੱਖੀ ਸਾਂਝ ਨੂੰ ਦ੍ਰਿੜਾਉਣ ਵਾਲੀਆਂ 'ਸ਼ਹੀਦ' ਅਤੇ 'ਪਾੜ' ਵਰਗੀਆਂ ਇਹਨਾਂ ਲੇਖਕਾਂ ਦੀਆਂ ਕਹਾਣੀਆਂ ਤਾਂ ਸਪਸ਼ਟ ਹੀ ਪ੍ਰਗਤੀਵਾਦ ਦੇ ਘੇਰੇ ਵਿਚ ਆਉਂਦੀਆਂ ਹਨ। ਪਰ ਜਦੋਂ ਗੁਲਜ਼ਾਰ ਸਿੰਘ ਸੰਧੂ ਨੇ ਔਰਤ ਦੇ ਸੁਤੰਤਰ ਅਸਤਿਤਵ ਨੂੰ ਉਭਾਰਿਆ ਹੈ, ਜਿਵੇਂ 'ਗਮਲੇ ਦੀ ਵੇਲ' ਵਿਚ, ਤਾਂ ਉਦੋਂ ਵੀ ਉਹ ਪ੍ਰਮਾਣਿਕ ਪ੍ਰਗਤੀਵਾਦੀ ਹੈ। ਮਗਰਲੀ ਪੀੜ੍ਹੀ ਦੇ ਸਾਰੇ ਉਘੜਵੇਂ ਰਚਨਾਕਾਰ ਸੁਖਵੰਤ ਕੌਰ ਮਾਨ, ਗੁਰਪਾਲ ਲਿੱਟ, ਬਲਦੇਵ ਸਿੰਘ, ਲਾਲ ਸਿੰਘ ਅਤੇ ਨ੍ਰਿਪਇੰਦਰ ਰਤਨ ਤੋਂ ਲੈ ਕੇ ਬਲਵਿੰਦਰ ਗਰੇਵਾਲ ਤੇ ਅਜਮੇਰ ਸਿੱਧੂ ਤਕ ਸਭ ਆਪਣੀ ਪਹੁੰਚ ਵਿਚ ਪ੍ਰਗਤੀਵਾਦ ਦੇ ਘੇਰੇ ਅੰਦਰਲੇ ਲੇਖਕ ਹੀ ਹਨ।

ਟੀ.ਆਰ. ਵਿਨੋਦ ਨੇ ਪ੍ਰਗਟ ਤੌਰ 'ਤੇ ਵੱਖ ਵੱਖ ਦੌਰਾਂ ਦੀ ਪੰਜਾਬੀ ਕਹਾਣੀ ਦੇ ਚਰਿੱਤਰ ਨੂੰ ਵਖਰਿਆਉਣ ਲਈ ਦਿਸ਼ਾ ਦੀ ਕਹਾਣੀ ਅਤੇ ਦਸ਼ਾ ਦੀ ਕਹਾਣੀ ਦਾ ਨਾਉਂ ਦਿੱਤਾ ਹੈ। ਬੁਨਿਆਦੀ ਤੌਰ 'ਤੇ ਦਰੁਸਤ ਇਸ ਕਥਨ ਤੋਂ ਇਹ ਭੁਲੇਖਾ ਲੱਗਣ ਦੀ ਸੰਭਾਵਨਾ ਹੋ ਸਕਦੀ ਹੈ ਜਿਵੇਂ ਸਿਰਫ ਦਿਸ਼ਾ ਦੀ ਕਹਾਣੀ ਦਾ ਸੰਬੰਧ ਹੀ ਪ੍ਰਗਤੀਵਾਦ ਨਾਲ ਹੋਵੇ। ਯਥਾਰਥਵਾਦ ਦੀ ਸ਼ੈਲੀ ਵੱਲ ਵਧੇਰੇ ਰੁਚਿਤ ਦਸ਼ਾ ਦੀ ਕਹਾਣੀ ਦੇ ਹੋਰ ਵੀ ਪਸਾਰ ਹੋ ਸਕਦੇ ਹਨ ਪਰ ਵਿਚਾਰਧਾਰਾ ਤੇ ਦ੍ਰਿਸ਼ਟੀ ਪੱਖੋਂ ਉਹ ਕਹਾਣੀ ਵੀ ਮੁਖ ਰੂਪ ਵਿਚ ਪ੍ਰਗਤੀਵਾਦ ਨਾਲ ਜੁੜੀ ਹੋਈ ਹੈ, ਇਸ ਬਾਰੇ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ।❑❑

[1728, ਸੈਕਟਰ-43-ਬੀ, ਚੰਡੀਗੜ੍ਹ]



# ਸਾਮਿਅਕ ਭਾਰਤੀ ਸਾਹਿਤਕ ਦ੍ਰਿਸ਼ ਅਤੇ ਮੋਹਨ ਸਿੰਘ

ਚਮਨ ਲਾਲ

ਆਧੁਨਿਕ ਪੰਜਾਬੀ ਕਵਿਤਾ ਵਿਚ ਪ੍ਰੋ: ਮੋਹਨ ਸਿੰਘ ਇਕ ਵਿਸ਼ੇਸ਼ ਅਤੇ ਅਤੀ ਮਹੱਤਵਪੂਰਨ ਸਥਾਨ ਦਾ ਅਧਿਕਾਰੀ ਕਵੀ ਹੈ। ਭਾਈ ਵੀਰ ਸਿੰਘ ਅਤੇ ਪ੍ਰੋ: ਪੂਰਨ ਸਿੰਘ ਨਾਲ ਸ਼ੁਰੂ ਹੋਈ ਆਧੁਨਿਕ ਪੰਜਾਬੀ ਕਵਿਤਾ ਦੇ ਅਗਲੇ ਪੜਾਅ ਵਿਚ ਮੋਹਨ ਸਿੰਘ -ਅੰਮ੍ਰਿਤਾ ਪ੍ਰੀਤਮ ਧਾਰਾ ਹੀ ਸਭ ਤੋਂ ਵੱਧ ਚਰਚਤ ਧਾਰਾ ਹੋਈ ਹੈ। ਪ੍ਰੋ: ਮੋਹਨ ਸਿੰਘ ਦੀ ਕਾਵਿ-ਪਰੰਪਰਾ ਦੇ ਅਗਲੇ ਪੜਾਵਾਂ ਵਿਚ ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਪਿਆਰਾ ਸਿੰਘ ਸਹਿਰਾਈ, ਤੇਰਾ ਸਿੰਘ ਚੰਨ, ਹਰਭਜਨ ਹੁੰਦਲ, ਪਾਸ਼, ਪਾਤਰ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਗੁਰਦਾਸ ਰਾਮ ਆਲਮ ਅਤੇ ਸਵਰਾਜਬੀਰ ਵਰਗੇ ਹੋਰ ਕਈ ਕਵੀ ਆਪਣਾ ਜ਼ਿਕਰਯੋਗ ਸਥਾਨ ਬਣਾਉਂਦੇ ਹਨ।

1905 ਵਿਚ ਪੈਦਾ ਹੋਏ ਮੋਹਨ ਸਿੰਘ ਦੀ ਕਾਵਿ ਯਾਤਰਾ ਦਾ ਆਰੰਭ ਲਗਪਗ 1935 ਤੋਂ 'ਚਾਰ ਹੰਝੂ' ਦੇ ਪ੍ਰਕਾਸ਼ਨ ਨਾਲ ਹੁੰਦਾ ਹੈ, ਜੋ ਉਸਦੇ ਅੰਤਮ ਕਾਵਿ ਸੰਗ੍ਰਹਿ 'ਬੂਹੇ' ਦੇ 1977 ਵਿਚ ਪ੍ਰਕਾਸ਼ਨ ਤਕ ਜਾਰੀ ਰਹਿੰਦਾ ਹੈ। ਆਪਣੀ ਰਚਨਾ ਦੇ ਚਾਰ ਦਹਾਕਿਆਂ ਤੋਂ ਵੀ ਵੱਧ ਫੈਲੇ ਅਰਸੇ ਦੌਰਾਨ ਮੋਹਨ ਸਿੰਘ ਨੇ 'ਸਾਵੇ-ਪੱਤਰ' (1936) 'ਕਸੁੰਭੜਾ' (1939) 'ਅੱਧਵਾਟੇ' (1944), 'ਕੱਚ-ਸੱਚ' (1950), 'ਆਵਾਜ਼ਾਂ' (1954), 'ਵੱਡਾ ਵੇਲਾ (1958), 'ਜੰਦਰੇ' (1964), 'ਜੈ ਮੀਰ' (1968) ਅਤੇ 'ਬੂਹੇ' (1973) ਕਾਵਿ ਸੰਗ੍ਰਹਿਾਂ ਦੀ ਰਚਨਾ ਕੀਤੀ। ਇੰਨ੍ਹਾਂ ਕਾਵਿ-ਸੰਗ੍ਰਹਿਾਂ ਤੋਂ ਇਲਾਵਾ 1971 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੋਹਨ ਸਿੰਘ ਰਚਿਤ ਮਹਾਂਕਵਿ 'ਨਾਨਕਾਇਣ' ਵੀ ਛਾਪਿਆ ਗਿਆ। ਇੰਨ੍ਹਾਂ ਕਾਵਿ-ਸੰਗ੍ਰਹਿਾਂ ਵਿਚੋਂ ਚੋਣਵੀਆਂ ਕਵਿਤਾਵਾਂ ਦੇ ਵੀ ਕਈ ਸੰਕਲਨ ਛਾਪੇ ਗਏ, ਜਿਨ੍ਹਾਂ ਵਿਚੋਂ 'ਪੰਜ ਪਾਣੀ' (1978), 'ਮਾਖਿਓਂ' (1987), 'ਮੇਰੀ ਚੋਣਵੀਂ ਕਵਿਤਾ' (1977), ਆਦਿ ਸ਼ਾਮਲ ਹਨ। 1980 ਵਿਚ ਉਸ ਦੀ ਸਮੁੱਚੀ ਕਵਿਤਾ ਚਾਰ ਖੰਡਾਂ ਵਿਚ ਵੀ ਛਾਪੀ ਗਈ। ਮੋਹਨ ਸਿੰਘ ਨੇ ਆਰਨਲਡ ਦੇ ਵਿਸ਼ਵ ਪ੍ਰਸਿੱਧ ਕਾਵਿ 'ਲਾਈਟ ਆਫ ਏਸ਼ੀਆ' ਦਾ 'ਏਸ਼ੀਆ ਦਾ ਚਾਨਣ' ਸਿਰਲੇਖ ਹੇਠ ਪੰਜਾਬੀ ਅਨੁਵਾਦ ਵੀ ਕੀਤਾ। ਕੁਝ ਹੋਰ ਵਿਸ਼ਵ ਪ੍ਰਸਿੱਧ ਪੁਸਤਕਾਂ ਦੇ ਅਨੁਵਾਦ ਵੀ ਉਸਨੇ ਕੀਤੇ, ਜਿੰਨ੍ਹਾਂ ਵਿਚ 'ਰਾਜਾ ਈਡੀਪਸ', 'ਧਰਤੀ ਪਾਸਾ ਪਰਤਿਆ', 'ਪੀਂਘ', 'ਗੋਦਾਨ', 'ਨਿਰਮਲਾ' ਆਦਿ ਦੇ ਪੰਜਾਬੀ ਅਨੁਵਾਦ ਸ਼ਾਮਲ ਹਨ। ਉਸ ਦਾ ਇਕ ਕਹਾਣੀ ਸੰਗ੍ਰਹਿ 'ਨਿੱਕੀ ਨਿੱਕੀ ਵਾਸ਼ਨਾ' ਵੀ ਪ੍ਰਕਾਸ਼ਤ ਹੈ। ਰਚਨਾ ਤੋਂ ਇਲਾਵਾ ਮੋਹਨ ਸਿੰਘ ਨੇ ਪ੍ਰਸਿੱਧ ਪੰਜਾਬੀ ਪੱਤਰਕਾ 'ਪੰਜ ਦਰਿਆ' ਦਾ ਸੰਪਾਦਨ ਕੀਤਾ, ਜੋ ਆਪਣੇ ਸਮੇਂ ਦੀ ਸਭ ਤੋਂ ਵੱਧ ਚਰਚਤ ਪੰਜਾਬੀ ਪੱਤਰਕਾ ਸੀ। ਕਾਲਿਜਾਂ, ਯੂਨੀਵਰਸਿਟੀਆਂ ਵਿਚ ਪ੍ਰੋਫੈਸਰ ਰਹਿਣ ਦੇ ਨਾਲ-ਨਾਲ ਉਸਨੇ ਆਪਣਾ ਪ੍ਰਕਾਸ਼ਨ ਵੀ ਚਲਾਉਣ ਦਾ ਤਜਰਬਾ ਕੀਤਾ।

ਪ੍ਰੋ: ਮੋਹਨ ਸਿੰਘ ਦੇ ਪੰਜਾਬੀ ਕਾਵਿ ਜਗਤ ਵਿਚ ਪ੍ਰਵੇਸ਼ ਦਾ ਸਮਾਂ ਦੁਨੀਆਂ ਭਰ ਵਿਚ ਪ੍ਰਗਤੀਵਾਦ ਦੇ ਆਰੰਭ ਹੋਣ ਦਾ ਸਮਾਂ ਹੈ। 1934 ਵਿਚ ਸੋਵੀਅਤ ਯੂਨੀਅਨ ਦੇ ਲੇਖਕਾਂ ਦੀ ਕਾਨਫਰੰਸ ਮੈਕਸਿਮ ਗੋਰਕੀ ਦੀ ਅਗਵਾਈ ਵਿਚ ਹੋਈ, ਜਿੱਥੇ ਯਥਾਰਥਵਾਦ ਨੂੰ 'ਸਮਾਜਵਾਦੀ ਯਥਾਰਥਵਾਦ' ਦੇ ਰੂਪ ਵਿਚ ਦੇਖਣ ਦਾ ਨਜ਼ਰੀਆ ਵਿਕਸਿਤ ਕੀਤਾ ਗਿਆ। 1935 ਵਿਚ ਪੈਰਿਸ ਵਿਚ ਪ੍ਰਸਿੱਧ ਅੰਗਰੇਜ਼ੀ ਲੇਖਕ ਈ. ਐੱਮ. ਫਾਰਸਟਰ ਦੀ ਅਗਵਾਈ ਵਿਚ ਪ੍ਰਗਤੀਵਾਦੀ ਲੇਖਕ ਸੰਗਠਨ (PWA) ਦੀ ਸਥਾਪਨਾ ਕੀਤੀ ਗਈ। ਇਸੇ ਵਰ੍ਹੇ ਲੰਦਨ ਵਿਖੇ ਭਾਰਤੀ ਅੰਗਰੇਜ਼ੀ ਲੇਖਕ ਮੁਲਕ ਰਾਜ ਆਨੰਦ ਦੀ ਅਗਵਾਈ ਵਿਚ ਭਾਰਤੀ ਲੇਖਕਾਂ ਨੇ ਵੀ ਕਾਨਫਰੰਸ ਕਰਕੇ ਖੁਦ ਨੂੰ ਪ੍ਰਗਤੀਵਾਦੀ ਵਿਚਾਰਾਂ ਨਾਲ ਜੋੜਿਆ ਅਤੇ 8, 9 ਅਪਰੈਲ 1936 ਨੂੰ ਲਖਨਊ ਵਿਖੇ ਹਿੰਦੀ ਲੇਖਕ ਮੁਨਸ਼ੀ ਪ੍ਰੇਮਚੰਦ ਦੀ ਅਗਵਾਈ ਵਿਚ ਪ੍ਰਗਤੀਵਾਦੀ ਲੇਖਕ ਸੰਘ ਦੀ ਪਹਿਲੀ ਕਾਨਫਰੰਸ ਦੇ ਨਾਲ ਇਹ ਸੰਗਠਨ ਹੋਂਦ ਵਿਚ ਆਇਆ। 1938 ਵਿਚ ਬੰਗਾਲ ਵਿਚ ਰਵਿੰਦਰ ਨਾਥ ਟੈਗੋਰ ਦੀ ਅਗਵਾਈ

ਵਿਚ ਪ੍ਰਗਤੀਵਾਦੀ ਲੇਖਕ ਸੰਘ ਦੀ ਦੂਜੀ ਕਾਨਫਰੰਸ ਹੋਈ।

ਪੰਜਾਬ ਵਿਚ ਲਾਹੌਰ ਵਿਖੇ ਪ੍ਰਗਤੀਵਾਦੀ ਲੇਖਕ ਸੰਗਠਨ ਦੀਆਂ ਬੈਠਕਾਂ ਹੋਣ ਲੱਗੀਆਂ, ਜਿਨ੍ਹਾਂ ਵਿਚ ਪੰਜਾਬੀ, ਹਿੰਦੀ ਅਤੇ ਉਰਦੂ ਦੇ ਲੇਖਕ ਸਾਂਝੇ ਰੂਪ ਵਿਚ ਹਿੱਸਾ ਲੈਂਦੇ ਹਨ। ਮੋਹਨ ਸਿੰਘ ਦੇ ਖਾਲਸਾ ਕਾਲਿਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਲੱਗ ਜਾਣ ਬਾਅਦ ਅੰਮ੍ਰਿਤਸਰ ਵਿਖੇ ਵੀ ਇਹ ਮੀਟਿੰਗਾਂ ਹੋਣ ਲੱਗੀਆਂ। ਇਹਨਾਂ ਮੀਟਿੰਗਾਂ ਵਿਚ ਮੋਹਨ ਸਿੰਘ ਤੋਂ ਇਲਾਵਾ ਫ਼ੈਜ਼ ਅਹਿਮਦ ਫ਼ੈਜ਼, ਸੰਤ ਸਿੰਘ ਸੇਖੋਂ, ਸੱਜਾਦ ਜ਼ਹੀਰ ਆਦਿ ਲੇਖਕ ਸ਼ਾਮਲ ਹੁੰਦੇ ਸਨ।

ਪ੍ਰੋ ਮੋਹਨ ਸਿੰਘ ਦਾ ਪਹਿਲਾ ਛੋਟਾ ਕਾਵਿ ਸੰਗ੍ਰਹਿ 'ਚਾਰ ਹੰਝੂ' 1935 ਵਿਚ ਛਪ ਚੁੱਕਾ ਸੀ, ਜਿਸਦੀਆਂ ਚਾਰੇ ਕਵਿਤਾਵਾਂ ਬਾਅਦ ਵਿਚ 1936 ਵਿਚ ਛਪੇ ਕਾਵਿ ਸੰਗ੍ਰਹਿ, 'ਸਾਵੇ ਪੱਤਰ' ਵਿਚ ਸ਼ਾਮਲ ਕਰ ਲਈਆਂ ਗਈਆਂ ਸਨ। 'ਚਾਰ ਹੰਝੂ' ਮੋਹਨ ਸਿੰਘ ਦੀ ਪਹਿਲੀ ਪਤਨੀ ਬਸੰਤ ਦੀ ਯਾਦ ਨੂੰ ਸਮਰਪਤ ਹੈ, ਜੋ ਭਰ ਜਵਾਨੀ ਵਿਚ ਚਲ ਵਸੀ ਸੀ ਅਤੇ ਜਿਸ ਨਾਲ ਮੋਹਨ ਸਿੰਘ ਨੂੰ ਬੇਪਨਾਹ ਮੁਹੱਬਤ ਸੀ। ਉਸਦੇ ਗ਼ਮ ਨੇ ਮੋਹਨ ਸਿੰਘ ਨੂੰ ਕਵੀ ਬਣਾ ਦਿੱਤਾ ਅਤੇ ਮੋਹਨ ਸਿੰਘ ਨੇ ਉਸਦੇ ਮੂੰਹੋਂ ਆਪਣੀ ਕਵਿਤਾ ਵਿਚ ਇਹ ਕਹਾਇਆ ਵੀ ਕਿ:

*ਮੋਹਨ ਕਿੰਝ ਬਣਦਾ ਤੂੰ ਸ਼ਾਇਰ*
*ਜੇਕਰ ਮੈਂ ਨਾ ਮਰਦੀ*

ਜ਼ਾਹਿਰ ਹੈ ਕਿ 'ਚਾਰ ਹੰਝੂ' ਅਤੇ ਕੁਝ ਹੱਦ ਤਕ 'ਸਾਵੇ ਪੱਤਰ' ਉੱਤੇ ਮੋਹਨ ਸਿੰਘ ਦੇ ਨਿੱਜੀ ਦੁੱਖ ਦਾ ਪਰਛਾਵਾਂ ਹੈ। ਪਰ ਮੋਹਨ ਸਿੰਘ 'ਸਾਵੇ-ਪੱਤਰ' ਅਤੇ 1939 ਵਿਚ ਛਪੇ ਸੰਗ੍ਰਹਿ 'ਕਸੁੰਭੜਾ' ਤੋਂ ਹੀ ਪ੍ਰਗਤੀਵਾਦ ਤੋਂ ਪ੍ਰਭਾਵਤ ਹੋ ਜਾਂਦਾ ਹੈ ਅਤੇ ਫਿਰ ਆਪਣੀ ਪੂਰੀ ਰਚਨਾ ਦੇ ਦੌਰਾਨ ਇਹਨਾਂ ਵਿਚਾਰਾਂ ਤੋਂ ਪ੍ਰਭਾਵਤ ਰਹਿੰਦਾ ਹੈ।

ਜਿਸ ਸਮੇਂ ਮੋਹਨ ਸਿੰਘ ਨੇ ਸਾਹਿਤਕ ਜਗਤ ਵਿਚ ਆਪਣੀ ਰਚਨਾ ਰਾਹੀਂ ਪੈਰ ਰੱਖਿਆ, ਉਸ ਸਮੇਂ ਦਾ ਸਾਹਿਤਕ ਮਾਹੌਲ ਕਾਫੀ ਖ਼ੁਸ਼ਗਵਾਰ ਸੀ। ਲਾਹੌਰ ਵਿਖੇ ਹਿੰਦੀ, ਪੰਜਾਬੀ ਅਤੇ ਉਰਦੂ ਦੇ ਲੇਖਕ ਇਕੱਠੇ ਬੈਠਦੇ ਸਨ ਅਤੇ ਆਪਣੀਆਂ ਰਚਨਾਵਾਂ ਸਾਂਝੀਆਂ ਕਰਨ ਤੋਂ ਇਲਾਵਾ ਸਾਹਿਤ ਦੇ ਮਸਲਿਆਂ ਸੰਬੰਧੀ ਗੰਭੀਰ ਵਿਚਾਰ-ਚਰਚਾ ਵੀ ਕਰਦੇ ਸਨ। ਮੁਲਕ ਦੀ ਪੱਧਰ 'ਤੇ ਉਸ ਸਮੇਂ ਆਜ਼ਾਦੀ ਲਹਿਰ ਦਾ ਵੀ ਜ਼ੋਰ ਸੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੈਦਾ ਹੋਏ ਪ੍ਰਗਤੀਵਾਦੀ ਵਿਚਾਰ ਵੀ ਭਾਰਤ ਦੀਆਂ ਸਾਰੀਆਂ ਹੀ ਜ਼ਬਾਨਾਂ ਦੇ ਅਦਬ ਨੂੰ ਪ੍ਰਭਾਵਤ ਕਰ ਰਹੇ ਸਨ। ਮੋਹਨ ਸਿੰਘ ਦੇ ਰਚਨਾ ਕਾਲ ਦੇ ਚਾਰ ਦਹਾਕਿਆਂ ਤੋਂ ਵੱਧ ਦੇ ਸਮੇਂ ਤੋਂ ਜੇ ਭਾਰਤੀ ਸਾਹਿਤਕ ਦ੍ਰਿਸ਼ 'ਤੇ ਇਕ ਪੰਛੀ ਝਾਤ ਮਾਰੀ ਜਾਵੇ ਤਾਂ ਇਸ ਦੌਰਾਨ ਲਗਪਗ ਸਾਰੇ ਭਾਰਤੀ ਸਾਹਿਤ ਵਿਚ ਨਿਮਨ ਪ੍ਰਵਿਰਤੀਆਂ ਉਭਰ ਕੇ ਆਉਂਦੀਆਂ ਹਨ।

1. ਪ੍ਰਗਤੀਵਾਦੀ ਸਾਹਿਤ ਧਾਰਾ-ਲਗਪਗ ਦੋ ਦਹਾਕੇ (1936-56)
2. ਪ੍ਰਯੋਗਵਾਦੀ ਸਾਹਿਤ ਧਾਰਾ-ਲਗਪਗ ਇਕ ਦਹਾਕਾ (1956-66)
3. ਨਵੀਂ ਕਵਿਤਾ ਨਵੀਂ ਕਹਾਣੀ, ਆਲੋਚਨਾ ਆਦਿ-ਲਗਪਗ ਇਕ ਦਹਾਕਾ (1960-70)
4. ਜੁਝਾਰਵਾਦੀ, ਨਵ-ਪ੍ਰਗਤੀਵਾਦੀ ਜਾਂ ਕ੍ਰਾਂਤੀਕਾਰੀ ਸਾਹਿਤ ਧਾਰਾ (1970 ਤੋਂ ਬਾਅਦ)

ਉਪਰੋਕਤ ਚਾਰ ਸਾਹਿਤਕ ਪ੍ਰਵਿਰਤੀਆਂ ਵਿਚੋਂ ਪ੍ਰਗਤੀਵਾਦੀ ਧਾਰਾ ਦਾ ਅਸਰ ਸਭ ਤੋਂ ਵੱਧ ਵਿਆਪਕ ਤੇ ਡੂੰਘਾ ਸੀ ਅਤੇ ਲਗਪਗ ਹਰ ਹਿੰਦੁਸਤਾਨੀ ਜ਼ਬਾਨ ਦੇ ਅਦਬ ਨੂੰ ਇਸ ਧਾਰਾ ਨੇ ਆਪਣੇ ਘੇਰੇ ਵਿਚ ਸਮੇਟਿਆ। ਜੇ ਪੰਜਾਬੀ ਕਵਿਤਾ ਵਿਚ ਮੋਹਨ ਸਿੰਘ ਪ੍ਰਗਤੀਵਾਦੀ ਧਾਰਾ ਦੇ ਮੋਢੀ ਤੇ ਪ੍ਰਮੁੱਖ ਕਵੀ ਵਜੋਂ ਉਭਰਿਆ ਤਾਂ ਹੋਰ ਜ਼ਬਾਨਾਂ ਵਿਚ ਉਸਦੇ ਸਮਕਾਲੀ ਵੀ ਬੇਹੱਦ ਉੱਘੇ ਭਾਰਤੀ ਕਵੀ ਸਨ। ਬੰਗਾਲੀ ਭਾਸ਼ਾ ਵਿਚ ਕਾਜ਼ੀ ਨਜ਼ਰੁਲ ਇਸਲਾਮ, ਸੁਕਾਂਤ ਭੱਟਾਚਾਰੀਆ, ਸੁਭਾਸ਼ ਮੁਖੋਪਾਧਿਆਇ, ਸਮਰ ਸੇਨ, ਵਿਸ਼ਨੂੰ ਡੇ, ਪ੍ਰੇਮੇਂਦਰ ਮਿੱਤਰ ਵਰਗੇ ਸ਼ਾਇਰ, ਤੇਲਗੂ ਵਿਚ ਮਹਾਂਕਵੀ ਸ੍ਰੀ



ਸ੍ਰੀ ਵੀਰੇਸ਼ਲਿਗਮ, ਤਮਿਲ ਵਿਚ ਭਾਰਤੀਦਾਸਨ ਅਤੇ ਕੰਬਦਾਸਨ, ਮਲਿਆਲਮ ਵਿਚ ਵੱਲਤੋਲ, ਜੀ ਸ਼ੰਕਰ ਕੁਰੂਪ, ਕੰਨੜ ਵਿਚ ਰਾਮਚੰਦਰ ਬੇਂਦਰੇ, ਕੇ ਵੀ ਪੁਟੱਪਾ, ਗੋਪਾਲ ਕ੍ਰਿਸ਼ਨ ਅਡਿਗ, ਉੜੀਆ ਵਿਚ ਸ਼ਚੀਰਾਉਤਰਾਇ, ਕਾਲਿੰਦੀ ਚਰਣ ਪਾਣਿਗ੍ਰਾਹੀ, ਅਸਾਮੀ ਵਿਚ ਲਕਸ਼ਮੀ ਬੇਜ਼ਬਰੂਆ ਤੇ ਨਵਕਾਂਤ ਬਰੂਆ, ਗੁਜਰਾਤੀ ਵਿਚ ਉਮਾਸ਼ੰਕਰ ਜੋਸ਼ੀ, ਮੇਘਾਣੀ ਤੇ ਸੁੰਦਰਮ, ਮਰਾਠੀ ਵਿਚ ਸ਼ਰਤ ਚੰਦਰ ਮੁਕਤੀਬੋਧ, ਵ੍ਰਿੰਦਾ ਕਰੰਦੀਕਰ, ਨਰਾਇਣ ਸੁਰਵੇ, ਸਿੰਧੀ ਵਿਚ ਕਿਸ਼ਨ ਚੰਦ ਬੇਬਸ, ਰਾਮ ਪੰਜਵਾਣੀ, ਕਸ਼ਮੀਰੀ ਵਿਚ ਮਹਿਜੂਰ, ਦੀਨਾਨਾਥ ਨਾਦਿਮ, ਉਰਦੂ ਵਿਚ ਫ਼ੈਜ਼ ਅਹਿਮਦ ਫ਼ੈਜ਼, ਫਿਰਾਕ ਗੋਰਖਪੁਰੀ, ਜੋਸ਼ ਮਲੀਹਾਬਾਦੀ, ਅਲੀ ਸਰਦਾਰ ਜਾਅਫਰੀ, ਅਕਬਰ ਅਲਾਹਾਬਾਦੀ, ਇਕਬਾਲ, ਅਖਤੁਰ ਉਲ ਇਮਾਨ, ਜਾਂਨਿਸਾਰ ਅਖਤਰ, ਕੈਫ਼ੀ ਆਜ਼ਮੀ, ਜਿਗਰ ਮੁਰਾਦਾਬਾਦੀ, ਮਜਾਜ਼, ਸਾਹਿਰ ਲੁਧਿਆਨਵੀ, ਹਿੰਦੀ ਵਿਚ ਸੁਮਿਤਰਾਨੰਦਨ ਪੰਤ, ਨਿਰਾਲਾ, ਨਾਗਾਰੁਜਨ, ਕੇਦਾਰਨਾਥ ਅੱਗਰਵਾਲ, ਮੁਕਤੀਬੋਧ ਤ੍ਰਿਲੋਚਨ, ਸਰਵੇਸ਼ਅਰ ਦਿਆਲ ਸਕਸੈਨਾ, ਸ਼ੀਲ, ਸ਼ੈਲੇਂਦਰ, ਰਘਵੀਰ ਸਹਾਇ ਧੂਮਿਲ, ਸ਼ਿਵਮੰਗਲ ਸਿੰਘ ਮੁਮਨ, ਨਰੇਂਦਰ ਸ਼ਰਮਾ, ਰਾਮੇਸ਼ਵਰ ਸੁਕਲ ਅੰਚਲ ਆਦਿ ਕਵੀਆਂ ਨੇ ਭਾਰਤ ਦੀ ਪੱਧਰ 'ਤੇ ਪ੍ਰਗਤੀਵਾਦੀ ਧਾਰਾ ਨੂੰ ਮਾਣਯੋਗ ਸਥਾਨ ਦੁਆਇਆ। ਇਸੇ ਦੌਰਾਨ ਪੰਜਾਬੀ ਵਿਚ ਮੋਹਨ ਸਿੰਘ ਦੇ ਨਾਲ ਨਾਲ ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਤੇਰਾ ਸਿੰਘ ਚੰਨ ਅਤੇ ਪਿਆਰਾ ਸਿੰਘ ਸਹਿਰਾਈ ਵਰਗੇ ਕਵੀਆਂ ਨੇ ਇਸ ਧਾਰਾ ਨੂੰ ਮਜ਼ਬੂਤ ਰੂਪ ਦਿੱਤਾ।

1956 ਵਿਚ ਪ੍ਰਗਤੀਵਾਦੀ ਧਾਰਾ ਦੇ ਕੁਝ ਕਮਜ਼ੋਰ ਪੈਣ ਅਤੇ ਦੂਜੀਆਂ ਸਾਹਿਤਕ ਪ੍ਰਵਿਰਤੀਆਂ ਦੇ ਉਭਰਣ ਬਾਅਦ ਵੀ ਪ੍ਰਗਤੀਵਾਦੀ ਧਾਰਾ ਦੇ ਕਵੀ ਤੇ ਲੇਖਕ ਸਾਰੀਆਂ ਹੀ ਜ਼ਬਾਨਾਂ ਵਿਚ ਸਾਹਿਤ ਰਚਦੇ ਰਹੇ ਅਤੇ 1970 ਤੋਂ ਬਾਅਦ ਫਿਰ ਉਭਰੀ ਕ੍ਰਾਂਤੀਕਾਰੀ ਸਾਹਿਤ ਜਾਂ ਜੁਝਾਰਵਾਦੀ ਸਾਹਿਤ ਦੀ ਲਹਿਰ ਦੌਰਾਨ ਆਪਣੀ ਪਿਛਲੀ ਸਥਾਪਤ ਪਰੰਪਰਾ ਨੂੰ ਉਹਨਾਂ ਹੋਰ ਵਿਕਸਿਤ ਕੀਤਾ। ਪੰਜਾਬੀ ਵਿਚ ਉਭਰੀ ਇਸ ਲਹਿਰ ਦੇ ਕਵੀਆਂ ਨਾਲ ਮੋਹਨ ਸਿੰਘ ਦਾ ਸੰਵਾਦ ਰਿਹਾ ਅਤੇ ਆਪਣੀਆਂ 1970 ਤੋਂ ਬਾਅਦ ਦੀਆਂ ਕਵਿਤਾਵਾਂ ਵਿਚ ਮੋਹਨ ਸਿੰਘ ਨੇ ਇਸ ਧਾਰਾ ਦਾ ਖ਼ੈਰ-ਮਕੱਦਮ ਵੀ ਕੀਤਾ।

ਪ੍ਰੋ ਮੋਹਨ ਸਿੰਘ ਦੁਆਰਾ ਰਚਿਤ ਪੰਜਾਬੀ ਕਵਿਤਾ ਵਿਚ ਵਧੇਰੇ ਕਰਕੇ ਭਾਰਤੀ ਪ੍ਰਗਤੀਵਾਦੀ ਕਵਿਤਾ ਵਾਲੇ ਹੀ ਲੱਛਣ ਤੇ ਗੁਣ ਮਿਲਦੇ ਹਨ। ਮੋਹਨ ਸਿੰਘ ਦੀ ਕਵਿਤਾ ਵਿਚ ਜੋ ਪਛਾਣਯੋਗ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ, ਉਹ ਇਸ ਪ੍ਰਕਾਰ ਹਨ:

ਸਾਮਰਾਜ/ਬਸਤੀਵਾਦ ਦਾ ਵਿਰੋਧ ਅਤੇ ਦੇਸ਼ਭਗਤੀ ਦੀ ਭਾਵਨਾ
ਬਦੇਸ਼ੀ ਤੇ ਦੇਸ਼ੀ ਹਾਕਮਾਂ ਦੇ ਲੋਕਾਈ 'ਤੇ ਕੀਤੇ ਜ਼ੁਲਮਾਂ ਦਾ ਵਿਰੋਧ
ਮਿਹਨਤਕਸ਼ ਲੋਕਾਈ ਦੇ ਸੰਘਰਸ਼ਾਂ ਦਾ ਚਿੱਤਰਣ
ਸਿਆਸੀ ਸੂਝ ਦੀ ਸਪਸ਼ਟਤਾ
ਸਮਾਜਵਾਦੀ ਇਨਕਲਾਬ ਦੀ ਤਾਂਘ

ਇਨ੍ਹਾਂ ਪੱਖਾਂ ਤੋਂ ਇਲਾਵਾ ਕੁਝ ਹੋਰ ਪੱਖ ਵੀ ਮੋਹਨ ਸਿੰਘ ਦੀ ਕਵਿਤਾ ਵਿਚ ਮਿਲਦੇ ਹਨ ਜਿਵੇਂ ਰੁਮਾਂਸ ਅਤੇ ਇਸਤਰੀ ਦੇ ਭਰਪੂਰ ਜੋਬਨ ਦੀ ਖਿੱਚ ਅਤੇ ਪ੍ਰਕਿਰਤੀ ਦੀ ਸੁੰਦਰਤਾ ਦਾ ਦਿਲਕਸ਼ ਬਿਆਨ। ਇਹਨਾਂ ਪੱਖਾਂ ਨੂੰ ਉਘਾੜਨ ਵਾਲੀਆਂ ਮੋਹਨ ਸਿੰਘ ਦੀਆਂ ਕਈ ਕਵਿਤਾਵਾਂ ਤਾਂ ਕਲਾਸਿਕ ਪੱਧਰ ਦੀਆਂ ਕਵਿਤਾਵਾਂ ਬਣ ਗਈਆਂ ਹਨ। ਮੋਹਨ ਸਿੰਘ ਨੇ ਆਪਣੇ ਭਾਵਾਂ ਨੂੰ ਕਾਵਿ ਰੂਪ ਦੇਣ ਲਈ ਖੁੱਲ੍ਹੀ ਕਵਿਤਾ ਤੋਂ ਇਲਾਵਾ ਗੀਤ ਤੇ ਗ਼ਜ਼ਲ ਰੂਪ ਨੂੰ ਵੀ ਅਪਨਾਇਆ। ਵਧੇਰੇ ਕਰਕੇ ਮੋਹਨ ਸਿੰਘ ਨੇ ਛੋਟੀਆਂ ਕਵਿਤਾਵਾਂ ਹੀ ਲਿਖੀਆਂ ਹਨ, ਪਰ ਕੁਝ ਲੰਮੀਆਂ ਕਵਿਤਾਵਾਂ ਦੀ ਰਚਨਾ ਵੀ ਉਸ ਨੇ ਕੀਤੀ ਹੈ। ਖੁੱਲ੍ਹੀ ਤੇ ਛੰਦ ਰਹਿਤ ਕਵਿਤਾ ਵਿਚ ਵੀ ਮੋਹਨ ਸਿੰਘ ਨੇ ਗੀਤਾਂ ਵਰਗੀ ਲੈਅ ਸਿਰਜੀ ਹੈ। ਇਸੇ ਲਈ ਮੋਹਨ ਸਿੰਘ ਦੀ ਕਵਿਤਾ ਸਾਧਾਰਣ ਪਾਠਕਾਂ ਵਿਚ ਵੀ ਮਕਬੂਲ ਹੋਈ ਅਤੇ 'ਅੰਬੀ ਦਾ ਬੂਟਾ' ਵਰਗੀਆਂ ਕਵਿਤਾਵਾਂ ਨੂੰ ਤਾਂ ਫਿਲਮੀ ਰੂਪ ਵੀ ਦਿੱਤਾ ਗਿਆ।

ਮੋਹਨ ਸਿੰਘ ਦੀ ਕਵਿਤਾ ਸੰਬੰਧੀ ਪੰਜਾਬੀ ਵਿਚ ਕਈ ਪ੍ਰਸਿੱਧ ਤੇ ਘੱਟ ਪ੍ਰਸਿੱਧ ਆਲੋਚਕਾਂ ਨੇ ਮੁਲਅੰਕਨ ਕੀਤਾ ਹੈ, ਪਰ ਸਮੁੱਚੀ ਭਾਰਤੀ ਕਵਿਤਾ ਦੇ ਪ੍ਰਸੰਗ ਵਿਚ ਮੋਹਨ ਸਿੰਘ ਦਾ ਜੋ ਸਥਾਨ ਬਣਦਾ ਸੀ, ਉਹ ਉਸਨੂੰ ਨਹੀਂ ਮਿਲਿਆ।

ਮੋਹਨ ਸਿੰਘ ਦੀ ਕਵਿਤਾ ਦਾ ਸਭ ਤੋਂ ਵੱਧ ਤਾਕਤਵਰ ਪੱਖ ਉਸਦੀਆਂ ਕਵਿਤਾਵਾਂ ਰਾਹੀਂ ਉਭਰੀ ਪ੍ਰਗਤੀਵਾਦੀ ਸੋਚ ਹੀ ਹੈ। 'ਸਾਵੇ ਪੱਤਰ' ਸੰਗ੍ਰਹਿ ਤੋਂ ਹੀ ਉਸਦੀ ਪ੍ਰਗਤੀਵਾਦੀ ਸੋਚ ਕਾਵਿ ਰੂਪ ਲੈਣਾ ਆਰੰਭ ਕਰ ਦਿੰਦੀ ਹੈ। ਇਸ ਸੰਗ੍ਰਹਿ ਦੀ 'ਰੱਬ' ਕਵਿਤਾ ਰਾਹੀਂ ਉਹ ਅਧਿਆਤਮਵਾਦੀ ਚਿੰਤਨ ਬਾਰੇ ਪ੍ਰਸ਼ਨ-ਚਿੰਨ੍ਹ ਖੜ੍ਹੇ ਕਰਦਾ ਹੈ ਜਦ ਉਹ ਇਹ ਕਹਿੰਦਾ ਹੈ ਕਿ :

*ਰੱਬ ਇਕ ਗੁੰਝਲਦਾਰ ਬੁਝਾਰਤ/ਰੱਬ ਇਕ ਗੋਰਖ ਧੰਦਾ*

ਅਤੇ ਪਾਠਕ ਵਿਚ ਆਲੋਚਨਾਤਮਕ ਵਿਵੇਕ ਪੈਦਾ ਕਰਨ ਦੇ ਮਨਸ਼ੇ ਨਾਲ ਲਿਖਦਾ ਹੈ:

*ਲਾਈ ਲੱਗ ਮੋਮਿਨ ਦੇ ਨਾਲੋਂ ਖੋਜੀ ਕਾਫਰ ਚੰਗਾ*

ਇਸੇ ਤਰ੍ਹਾਂ 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' ਕਵਿਤਾ ਵਿਚ ਕਵੀ ਫਿਰਕੂ ਹਿੰਸਾ, ਗੁਲਾਮੀ ਤੇ ਗ਼ਰੀਬੀ ਖਿਲਾਫ ਤਕੜੇ ਸੁਰ ਵਿਚ ਆਵਾਜ਼ ਉਠਾਉਂਦਾ ਹੈ:

*ਜਿੱਥੇ ਮਜ਼ਹਬਾਂ ਦੇ ਨਾਂ ਥੱਲੇ, ਦਰਿਆ ਕਈ ਖ਼ੂਨ ਦੇ ਚੱਲੇ*

ਅਤੇ ਚਾਹੁੰਦਾ ਹੈ ਕਿ

*ਚਾਰੇ ਤਰਫ ਆਜ਼ਾਦੀ ਹੋਵੇ, ਮੂਲ ਨਾ ਕੋਈ ਮੁਥਾਜੀ ਹੋਵੇ*
*ਇਸੇ ਆਜ਼ਾਦ ਫਿਜ਼ਾ ਦੇ ਅੰਦਰ, ਮੈਂ ਇਕ ਦੁਨੀਆਂ ਨਵੀਂ ਵਸਾਂ*

ਸੋ ਪਹਿਲੇ ਕਾਵਿ ਸੰਗ੍ਰਹਿ ਤੋਂ ਹੀ ਮੋਹਨ ਸਿੰਘ ਦੀ ਚੇਤਨਾ ਇਕ ਨਵੇਂ ਸੰਸਾਰ ਦੇ ਨਿਰਮਾਣ ਦਾ ਸੁਪਨਾ ਵੇਖਦੀ ਹੈ, ਜਿੱਥੇ ਆਜ਼ਾਦੀ ਵੀ ਹੋਵੇ ਤੇ ਇਨਸਾਨੀ ਲੋੜਾਂ ਦੀ ਪੂਰਤੀ ਵੀ ਹੋਵੇ। ਏਸ ਕਵਿਤਾ ਦੇ ਪ੍ਰਸੰਗ ਵਿਚ ਪਾਸ਼ ਦੀ ਕਵਿਤਾ 'ਬੇਦਖ਼ਲੀ ਲਈ ਬਿਨੈ ਪੱਤਰ' ਵੀ ਰੱਖਕੇ ਦੇਖੀ ਜਾ ਸਕਦੀ ਹੈ। ਪਾਸ਼ ਦੀ ਕਵਿਤਾ ਦਾ ਸੁਰ ਕੁਝ ਵਧੇਰੇ ਤਿੱਖਾ ਹੈ, ਪਰ ਮੂਲ ਭਾਵ ਦੋਵਾਂ ਦੇ ਮਿਲਦੇ ਹਨ।

ਇਸੇ ਤਰ੍ਹਾਂ 'ਕਸੁੰਭੜਾ', 'ਅੱਧਵਾਟੇ', 'ਕੱਚ ਸੱਚ' ਤੇ 'ਵੱਡਾ ਵੇਲਾ' ਸੰਗ੍ਰਹਿ ਰਾਹੀਂ ਮੋਹਨ ਸਿੰਘ ਦੀ ਪ੍ਰਗਤੀਵਾਦੀ ਸੋਚ ਹੋਰ ਸਪਸ਼ਟ ਰੂਪ ਅਖਤਿਆਰ ਕਰਦੀ ਹੈ ਅਤੇ ਨਵੀਂ ਬਿੰਬਾਵਲੀ ਵੀ ਸਿਰਜਦੀ ਹੈ। ਜਿਵੇਂ 'ਲੋਹਾ' ਕਵਿਤਾ ਫਿਰ ਪਾਸ਼ ਦੀ ਲੋਹਾ ਕਵਿਤਾ ਦੇ ਸਨਮੁੱਖ ਰੱਖਕੇ ਦੇਖੀ ਜਾ ਸਕਦੀ ਹੈ। ਮੋਹਨ ਸਿੰਘ ਕਹਿੰਦਾ ਹੈ :

*ਲੋਹਾ ਸਾਡਾ ਇਸ਼ਟ ਅਸੀਂ ਲੋਹੇ ਦੇ ਪੁਜਾਰੀ*
*ਲੋਹਾ ਸਾਡੀ ਮਾਂ ਅਸੀਂ ਲੋਹੇ ਦੇ ਜਾਏ*
*ਦਿਲ ਹੈ ਫੌਲਾਦੀ ਸਾਡਾ ਇਸਨੂੰ ਕੌਣ ਢਾਏ*

ਜਦਕਿ ਪਾਸ਼ ਕਹਿੰਦਾ ਹੈ :

*ਤੁਸੀਂ ਲੋਹੇ ਦੀ ਗੱਲ ਕਰਦੇ ਹੋ ਮੈਂ ਲੋਹਾ ਖਾਧਾ ਹੈ*

'ਦੋ ਟੋਟਿਆਂ ਵਿਚ ਭੋਂ ਟੁੱਟੀ', ਮੋਹਨ ਸਿੰਘ ਦੀ ਪ੍ਰਸਿੱਧ ਕਵਿਤਾ ਹੈ, ਜਿਸ ਵਿਚ ਜਮਾਤਾਂ ਵਿਚ ਵੰਡੇ ਭਾਰਤੀ ਸਮਾਜ ਦਾ ਯਥਾਰਥ ਬਿਆਨ ਹੋਇਆ ਹੈ:

*ਦੋ ਟੋਟਿਆਂ ਵਿਚ ਭੋਂ ਟੁੱਟੀ, ਇਕ ਮਹਿਲਾਂ ਦਾ ਇਕ ਢੋਕਾਂ ਦਾ*
*ਦੋ ਧੜਿਆਂ ਵਿਚ ਖਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ*

ਸਾਮਰਾਜਵਾਦ ਤੇ ਬਸਤੀਵਾਦ ਖਿਲਾਫ ਭਾਰਤੀ ਲੋਕਾਂ ਦਾ ਸੰਘਰਸ਼ ਵੀ ਇਸ ਕਵਿਤਾ ਵਿਚ ਬਿਆਨ



ਹੋਇਆ ਹੈ:

*ਜਦ ਕਿਰਤੀ ਤੇ ਕਿਰਸਾਨ ਉਠੇ / ਕਾਲੀ ਤੇ ਬੋਲੀ ਰਾਤ ਮੁੱਕੀ*
*ਗੱਲ ਗਈ ਮਨੀਜੀ ਲੋਕਾਂ ਦੀ / ਤੇ ਸਾਮਰਾਜ ਦੀ ਬਾਤ ਮੁੱਕੀ*

ਸਾਮਰਾਜਵਾਦ ਦੀ ਹਾਰ ਤੇ ਸਮਾਜਵਾਦ ਦੀ ਜਿੱਤ ਦਾ ਵਰਣਨ ਮੋਹਨ ਸਿੰਘ ਨੇ 'ਮੌਲੀ ਮੁੜਕੇ ਧਰਤ ਚੀਨ ਦੀ' ਕਵਿਤਾ ਵਿਚ ਬੜਾ ਖੁੱਲ੍ਹ ਕੇ ਕੀਤਾ ਹੈ:

*ਲੋਕਾਂ ਦਾ ਪਿੜ ਐਸਾ ਬੱਧਾ, ਮਾਓ ਜੇ ਤੁੰਗ ਮਦਾਰੀ*
*ਤੀਹ ਹਜ਼ਾਰ ਸੱਪਾਂ ਦੀਆਂ ਸਿਰੀਆਂ, ਚਿੱਥੀਆਂ ਇਕੋ ਵਾਰੀ*

ਮੋਹਨ ਸਿੰਘ ਨੂੰ ਲੋਕਾਈ ਦੇ ਲਹੂ ਨਾਲ ਸਿਰਜੀ ਸੁੰਦਰਤਾ ਖਿੱਚ ਨਹੀਂ ਪਾਉਂਦੀ ਅਤੇ ਸਾਹਿਰ ਲੁਧਿਆਨਵੀ ਵਾਂਗ ਮੋਹਨ ਸਿੰਘ ਵੀ ਤਾਜਮਹੱਲ ਦੀ ਸੁੰਦਰਤਾ ਸੰਬੰਧੀ ਸਵਾਲ ਖੜ੍ਹੇ ਕਰਦਾ ਹੈ:

*ਕੀ ਉਹ ਹੁਸਨ ਹੁਸਨ ਹੈ ਸੱਚਮੁੱਚ, ਯਾ ਉਂਜੇ ਹੀ ਛਲਦਾ*
*ਲੱਖ ਗ਼ਰੀਬਾਂ ਮਜ਼ਦੂਰਾਂ ਦੇ, ਹੰਝੂਆਂ 'ਤੇ ਜੋ ਪਲਦਾ*

ਸਮਾਜਵਾਦੀ ਸਮਾਜ ਦੇ ਨਿਰਮਾਣ ਦੇ ਸੰਘਰਸ਼ ਲਈ ਉਹ ਕਲਮ ਨੂੰ ਦਾਤੀ, ਹਥੌੜੇ ਦੇ ਸਹਾਈ ਹਥਿਆਰ ਰੂਪ ਵਿਚ ਚਿਤਵਦਾ ਹੈ। ਤ੍ਰਿਸ਼ੂਲ ਕਵਿਤਾ ਵਿਚ ਉਹ ਕਹਿੰਦਾ ਹੈ:

*ਪਾਟੀ ਕਿਰਤ ਗੁਲਾਮੀ ਕਰਦੀ, ਜੁੜੀ ਜਿੱਤੇ ਬ੍ਰਹਿਮੰਡ ਓ ਯਾਰ*
*ਦਾਤੀਆਂ, ਕਲਮਾਂ ਅਤੇ ਹਥੌੜੇ, ਕੱਠੇ ਕਰ ਲਓ ਸੰਦ ਓ ਯਾਰ*
*ਤਕੜੀ ਇੱਕ ਤ੍ਰਿਸ਼ੂਲ ਬਣਾਓ, ਯੁੱਧ ਕਰੋ ਪ੍ਰਚੰਡ ਓ ਚਾਰ*
*ਜੇ ਜੈਕਾਰ ਕਿਰਤ ਦੀ ਹੋਵੇ, ਲੱਗੇ ਜ਼ੁਲਮ ਦੀ ਕੰਡ ਓ ਯਾਰ*

ਚੀਨੀ ਆਗੂ ਮਾਓ-ਜੇ ਤੁੰਗ ਤੋਂ ਮੋਹਨ ਸਿੰਘ ਕਾਫ਼ੀ ਪ੍ਰਭਾਵਤ ਸੀ। 1976 ਵਿਚ ਮਾਉ-ਜੇ ਤੁੰਗ ਦੇ ਦਿਹਾਂਤ 'ਤੇ ਉਹ ਫਿਰ ਉਸਨੂੰ ਡੂੰਘੇ ਭਾਵਾਂ ਨਾਲ ਸ਼ਰਧਾਂਜਲੀ ਭੇਂਟ ਕਰਦਾ ਹੈ। ਮਾਓ ਦੀ ਵਫਾਤ ਉਸ ਲਈ ਪਹਾੜ ਡਿੱਗਣ ਵਾਂਗ ਹੈ ਅਤੇ ਉਸਦੇ ਵਿਚਾਰਾਂ ਨੂੰ ਉਹ ਯਾਦ ਕਰਦਾ ਹੈ:

*ਮਾਓ ਦੇ ਵਿਚਾਰਾਂ ਵਿਚ*
*ਸਦੀਵੀ ਇਨਕਲਾਬ ਲਈ ਥਾਂ ਤਾਂ ਹੈ*
*ਸਦੀਵੀ ਸੋਗ ਲਈ ਕੋਈ ਥਾਂ ਨਹੀਂ*

ਇਹ ਕਵਿਤਾ ਮੋਹਨ ਸਿੰਘ ਦੇ ਆਖਰੀ ਸੰਗ੍ਰਹਿ 'ਬੂਹੇ' ਵਿਚ ਸ਼ਾਮਲ ਹੈ। ਇਸੇ ਸੰਗ੍ਰਹਿ ਵਿਚ ਸਮਾਜਵਾਦ ਪ੍ਰਤੀ ਆਪਣੀ ਡੂੰਘੀ ਨਿਸ਼ਠਾ ਉਹ ਫਿਰ ਦਰਸਾਉਂਦਾ ਹੈ:

*ਝੂਠੇ ਸਮਾਜਵਾਦ 'ਤੇ ਭੁੱਲਿਓ ਨਾ ਸਾਥੀਓ*
*ਜਿਉਂਦਾ ਬਦਲ ਕੇ ਭੇਸ ਅਜੇ ਤਕ ਕੁਬੇਰ ਹੈ*

ਅਤੇ ਅੱਜ ਦੇ ਹਿੰਦ-ਪਾਕ ਦੋਸਤੀ ਦੇ ਮਾਹੌਲ ਲਈ ਪੂਰੀ ਤਰ੍ਹਾਂ ਢੁਕਵੀਂ ਕਵਿਤਾ ਮੋਹਨ ਸਿੰਘ ਨੇ 1973 ਵਿਚੋਂ ਹੀ ਲਿਖ ਦਿੱਤੀ ਸੀ :

*ਕੀ ਹੋਇਆ ਜੇ ਬੂਹੇ ਪੂਰੇ ਖੁੱਲ੍ਹੇ ਨਾ*
*ਸ਼ੀਸ਼ਾਂ ਵਿਚੋਂ ਰੌਸ਼ਨੀਆਂ ਤਾਂ ਆਈਆਂ ਨੇ*

ਮੋਹਨ ਸਿੰਘ ਦੇ ਹਰ ਸੰਗ੍ਰਹਿ ਵਿਚ ਪ੍ਰਗਤੀਵਾਦੀ ਵਿਚਾਰਾਂ ਨਾਲ ਸਰਾਬੋਰ ਕਵਿਤਾਵਾਂ ਮਿਲਦੀਆਂ ਹਨ- 'ਜੈ ਮੀਰ' ਹੋਵੇ ਜਾਂ 'ਜੰਦਰੇ' ਜਾਂ 'ਆਵਾਜ਼ਾਂ'। 'ਸੱਜਣ ਸਿੰਘ ਦੀ ਵਾਰ' ਹੋਵੇ ਜਾਂ 'ਮੰਗਲੀ', 'ਅਮਲ' ਹੋਵੇ ਜਾਂ ਅਮਨ ਲਹਿਰ ਬਾਰੇ ਕਵਿਤਾਵਾਂ। 'ਜੈ ਮੀਰ' ਸੰਗ੍ਰਹਿ ਵਿਚ ਕਵੀ ਨੇ 1896 ਵਿਚ ਸ਼ਹੀਦ ਕੀਤੇ ਫਿਲਪੀਨੀ ਦੇਸ਼ਭਗਤ ਡਾ ਜੋਜ਼ੇ ਰਿਜਾਲ ਦੀ ਮੌਤ ਤੋਂ ਇਕ ਦਿਨ ਪਹਿਲਾਂ ਲਿਖੀ ਕਵਿਤਾ ਦਾ ਅਨੁਵਾਦ ਵੀ ਸ਼ਾਮਲ ਕੀਤਾ ਹੈ।

ਇਸਤਰੀ ਅਤੇ ਪ੍ਰਕਿਰਤੀ ਪ੍ਰਤੀ ਮੋਹਨ ਸਿੰਘ ਦੀ ਰੁਮਾਂਸ ਭਰੀ ਖਿੱਚ ਵੀ ਲਗਪਗ ਸਾਰੇ ਹੀ

ਕਾਵਿ-ਸੰਗ੍ਰਹਿਾਂ ਵਿਚ ਸ਼ਿੱਦਤ ਨਾਲ ਬਿਆਨ ਹੋਈ ਹੈ।

'ਅਧਵਾਟੇ' ਕਵਿਤਾ ਵਿਚ ਕਵੀ ਆਪਣੀ ਪ੍ਰੇਮਿਕਾ ਲਈ ਕਿੰਨਾ ਬੇਹਾਲ ਹੈ:

*ਅੱਜ ਮਿਲੇਂ ਤਾਂ ਜੀਵਾਂ, ਹੁਣੇ ਈ ਮਿਲੇਂ ਤਾਂ ਮੈਂ ਜੀਵਾਂ*

ਮੋਹਨ ਸਿੰਘ ਦੇ ਰੁਮਾਂਸ ਭਰੇ ਗੀਤ ਇਹਨਾਂ ਭਾਵਾਂ ਨੂੰ ਬਿਆਨ ਕਰਨ ਵਾਲੇ ਹਨ:

*ਅੱਜ ਕੋਈ ਆਇਆ ਸਾਡੇ ਵਿਹੜੇ, ਤੱਕਣ ਚੰਨ ਸੂਰਜ ਢੁਕ ਢੁਕ ਨੇੜੇ।*

ਜਾਂ ਫਿਰ:

*ਸਿਰ 'ਤੇ ਚੁੱਕੀ ਪੰਡ ਘਾਹ ਦੀ, ਪੈਲਾਂ ਪਾਂਦੀ*
*ਡੋਲੇ ਖਾਂਦੀ, ਆਈ ਕੁੜੀ ਪੋਠੋਹਾਰ ਦੀ*

ਅਤੇ

*ਮੈਂ ਜੀਵਾਂ ਇਕ ਕੁੜੀ ਲਈ, ਮੈਂ ਥੀਵਾਂ ਇਕ ਕੁੜੀ ਲਈ*
*ਜੇ ਤੂੰ ਬਹਿ ਵੰਞੇਂ ਮੇਰੇ ਕੋਲ*
*ਸੱਤ ਬਹਿਸ਼ਤਾਂ ਦੇਣ ਜੇ ਮੈਨੂੰ*
*ਛੱਡ ਸੁੱਟਾਂ ਮੈਂ ਡੋਲ*

'ਅੰਬੀ ਦਾ ਬੂਟਾ' ਤਾਂ ਆਪਣੇ ਰੁਮਾਂਸਵਾਦੀ ਭਾਵਾਂ ਕਾਰਣ ਹੀ ਪ੍ਰਸਿੱਧ ਹੈ। ਮੋਹਨ ਸਿੰਘ ਦਾ ਪ੍ਰਕਿਰਤੀ ਪ੍ਰੇਮ 'ਕਸ਼ਮੀਰ' ਅਤੇ 'ਸਾਡੇ ਖੂਹ 'ਤੇ ਵੱਸਦਾ ਰੱਬ ਨੀ' ਵਰਗੀਆਂ ਕਵਿਤਾਵਾਂ ਵਿਚ ਝਲਕਦਾ ਹੈ। 'ਕਸ਼ਮੀਰ' ਕਵਿਤਾ ਵਿਚ ਉਹ ਕਹਿੰਦਾ ਹੈ:

*ਪਹਿਲਗਾਮ ਦੀ ਸੁੰਦਰ ਵਾਦੀ ਚੀਲਾਂ ਨਾਲ ਸ਼ਿੰਗਾਰੀ*
*ਦੋ ਨਦੀਆਂ ਰਲ ਵਗਦੀਆਂ ਜਿੱਥੇ ਇਕ ਸੋਹਣੀ ਇਕ ਪਿਆਰੀ*

ਆਪਣੇ ਸਮੇਂ ਦੇ ਪੰਜਾਬੀ ਕਵੀਆਂ ਵਿਚੋਂ ਮੋਹਨ ਸਿੰਘ ਦੀ ਕਵਿਤਾ ਵਿਚ ਹੀ ਸਭ ਤੋਂ ਵੱਧ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਭਾਵਾਂ ਤੇ ਪਰਿਪੇਖ ਦਾ ਚਿਤਰਣ ਹੋਇਆ ਹੈ। ਮੋਹਨ ਸਿੰਘ ਅਫਰੀਕਾ ਦੀ ਗੱਲ ਕਰਦਾ ਹੈ ਤੇ ਸਮਾਜਵਾਦੀ ਦੇਸ਼ਾਂ ਦੀ ਵੀ। ਇਝ ਹੀ ਮੋਹਨ ਸਿੰਘ ਉਹਨਾਂ ਥੋੜ੍ਹੇ ਜਿਹੇ ਪੰਜਾਬੀ ਕਵੀਆਂ ਵਿਚੋਂ ਹੈ, ਜਿਨ੍ਹਾਂ ਮਹਾਤਮਾ ਗਾਂਧੀ 'ਤੇ ਵੀ ਕਵਿਤਾ ਲਿਖੀ ਹੈ ਅਤੇ ਕਾਲੀਦਾਸ 'ਤੇ ਵੀ।

ਮੋਹਨ ਸਿੰਘ ਦੀ ਕਵਿਤਾ ਵਿਚ 'ਸਾਵੇ ਪੱਤਰ' ਤੋਂ ਜੋ ਕਲਾਤਮਕ ਪਰਪੱਕਤਾ ਮਿਲਦੀ ਹੈ, ਉਹ 'ਬੂਹੇ' ਤਕ ਜਾਰੀ ਰਹਿੰਦੀ ਹੈ। ਮੋਹਨ ਸਿੰਘ ਰਚਿਤ ਲਗਪਗ 250 ਕਵਿਤਾਵਾਂ ਅਤੇ ਪੰਜਾਹ ਦੇ ਕਰੀਬ ਗੀਤ-ਗ਼ਜ਼ਲਾਂ ਵਿਚ ਵਿਸ਼ੇ ਤੇ ਰੂਪ ਦਾ ਸੁਮੇਲ ਮਿਲਦਾ ਹੈ। ਛੋਟੀਆਂ ਕਵਿਤਾਵਾਂ ਦੇ ਕਵੀ ਮੋਹਨ ਸਿੰਘ ਨੇ ਬਾਬੇ ਨਾਨਕ ਦੀ ਪੰਜ ਸੌਵੀਂ ਜਨਮ ਵਰ੍ਹੇ ਗੰਢ ਮੌਕੇ ਛੇ ਸਰਗਾਂ ਵਿਚ ਦੋ ਸੌ ਤੋਂ ਵੱਧ ਸਫਿਆਂ ਦਾ ਮਹਾਂਕਾਵਿ ਲਿਖ ਕੇ ਕਵਿਤਾ ਦੇ ਹਰ ਪੱਖ 'ਤੇ ਆਪਣੀ ਪਕੜ ਹੋਣ ਦਾ ਪ੍ਰਮਾਣ ਦਿੱਤਾ।

ਪ੍ਰੋ: ਮੋਹਨ ਸਿੰਘ ਨੂੰ 'ਵੱਡਾ ਵੇਲਾ' ਸੰਗ੍ਰਹਿ ਲਈ 1960 ਦਾ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਅਤੇ 1968 ਵਿਚ 'ਜੈ ਮੀਰ' ਸੰਗ੍ਰਹਿ ਲਈ ਸੋਵੀਅਤ ਲੈਂਡ ਪੁਰਸਕਾਰ। ਭਾਸ਼ਾ ਵਿਭਾਗ ਵੱਲੋਂ ਉਸਨੂੰ 1953 ਵਿਚ ਹੀ ਸਨਮਾਨ ਦਿੱਤਾ ਜਾ ਚੁੱਕਿਆ ਸੀ। ਪਰ ਰਾਸ਼ਟਰੀ ਪੱਧਰ 'ਤੇ ਮੋਹਨ ਸਿੰਘ ਦੀ ਕਵਿਤਾ ਨੂੰ ਜੋ ਮਾਣਤਾ ਪ੍ਰਾਪਤ ਹੋਣੀ ਚਾਹੀਦੀ ਸੀ, ਉਹ ਹਾਲੀ ਤਕ ਨਹੀਂ ਮਿਲੀ ਹੈ। ਉਸਦੀ ਕਵਿਤਾ ਦੇ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਵੀ ਘੱਟ ਹੋਏ ਹਨ। ਅਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਪਾਸ਼ ਤੇ ਪਾਤਰ ਨੇ ਅਨੁਵਾਦਾਂ ਕਾਰਣ ਰਾਸ਼ਟਰੀ ਪੱਧਰ 'ਤੇ ਵਧੇਰੇ ਪ੍ਰਸਿੱਧੀ ਹਾਸਲ ਕੀਤੀ ਹੈ। ਪ੍ਰੋ: ਪੂਰਨ ਸਿੰਘ, ਬਾਵਾ ਬਲਵੰਤ ਅਤੇ ਪ੍ਰੋ: ਮੋਹਨ ਸਿੰਘ ਵੀ ਇੰਨੀ ਹੀ ਜਾਂ ਇੰਨ੍ਹਾਂ ਤੋਂ ਵੱਧ ਮਾਣਤਾ ਅਤੇ ਮਾਣ-ਤਾਣ ਦੇ ਹੱਕਦਾਰ ਕਵੀ ਹਨ। ਪ੍ਰੋ: ਮੋਹਨ ਸਿੰਘ ਜਨਮ ਸ਼ਤਾਬਦੀ ਮੌਕੇ ਇਹ ਖੁੰਝੇ ਫਰਜ਼ ਪੂਰੇ ਕਰਨੇ ਬਣਦੇ ਹਨ।❑❑

[ਭਾਰਤੀ ਭਾਸ਼ਾ ਕੇਂਦਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿਲੀ-110 067]



# ਸਾਧੂ ਬਿਨਿੰਗ ਦੇ ਗਲਪ ਅਤੇ ਕਾਵਿ ਦਾ ਵਸਤੂ ਸੰਬਾਦ

**ਚੰਦਰ ਮੋਹਨ**

ਸਾਧੂ ਬਿਨਿੰਗ ਕੈਨੇਡਾ ਦੀ ਧਰਤੀ ਉੱਤੇ ਪੱਕੇ ਪੈਰੀਂ ਵਸਿਆ ਹੋਇਆ ਬਹੁ-ਵਿਧਾਈ ਪੰਜਾਬੀ ਲੇਖਕ ਹੈ। 1967 ਵਿਚ ਕੈਨੇਡਾ ਪਰਵਾਸ ਕਰਨ ਤੋਂ ਬਾਅਦ ਸਾਧੂ ਬਿਨਿੰਗ ਨੇ ਆਪਣੀ ਸਮਾਜ-ਸ਼ਾਸਤਰੀ ਸੂਝ ਨਾਲ ਪਕਾਏ ਅਨੁਭਵ ਦੇ ਆਧਾਰ ਉੱਤੇ ਪੰਜਾਬੀ ਵਿਚ ਅੱਠ ਮੌਲਿਕ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਵਿਚੋਂ ਤਿੰਨ ਕਾਵਿ ਪੁਸਤਕਾਂ : 'ਸੋਨੇ ਰੰਗੀ ਸੜਕ' (1976), 'ਰਿਸ਼ਤੇ ਦਰਿਆਵਾਂ ਦੇ' (1990) ਅਤੇ 'ਯਾਰ ਮੇਰਾ ਦਰਿਆ' (2001) ਹਨ, ਦੋ ਕਥਾ ਪੁਸਤਕਾਂ : 'ਕਿਸਦਾ ਕਸੂਰ' (1982) ਅਤੇ 'ਲੀਹੋਂ ਲੱਥੇ' (1994) ਹਨ। ਇਕ ਅਦੁੱਤੀ ਗਲਪ ਕਿਰਤ 'ਜੁਗਤੂ' (2002) ਹੈ। ਸੁਖਵੰਤ ਹੁੰਦਲ ਨਾਲ ਰਲ ਕੇ ਸਾਧੂ ਬਿਨਿੰਗ ਨੇ ਇਕ ਨਾਟਕ ਸੰਗ੍ਰਹਿ 'ਪਿਕਟ ਲਾਈਨ' (1995) ਛਪਵਾਇਆ ਹੈ। ਸੁਖਵੰਤ ਹੁੰਦਲ ਨਾਲ ਮਿਲ ਕੇ ਹੀ ਖੋਜ ਦੀਆਂ ਦੋ ਪੁਸਤਕਾਂ ਵੀ ਲਿਖੀਆਂ :'ਭਾਰਤੀਆਂ ਨੇ ਕੈਨੇਡਾ ਵਿਚ ਵੋਟ ਦਾ ਹੱਕ ਕਿਵੇਂ ਲਿਆ' (1997) ਅਤੇ 'ਸੰਘਰਸ਼ ਦੇ ਸੌ ਵਰ੍ਹੇ: ਕੈਨੇਡਾ ਵਿਚ ਪੰਜਾਬੀ ਪ੍ਰਗਤੀਸ਼ੀਲ ਲਹਿਰ' (2000)। ਦੋਵੇਂ ਖੋਜ ਪੁਸਤਕਾਂ ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਖੋਜ ਕਰਨ ਵਾਲੇ ਵਿਅਕਤੀਆਂ ਲਈ ਮੀਲ-ਪੱਥਰ ਹਨ।

ਹੱਥਲੇ ਨਿਬੰਧ ਵਿਚ ਵੀ ਇਨ੍ਹਾਂ ਮੀਲ-ਪੱਥਰਾਂ ਤੋਂ ਮਦਦ ਲੈ ਕੇ ਸਾਧੂ ਬਿਨਿੰਗ ਦੇ ਗਲਪ ਅਤੇ ਕਾਵਿ ਵਸਤੂ ਦਾ ਸੰਬਾਦ ਸਾਹਿਤ ਦੀ ਸੰਬਾਦਕਤਾ ਦੇ ਸੰਦਰਭ ਵਿਚ ਰਚਾਇਆ ਗਿਆ ਹੈ। ਕਿਸੇ ਇਕ ਸਾਹਿਤ-ਰੂਪ ਦਾ ਦੂਸਰੇ ਸਾਹਿਤ-ਰੂਪ ਦੀ ਵਸਤੂ ਨਾਲ ਜਾਂ ਸਾਹਿਤ ਦਾ ਸਮਾਜ ਨਾਲ ਸੰਬਾਦਕੀ ਰਿਸ਼ਤਾ ਸਥਾਪਤ ਕਰਨ ਸਮੇਂ ਲੇਖਕ ਦੀ ਸਮਾਜ ਪ੍ਰਤੀ ਦ੍ਰਿਸ਼ਟੀਗਤ ਪਹੁੰਚ ਅਧਿਐਨ ਦੇ ਕੇਂਦਰ ਵਿਚ ਰਹਿੰਦੀ ਹੈ ਕਿਉਂਕਿ ਸਾਹਿਤ ਨੂੰ ਸਮਾਜਕ ਸੱਚ ਦਾ ਰੂਪ ਲੇਖਕ ਦੀ ਸਮਾਜਕ ਦ੍ਰਿਸ਼ਟੀ ਹੀ ਬਣਾਉਂਦੀ ਹੈ। ਜਦੋਂ ਲੇਖਕ ਦੀ ਦ੍ਰਿਸ਼ਟੀ ਹੀ ਸਾਹਿਤ ਅਤੇ ਸਮਾਜ ਦਾ ਤਾਲਮੇਲ ਵਾਲਾ ਰਿਸ਼ਤਾ ਸਥਾਪਤ ਕਰਦੀ ਹੈ। ਜਦੋਂ ਕਿਸੇ ਕਲਾ ਕਿਰਤ ਦੀ ਵਸਤੂ ਉਪਰ ਵਿਚਾਰ ਕੀਤੀ ਜਾਂਦੀ ਹੈ ਤਾਂ ਉਸ ਵਿਚਾਰ-ਚਰਚਾ ਵਿਚ ਹੀ ਉਸਦੇ ਰੂਪ ਦੀ ਚਰਚਾ ਵੀ ਸ਼ਾਮਲ ਹੁੰਦੀ ਹੈ। ਦੋ ਵਿਭਿੰਨ ਸਾਹਿਤ-ਰੂਪਾਂ ਦਾ ਵਸਤੂ ਸੰਬਾਦ ਇਸ ਮਾਨਤਾ ਉਤੇ ਅਧਾਰਤ ਹੈ ਕਿ ਇਕ ਸਾਹਿਤ-ਰੂਪ ਨੂੰ ਦੂਸਰੇ ਸਾਹਿਤ-ਰੂਪ ਰਾਹੀਂ ਵਧੇਰੇ ਚੰਗੀ ਤਰ੍ਹਾਂ ਜਾਣਿਆਂ ਤੇ ਸਮਝਿਆ ਜਾ ਸਕਦਾ ਹੈ।

ਅਸੀਂ ਆਪਣੀ ਗੱਲ ਸਾਧੂ ਬਿਨਿੰਗ ਦੀ ਬਹੁ-ਚਰਚਿਤ ਕਹਾਣੀ 'ਲੀਹੋਂ ਲੱਥੇ' ਤੋਂ ਸ਼ੁਰੂ ਕਰਦੇ ਹਾਂ। ਇਹ ਕਹਾਣੀ ਪਿਆਰ, ਅਪਣੱਤ, ਉਦਾਸੀ, ਡਰ, ਚੁੱਪ, ਸ਼ਾਂਤੀ, ਅਸ਼ਾਂਤੀ, ਨੀਂਦ ਆਦਿ ਸ਼ਬਦਾਂ ਦੇ ਕਾਗਜ਼ੀ ਪੱਖਾਂ ਸਹਾਰੇ ਆਪਣਾ ਕਲਾਤਮਕ ਵਜੂਦ ਧਾਰਨ ਕਰਦੀ ਹੈ। ਕਹਾਣੀ ਦੇ 'ਮੈਂ' ਪਾਤਰ ਯਾਨੀ ਕਿ ਦੀਸ਼ ਨੂੰ ਆਪਣੀ ਮਾਂ 'ਨਿੰਮੀ' ਦਾ ਦੁੱਖਾਂ ਭਰਿਆ ਚਿਹਰਾ ਮੁਸ਼ਕਿਲ ਵਿਚ ਪਾਉਂਦਾ ਹੈ ਤੇ ਉਸਨੂੰ ਚੁੱਪ ਰਹਿਣ, ਪੜ੍ਹਨ ਅਤੇ ਲਿਖਣ ਦੀ ਪ੍ਰੇਰਨਾ ਦਿੰਦਾ ਹੈ। ਕਹਾਣੀ ਵਿਚੋਂ ਇਹ ਕਲਾਤਮਕ ਗੱਲ ਸਾਫ ਨਜ਼ਰ ਆਉਂਦੀ ਹੈ ਕਿ 'ਮੈਂ' ਪਾਤਰ ਦੀ ਸੋਚ ਹੀ ਕਹਾਣੀ ਦੀ ਮੂਲ ਰੂਪਾਤਮਕ ਇਕਾਈ ਹੈ ਜਿਸ ਸਹਾਰੇ ਕਹਾਣੀਕਾਰ ਨੇ ਪੰਜਾਬ ਦੇ ਇਕ ਪਿੰਡ ਦੇ ਮਾਹੌਲ ਵਿਚ, ਭਾਰਤ ਦੇ ਆਗਰਾ ਸ਼ਹਿਰ ਦੇ ਮਾਹੌਲ ਵਿਚ, ਕੈਨੇਡਾ ਦੇ ਟਰਾਂਟੋ ਸ਼ਹਿਰ ਵਿਚਲੇ ਮਾਹੌਲ ਵਿਚ ਅਤੇ ਟਰਾਂਟੋ ਤੋਂ ਅਗਾਂਹ ਕੈਨੇਡਾ ਦੇ ਕਿਸੇ ਹੋਰ ਇਲਾਕੇ ਵਿਚਲੇ ਮਾਹੌਲ ਵਿਚ ਜਾ ਕੇ ਵਸਣ ਵਾਲੇ ਇਕ ਪੰਜਾਬੀ ਪਰਿਵਾਰ ਦੀ ਜੀਵਨੀਮੂਲਕ ਕਥਾ ਬਿਆਨ ਕੀਤੀ ਹੈ। ਇਸ ਪੰਜਾਬੀ ਪਰਿਵਾਰ ਨਾਲ ਜੋ ਕੁਝ ਵਾਪਰਦਾ ਹੈ ਉਸ ਵਾਪਰੇ ਵਿਚੋਂ ਦੇਸ, ਪਰਦੇਸ ਅਤੇ ਕਾਲ ਵਿਚ ਪੰਜਾਬੀ ਕੌਮ ਦੀ ਛਵੀ ਸਾਕਾਰ ਹੁੰਦੀ ਹੈ। ਕਹਾਣੀ ਦੇ ਕੇਂਦਰ ਵਿਚ ਦੋ ਸਮਾਜਕ ਅਥਵਾ ਇਤਿਹਾਸਕ ਤੱਥ ਕਾਰਜਸ਼ੀਲ ਹਨ। ਇਕ, ਇੰਦਰਾ ਗਾਂਧੀ ਦੇ ਦਰਬਾਰ ਸਾਹਿਬ ਉੱਤੇ ਹਮਲਾ ਕਰਵਾਉਣ ਦਾ, ਦੂਸਰਾ ਕੈਨੇਡੀਅਨ ਪੰਜਾਬੀ ਸਮਾਜ ਵਿਚ ਔਰਤਾਂ ਦੇ ਕਤਲ ਦੀਆਂ ਵਾਰਦਾਤਾਂ ਦਾ।

ਭਾਰਤ ਵਿਚ 1978-79 ਵਿਚ ਸ਼ੁਰੂ ਹੋਈ ਖਾਲਿਸਤਾਨੀ ਲਹਿਰ ਨੇ ਪੰਜਾਬ ਦੇ ਆਮ ਲੋਕਾਂ ਨੂੰ ਕਿਵੇਂ ਆਪਣੀ ਲਪੇਟ ਵਿਚ ਲੈ ਲਿਆ, ਇਸ ਦਾ ਚਿਤਰਣ ਕਹਾਣੀ ਵਿਚੋਂ ਮਿਲਦਾ ਹੈ। ਸੰਨ 1984 ਵਿਚ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਕਾਰਨ ਸਿੱਖ ਕੌਮ ਪ੍ਰਤੀ ਹਮਦਰਦੀ ਦੀ ਭਾਵਨਾ ਰੱਖਣ ਵਾਲੇ 'ਮੈਂ' ਪਾਤਰ ਦੇ ਪਿਤਾ ਨੂੰ ਪੁਲਿਸ ਦੀ ਸ਼ੱਕ ਘੇਰ ਲੈਂਦੀ ਹੈ। ਆਮ ਵਿਅਕਤੀ ਦੇ ਰੂਪ ਵਿਚ 'ਮੈਂ' ਪਾਤਰ ਦੇ ਪਿਤਾ ਦਾ ਇਸ ਲਹਿਰ ਨਾਲ ਕੋਈ ਸੰਬੰਧ ਨਹੀਂ ਹੈ ਪਰ ਫਿਰ ਵੀ ਸਟੇਟ ਮਸ਼ੀਨਰੀ ਅਤੇ ਉਸ ਵਰਗੇ ਆਮ ਲੋਕਾਂ ਨੂੰ ਉਹ ਖਾਲਿਸਤਾਨੀ ਨਜ਼ਰ ਆਉਂਦਾ ਹੈ। ਇਸ ਨਜ਼ਰ ਤੋਂ ਬਚਣ ਲਈ ਉਹ ਆਪਣੇ ਪਰਿਵਾਰ ਨੂੰ ਆਗਰੇ ਛੱਡ ਆਉਂਦਾ ਹੈ ਅਤੇ ਆਪ ਦੇਸ ਵਿਚ ਮੁਰਦਾ ਜਿਹੀ ਜ਼ਿੰਦਗੀ ਜਿਊਣ ਤੋਂ ਬਚਣ ਲਈ ਜਰਮਨੀ ਦੇ ਰਾਹੀਂ ਇਕ ਸਮੁੰਦਰੀ ਜਹਾਜ਼ ਦੇ ਸਾਮਾਨ ਵਾਲੇ ਹਿੱਸੇ ਵਿਚ ਚੋਰੀ-ਛਿਪੇ ਲੁਕ ਕੇ ਕੈਨੇਡਾ ਪਹੁੰਚ ਜਾਂਦਾ ਹੈ। ਕੈਨੇਡਾ ਪਹੁੰਚ ਕੇ ਉਹ ਰਿਫਿਊਜੀ ਦੇ ਤੌਰ ਉੱਤੇ ਇਮੀਗਰੇਸ਼ਨ ਲਈ ਅਪਲਾਈ ਕਰਦਾ ਹੈ। ਉਸਦੇ ਜੀਵਨ ਦਾ ਇਹ ਘਟਨਾ-ਕ੍ਰਮ ਅੱਸੀਵਿਆਂ ਦੇ ਅਖੀਰ ਅਤੇ ਨੱਬੇਵਿਆਂ ਦੇ ਸ਼ੁਰੂ ਵਿਚ ਕੈਨੇਡਾ ਵੱਲ ਪੰਜਾਬੀ ਲੋਕਾਂ ਦੇ ਪਰਵਾਸ ਧਾਰਨ ਕਰਨ ਦੀ ਆਰਥਿਕ ਅਤੇ ਰਾਜਨੀਤਕ ਪ੍ਰਕਿਰਿਆ ਵੱਲ ਇਸ਼ਾਰਾ ਕਰਦਾ ਗਲਪੀ ਤੱਥ ਹੈ। ਇਹ ਤੱਥ ਪੰਜਾਬ ਅੰਦਰ ਚੱਲੀ ਖਾਲਿਸਤਾਨੀ ਲਹਿਰ ਦਾ ਕੈਨੇਡੀਅਨ ਪੰਜਾਬੀ ਲੋਕਾਂ ਦਾ ਧਿਆਨ ਖਿੱਚਣ ਦਾ ਮਸਲਾ ਵੀ ਸਾਕਾਰ ਕਰਦਾ ਹੈ। ਸਾਧੂ ਬਿਨਿੰਗ ਨੇ 'ਮੈਂ' ਪਾਤਰ ਦੇ ਪਿਤਾ ਦੀ ਮਾਨਸਿਕਤਾ ਨੂੰ ਇਸ ਲਹਿਰ ਨਾਲ ਨਾ ਜੋੜ ਕੇ ਆਪਣੇ ਪ੍ਰਗਤੀਵਾਦੀ ਹੋਣ ਦਾ ਪ੍ਰਮਾਣ ਦਿੱਤਾ ਹੈ। ਸਾਧੂ ਬਿਨਿੰਗ ਦੀ ਕਥਾ-ਦ੍ਰਿਸ਼ਟੀ ਮਾਨਵਵਾਦੀ ਸਰੂਪ ਵਾਲੀ ਪ੍ਰਗਤੀਵਾਦੀ ਵਿਚਾਰਧਾਰਾ ਰਾਹੀਂ ਕੈਨੇਡੀਅਨ ਸਮਾਜਕ ਯਥਾਰਥ ਤਕ ਪਹੁੰਚਦੀ ਹੈ। ਇਸ ਲਈ ਸਾਧੂ ਬਿਨਿੰਗ ਦੀ ਮਾਨਵਵਾਦੀ ਪ੍ਰਗਤੀਵਾਦੀ ਸੋਚ ਯਥਾਰਥਵਾਦ ਦੇ ਸਮਾਜਕ ਅਤੇ ਮਾਨਸਿਕ ਆਧਾਰਾਂ ਉਪਰ ਟਿਕੀ ਪਈ ਹੈ। ਕਹਾਣੀ ਵਿਚ ਇਸ ਵਿਚਾਰ ਦੀ ਗਵਾਹੀ 'ਮੈਂ' ਪਾਤਰ ਦੇ ਪਿਤਾ ਵੱਲੋਂ ਔਰਤ ਦੇ ਕਤਲ ਕਰਨ ਅਤੇ ਮਗਰੋਂ ਉਸਦੇ ਜੇਲ੍ਹ ਵਿਚ ਖ਼ੁਦਕੁਸ਼ੀ ਕਰਨ ਦੀ ਘਟਨਾ ਵਿਚੋਂ ਮਿਲਦੀ ਹੈ। ਜਿਵੇਂ ਪੰਜਾਬ ਵਿਚ 'ਮੈਂ' ਪਾਤਰ ਦੇ ਨਾਰਮਲ ਸਮਾਜਕ ਜੀਵਨ ਨੂੰ ਦੇਸ਼ ਦੀ ਭੈੜੀ ਰਾਜਨੀਤਕ ਸਥਿਤੀ ਡੰਗਦੀ ਹੈ ਉਵੇਂ ਹੀ ਕੈਨੇਡਾ ਵਿਚ 'ਮੈਂ' ਪਾਤਰ ਦੇ ਨਾਰਮਲ ਪਰਿਵਾਰਕ ਜੀਵਨ ਨੂੰ ਉਥੋਂ ਦੇ ਔਰਤ-ਮਰਦ ਸੰਬੰਧਾਂ ਵਿਚਲੀ ਹਿੰਸਾ ਤੋੜਦੀ ਹੈ। ਸਾਧੂ ਬਿਨਿੰਗ ਦੀ ਕਲਾਤਮਕ ਖ਼ੂਬੀ ਇਹੋ ਹੈ ਕਿ ਉਸਨੇ ਹਿੰਸਾ ਦਾ ਬਦਲ ਹਿੰਸਾ, ਡਰ ਬਦਲੇ ਡਰ, ਨਫਰਤ ਬਦਲੇ ਨਫਰਤ ਆਦਿ ਨਾਂਹ-ਪੱਖੀ ਸਮਾਜਕ ਵਤੀਰਿਆਂ ਦਾ ਨਿਸ਼ੇਧ ਕਰਕੇ ਹਾਂ-ਪੱਖੀ ਸਮਾਜਕ ਵਤੀਰਿਆਂ ਦੀ ਬਾਤ ਪਾਈ ਹੈ। ਇਸੇ ਲਈ ਕਹਾਣੀ ਦੇ ਅੰਤ ਵਿਚ 'ਮੈਂ' ਪਾਤਰ ਦੇ ਮਨ ਨੂੰ ਉਸਦੀ ਭੈਣ 'ਰੇਸ਼ੀ' ਦੇ ਪਰਲ ਪਰਲ ਕਿਰਦੇ ਹੰਝੂ ਸ਼ਾਂਤ ਕਰਦੇ ਹਨ। ਇਨ੍ਹਾਂ ਹੰਝੂਆਂ ਨੂੰ ਵੇਖਕੇ 'ਮੈਂ' ਪਾਤਰ ਸਮੁੰਦਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਵਾਲੀ ਸਕੀਮ ਤੋਂ ਛੁਟਕਾਰਾ ਪਾਉਂਦਾ ਹੈ। ਕੈਨੇਡੀਅਨ ਸਮਾਜ ਵਿਚ ਘਰ, ਪਰਿਵਾਰ ਅਤੇ ਪਰੰਪਰਾ ਦੀ ਲੀਹੋਂ ਲੱਥੀ ਪੰਜਾਬੀ ਸਮੁਦਾਇ ਨੂੰ ਲੀਹ ਉੱਤੇ ਲਿਆਉਣ ਦਾ ਕਥਾ-ਸੰਦੇਸ਼ ਸਾਧੂ ਬਿਨਿੰਗ ਦੇ ਕਾਵਿ-ਸੰਦੇਸ਼ ਵਿਚ ਇੰਝ ਵਟ ਜਾਂਦਾ ਹੈ:

*ਮੈਂ ਘਰ ਹਾਂ/ ਘਰਾਂ ਦੀ ਤਬੀਅਤ ਖ਼ੂਬ ਜਾਣਦਾ ਹਾਂ*
*ਜਿੰਨੀਆਂ ਮਰਜ਼ੀ ਸ਼ਿਕਾਇਤਾਂ ਲਾ/ਜਿੰਨਾ ਮਰਜ਼ੀ ਬੇਚੈਨ ਰਹਿ*
*ਇਕ ਗੱਲ ਯਾਦ ਰੱਖੀਂ*
*ਇਸ ਘਰੋਂ ਭੱਜੇਂਗਾ/ ਤਾਂ ਸਾਰੀ ਉਮਰ ਭੱਜਦਾ ਰਹੇਂਗਾ*
*ਤੈਨੂੰ ਕਦੇ ਵੀ/ ਕਿਸੇ ਵੀ ਘਰ/ ਸ਼ਾਂਤੀ ਨਸੀਬ ਨਹੀਂ ਹੋਵੇਗੀ*
*ਮੈਂ ਘਰ ਹਾਂ/ ਘਰਾਂ ਦੀ ਤਾਸੀਰ ਖ਼ੂਬ ਜਾਣਦਾ ਹਾਂ।*

'ਪਿਉ ਪੁੱਤਰ' ਕਹਾਣੀ ਵਿਚ ਕੈਨੇਡੀਅਨ ਪੰਜਾਬੀ ਲੋਕਾਂ ਦੇ ਘਰਾਂ ਦੀ ਤਾਸੀਰ ਨੂੰ ਪੂੰਜੀਵਾਦੀ ਵਿਵਸਥਾ ਦੇ ਪ੍ਰਸੰਗ ਵਿਚ ਰੱਖ ਕੇ ਚਿਤਰਿਆ ਗਿਆ ਹੈ। ਕੈਨੇਡੀਅਨ ਪੰਜਾਬੀ ਲੋਕਾਂ ਦੀ ਅਸਤਿਤਵੀ ਇਕੱਲਤਾ ਨੂੰ ਪਿਉ-ਪੁੱਤਰ ਦੇ ਨਿਭਦੇ ਰਿਸ਼ਤੇ ਵਿਚੋਂ ਪਛਾਣਿਆ ਜਾ ਸਕਦਾ ਹੈ। ਕਹਾਣੀ ਵਿਚ ਸਾਧੂ



ਗਲਪੀ ਸੂਤਰਧਾਰ ਯਾਨੀ ਕਿ ਉੱਤਮ ਪੁਰਖੀ ਨਿਰੀਖਿਅਕ
ਬਿਨਿੰਗ 'ਮੈਂ' ਪਾਤਰ ਦੇ ਰੂਪ ਵਿਚ ਇਕ ਗਲਪੀ ਸੂਤਰਧਾਰ ਯਾਨੀ ਕਿ ਉੱਤਮ ਪੁਰਖੀ ਨਿਰੀਖਿਅਕ
ਵਜੋਂ ਵਿਚਰਿਆ ਹੈ। ਇਸ ਸੂਤਰਧਾਰ ਦਾ ਕਾਰਜ ਕੈਨੇਡੀਅਨ ਪੰਜਾਬੀ ਲੋਕਾਂ ਦੇ ਅਸਲ ਜੀਵਨ ਦੀ
ਪਛਾਣ ਕਰਵਾਉਣਾ ਬਣਦਾ ਹੈ।

ਗਲਪਕਾਰ ਦੇ ਤੌਰ ਉੱਤੇ ਸਾਧੂ ਬਿਨਿੰਗ ਨੇ ਵਿਕਸਿਤ ਪੂੰਜੀਵਾਦੀ ਵਿਵਸਥਾ ਵਿਚ ਵੇਚੀ
ਅਤੇ ਖਰੀਦੀ ਜਾਂਦੀ ਜ਼ਿੰਦਗੀ ਦੇ ਵਿਭਿੰਨ ਰੂਪਾਂ ਨੂੰ ਸਾਕਾਰ ਕੀਤਾ ਹੈ। ਜਿਵੇਂ ਕੈਨੇਡਾ ਪਰਵਾਸ ਧਾਰਨ
ਕਰਨ ਵਾਲੇ ਬਹੁਤੇ ਪੰਜਾਬੀ ਲੋਕ ਪੰਜਾਬ ਵਿਚੋਂ ਘਰ ਦੇ ਸੋਹਣੇ ਸਿਆੜ ਛੱਡ ਕੇ ਕੈਨੇਡਾ ਜਾਂਦੇ ਹਨ।
ਉਥੇ ਜਾ ਕੇ ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਸਾਂਭ-ਸੰਭਾਲ ਲਈ ਬਹੁਤ ਔਖੇ ਹੋਣਾ ਪੈਂਦਾ ਹੈ। ਪਰਵਾਸੀ
ਬਣਨ ਵਾਲੇ ਬਜ਼ੁਰਗਾਂ ਨੂੰ ਜ਼ਿੰਦਗੀ ਦੇ ਚੌਵੀ ਘੰਟੇ ਆਪਣੇ ਬੱਚਿਆਂ ਦੇ ਗੁਲਾਮ ਬਣੇ ਰਹਿਣ ਦਾ
ਘਿਣਾਉਣਾ ਅਹਿਸਾਸ ਮਜਬੂਰਨ ਕਬੂਲ ਕਰਨਾ ਪੈਂਦਾ ਹੈ। ਬਹੁਤੇ ਕੈਨੇਡੀਅਨ ਪੰਜਾਬੀ ਮੁੰਡਿਆਂ ਨੂੰ
ਆਪਣੀ ਮਾਤ-ਭਾਸ਼ਾ ਚੰਗੀ ਤਰ੍ਹਾਂ ਬੋਲਣੀ ਨਹੀਂ ਆਉਂਦੀ। ਪੰਜਾਬੀ ਸੱਭਿਆਚਾਰਕ ਕਦਰਾਂ-
ਕੀਮਤਾਂ ਦੇ ਪ੍ਰਸੰਗ ਵਿਚ ਉਹਨਾਂ ਨੂੰ ਨਾ ਕੋਈ ਅਕਲ ਹੈ ਕਿਸੇ ਤਰ੍ਹਾਂ ਦੀ। ਪਰ ਫਿਰ ਵੀ ਕੈਨੇਡਾ ਦੇ ਨਾਂ
ਉੱਤੇ ਪੰਜਾਬ ਵਸਦੇ ਲੋਕ ਆਪਣੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਉਹਨਾਂ ਦੇ ਨਾਲ ਤੋਰ ਦਿੰਦੇ
ਹਨ। ਕੈਨੇਡਾ ਵਿਚ ਰਹਿਣ ਵਾਲੇ ਪੰਜਾਬੀ ਲੋਕ ਲੋੜ ਪੈਣ ਉੱਤੇ ਪਲ 'ਚ ਈ ਇਕ ਦੂਸਰੇ ਦੇ ਸਾਕ-
ਸੰਬੰਧੀ ਬਣ ਜਾਂਦੇ ਹਨ ਤੇ ਜੇ ਲੋੜ ਨਾ ਹੋਵੇ ਤਾਂ ਇਕ ਦੂਜੇ ਨੂੰ ਬੇਗਾਨੇ ਦਰਸਾਉਣ ਵਿਚ ਵੀ ਕੋਈ
ਕਸਰ ਨਹੀਂ ਛੱਡਦੇ। ਬਹੁਤੇ ਕੈਨੇਡੀਅਨ ਪੰਜਾਬੀਆਂ ਨੂੰ ਆਪਣੀ ਸ਼ਖਸੀਅਤ ਦੇ ਹਾਣ ਦੇ ਅਤੇ
ਵਿਸ਼ੇਸ਼ ਕਿੱਤੇ ਦੀ ਮੁਹਾਰਤ ਵਾਲੇ ਕੰਮ ਨਹੀਂ ਮਿਲਦੇ ਜਿਸ ਕਾਰਨ ਉਹ ਅੰਦਰੋਂ ਤੰਗ ਰਹਿੰਦੇ ਹਨ।
ਕੈਨੇਡੀਅਨ ਪੰਜਾਬੀਆਂ ਦੇ ਖ਼ੂਨ ਦੇ ਰਿਸ਼ਤੇ ਜਦੋਂ ਬੇਗਾਨੇ ਹੋ ਜਾਂਦੇ ਹਨ ਤਾਂ ਉਹਨਾਂ ਨੂੰ ਪਰਿਵਾਰਕ
ਇਕੱਲਤਾ ਦੀ ਮਾਰ ਸਹਿਣ ਦੇ ਨਾਲ ਨਾਲ ਆਪਣੀ ਕੌਮ ਦੇ ਵਿਅਕਤੀਆਂ ਨਾਲ ਆਪਣੀ ਬੋਲੀ
ਵਿਚ ਗੱਲਬਾਤ ਕਰਨ ਨੂੰ ਵੀ ਤਰਸਣਾ ਪੈਂਦਾ ਹੈ। ਇਥੇ ਹੀ ਬਸ ਨਹੀਂ ਉਹਨਾਂ ਨੂੰ ਦੋ ਦੋ ਡਾਲਰ ਇਕੱਠੇ
ਕਰਨ ਵਾਲੇ ਕੈਨੇਡੀਅਨ ਲੋਕਾਂ ਦੇ ਡਰੱਗ ਖਾਣੇ ਨਿਆਣਿਆਂ ਹੱਥੋਂ ਆਪਣੀ ਜਾਨ ਵੀ ਗੁਆਉਣੀ
ਪੈਂਦੀ ਹੈ।

'ਪਿਉ ਪੁੱਤਰ' ਕਹਾਣੀ ਪੰਜਾਬੀਅਤ ਦੇ ਦੋ ਲੱਛਣਾਂ ਵੱਲ ਸੰਕੇਤ ਕਰਦੀ ਹੈ। ਇਕ ਦੀ
ਪ੍ਰਤੀਨਿਧਤਾ ਪਿਉ ਕਰਦਾ ਹੈ। ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਪਿਉ ਦੇ ਜੀਵਨ ਵਿਚੋਂ
ਪੰਜਾਬੀਅਤ ਦਾ ਖੁੱਲ੍ਹਾ -ਖੁਲਾਸਾ ਰੂਪ ਸਾਕਾਰ ਹੁੰਦਾ ਹੈ। ਦੂਸਰੇ ਦੀ ਪ੍ਰਤੀਨਿਧਤਾ ਉਸਦਾ ਪੁੱਤਰ ਕਰਦਾ
ਹੈ। ਪੁੱਤਰ ਦੇ ਜੀਵਨ ਵਿਚੋਂ ਪੱਛਮੀ ਪਦਾਰਥਕ ਸਭਿਆਚਾਰ ਦੇ ਸੰਦਰਭ ਵਿਚ ਪੰਜਾਬੀਅਤ ਦਾ
ਵਿਸ਼ਾਲ ਰੂਪ ਸਾਕਾਰ ਹੁੰਦਾ ਹੈ। ਪੰਜਾਬੀਅਤ ਦੇ ਇਹ ਦੋਵੇਂ ਰੂਪ ਪੂਰਬੀ ਅਤੇ ਪੱਛਮੀ ਸੱਭਿਅਤਾਵਾਂ ਦੇ
ਭੇੜ ਕਾਰਨ ਸਾਕਾਰ ਹੋਏ ਹਨ। ਕਹਾਣੀ ਵਿਚ ਪਿਉ ਤੇ ਪੁੱਤਰ ਆਪੋ ਆਪਣੇ ਤਰੀਕੇ ਨਾਲ ਵਿਚਰੇ
ਹਨ। 'ਆਪੋ ਆਪਣਾ ਇਤਿਹਾਸ' ਕਵਿਤਾ ਦੀਆਂ ਸਤਰਾਂ ਦੋਹਾਂ ਦੇ ਜੀਵਨ-ਪ੍ਰਬੰਧ ਉਪਰ ਢੁਕਦੀਆਂ
ਹਨ:

*ਜੀਣ ਦੀ ਖਾਹਿਸ਼ 'ਚ ਵਿਚਰਦਾ*
*ਹਰ ਕੋਈ ਆਪੋ ਆਪਣਾ ਇਤਿਹਾਸ ਬਣਾਉਂਦਾ ਹੈ*
*ਆਪੋ ਆਪਣੀ ਸੋਧ 'ਚ ਖੁੱਭਿਆ*
*ਹਰ ਕੋਈ ਇਹ ਭੁੱਲ ਜਾਂਦਾ ਹੈ*
*ਇਤਿਹਾਸ ਸਿਰਜਣਾ ਕੰਮ ਨਾ ਕੱਲੇ ਦਾ*
*ਮਨੁੱਖਾਂ ਨਾਲ ਮਿਲ ਕੇ ਹੀ, ਮਨੁੱਖ ਇਤਿਹਾਸ ਬਣਾਉਂਦਾ ਹੈ*

'ਪਿਉ ਪੁੱਤਰ' ਕਹਾਣੀ ਵਿਚ ਵਿਚਰਦੇ ਦੋਵੇਂ ਪਾਤਰਾਂ ਕੋਲ ਆਪੋ ਆਪਣਾ ਇਤਿਹਾਸ
ਸਿਰਜਣ ਦੀ ਸਮਰੱਥਾ ਹੀ ਇਸ ਕਹਾਣੀ ਦੀ ਕਲਾਤਮਕ ਤਾਕਤ ਬਣਦੀ ਹੈ। 'ਸਭਿਆਚਾਰਾਂ ਦੇ ਨਾਂ'
ਕਵਿਤਾ ਦੀਆਂ ਸਤਰਾਂ ਵਿਚੋਂ ਉਹਨਾਂ ਦੀ ਸਮਰੱਥਾ ਇੰਝ ਰੂਪਮਾਨ ਹੁੰਦੀ ਹੈ:

*ਮੁਆਫ ਕਰੀਂ ਜਣਿਆਂ/ ਨਾ ਮੇਰੇ ਮਨ 'ਚ ਕੋਈ ਖਰਾਬੀ ਹੈ*
*ਨਾ ਤੇਰੇ ਦਿਲ 'ਚ ਹੀ ਖੋਟ*
*ਪਰ ਤੂੰ ਮੇਰੇ ਨਾਲ ਵਰ੍ਹੇ ਰਹਿ ਕੇ ਵੀ*
*ਮੇਰਾ ਉਹੋ ਜਿਹਾ ਦੋਸਤ ਨਹੀਂ ਹੋ ਸਕਦਾ*
*ਜਿਹੋ ਜਿਹਾ ਮੇਰੇ ਪਿੰਡ ਲਾਗਿਉਂ ਆਇਆ ਜਣਾ/ ਕਿਸੇ ਹਵਾਈ ਅੱਡੇ 'ਤੇ*
*ਮੇਰੇ ਨਾਲ ਦੋ ਪਲ ਗੁਜ਼ਾਰ ਕੇ ਬਣ ਜਾਂਦਾ ਹੈ*

ਇਹਨਾਂ ਕਾਵਿ-ਸਤਰਾਂ ਦਾ ਭਾਵ-ਬੋਧ ਅਤੇ 'ਪਿਉ ਪੁੱਤਰ' ਕਹਾਣੀ ਦਾ ਗਲਪ-ਬੋਧ ਇਕੋ ਪੱਧਰ ਉਤੇ ਵਿਚਰੇ ਹਨ। ਦੋਵੇਂ ਬੋਧ ਇਸ ਵਿਚਾਰ ਉੱਤੇ ਟਿਕੇ ਪਏ ਹਨ ਕਿ ਕੈਨੇਡੀਅਨ ਪੰਜਾਬੀ ਵਿਅਕਤੀ ਨੂੰ ਇਕੱਲਤਾ ਦੇ ਵਿਭਿੰਨ ਰੂਪਾਂ ਦੀ ਮਾਰ ਅਵੱਸ਼ ਸਹਿਣੀ ਪੈਂਦੀ ਹੈ। ਇਕੱਲਤਾ ਦੇ ਦੋ ਰੂਪਾਂ ਦੀ ਪਛਾਣ 'ਦਿਨ-ਕਟੀ' ਕਹਾਣੀ ਸੋਹਣੇ ਅੰਦਾਜ਼ ਰਾਹੀਂ ਦਿੰਦੀ ਹੈ। ਦੋ ਪਾਤਰਾਂ ਦੇ ਚਰਿੱਤਰ ਚਿਤਰਣ ਦੀ ਜੁਗਤ ਰਾਹੀਂ ਸਾਧੂ ਬਿਨਿੰਗ ਨੇ ਕੈਨੇਡੀਅਨ ਪੰਜਾਬੀ ਸਮਾਜ ਵਿਚ ਵਿਚਰਦੇ ਦੋ ਵਿਭਿੰਨ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਲੋਕਾਂ ਦੀ ਪਛਾਣ ਕਰਵਾਈ ਹੈ। ਇਕ ਵਰਗ ਤਾਂ ਕੈਨੇਡਾ ਦੇ ਸਮਾਜਕ ਸਭਿਆਚਾਰਕ ਪ੍ਰਬੰਧ ਵਿਚ ਪੂਰੀ ਤਰ੍ਹਾਂ ਫਿੱਟ ਹੋ ਕੇ ਉਥੋਂ ਦੇ ਜੀਵਨ ਦਾ ਆਨੰਦ ਮਾਣ ਰਿਹਾ ਹੈ। ਦੂਸਰਾ ਵਰਗ ਕੈਨੇਡੀਅਨ ਸਮਾਜ ਵਿਚ ਆਪਣੀ ਘਰ ਪਰਿਵਾਰ ਦੀ ਦੇਸੀ ਪਰੰਪਰਾ ਨੂੰ ਤੋਰੀ ਰੱਖਣ ਲਈ ਜਤਨਸ਼ੀਲ ਹੈ। ਪਹਿਲੇ ਵਰਗ ਦੀ ਪ੍ਰਤੀਨਿਧਤਾ ਹਰੀ ਸਿੰਘ ਉਰਫ ਹੈਰੀ ਕਰਦਾ ਹੈ ਅਤੇ ਦੂਸਰੇ ਵਰਗ ਦੀ ਪ੍ਰਤੀਨਿਧਤਾ ਤਰਸੇਮ ਉਰਫ ਸੈਮ ਕਰਦਾ ਹੈ। ਸੈਮ ਨੂੰ ਕੈਨੇਡੀਅਨ ਸਮਾਜ ਵਿਚ ਆਪਣੀ ਦੇਸੀ ਪਰਿਵਾਰਕ ਪਰੰਪਰਾ ਨੂੰ ਚਲਾਉਣ ਵਿਚ ਜਿੱਥੇ ਖੁਸ਼ੀ ਮਿਲਦੀ ਏ ਉਥੇ ਹੈਰੀ ਲਈ ਪੱਛਮੀ ਸਮਾਜ ਵਿਚ ਰਚ-ਮਿਚ ਜਾਣ ਕਾਰਨ ਦੇਸੀ ਕਦਰਾਂ-ਕੀਮਤਾਂ ਦੇ ਕੋਈ ਮਾਇਨੇ ਨਹੀਂ ਹਨ। ਸੈਮ ਲਈ ਇਕੱਲਤਾ ਦਾ ਕਾਰਨ ਜਿੱਥੇ ਘਰ ਪਰਿਵਾਰ ਤੇ ਦੇਸੀ ਪੰਜਾਬੀ ਸੱਭਿਆਚਾਰਕ ਪਰੰਪਰਾ ਤੋਂ ਟੁੱਟਣ ਦੀ ਪ੍ਰਕਿਰਿਆ ਬਣਦਾ ਹੈ ਉਥੇ ਹੈਰੀ ਕੈਨੇਡੀਅਨ ਸਮਾਜ ਵਿਚ ਪੱਛਮੀ ਜੀਵਨ ਚਾਲ ਅਪਣਾਉਣ ਕਾਰਨ ਇਕੱਲਤਾ ਦਾ ਸ਼ਿਕਾਰ ਹੋ ਜਾਂਦਾ ਹੈ। ਕਹਾਣੀ ਤੇ ਅੰਤ ਵਿਚ ਦੋਵੇਂ ਜ਼ਿੰਦਗੀ ਜਿਊਂਦੇ ਨਹੀਂ ਸਗੋਂ ਦਿਨ-ਕਟੀ ਕਰ ਰਹੇ ਹਨ। "ਘਰੋਂ ਕੰਮ ਤੇ ਕੰਮੋਂ ਘਰ" ਆਉਣ ਜਾਣ ਵਾਲੇ ਸੈਮ ਦੇ ਅੰਦਰਲੇ ਭਾਵ ਕਿਉਂ "ਅਵਾਰਾਗਰਦ ਗੋਰਿਆਂ ਅਰਗੀਆਂ ਗੱਲਾਂ" ਕਰਨ ਵਾਲੇ ਹੈਰੀ ਨਾਲੋਂ ਹੌਲੇ ਪੈ ਜਾਂਦੇ ਹਨ। ਇਸ ਪ੍ਰਸ਼ਨ ਦਾ ਉੱਤਰ ਸਾਧੂ ਬਿਨਿੰਗ ਦੀਆਂ ਹੇਠ ਲਿਖੀਆਂ ਕਾਵਿ ਸਤਰਾਂ ਵਿਚੋਂ ਲੱਭ ਪੈਂਦਾ ਹੈ:

*ਘਰਾਂ [illegible] ਰਹਿੰਦਿਆਂ ਅੱਜ ਕੱਲ੍ਹ*
*ਲਾਜਵਾਬ [illegible] ਉਗਦੇ ਨੇ*
*ਘਰ ਕੀ ਹੁੰਦਾ ਹੈ? / ਘਰ ਕਿੱਥੇ ਹੁੰਦਾ ਹੈ?*
*ਘਰ ਕਿੱਦਾਂ ਬਣਦਾ ਹੈ?*

ਕੈਨੇਡੀਅਨ ਪੰਜਾਬੀ ਸਮਾਜ ਵਿਚ ਟੁੱਟ-ਭੁਰ ਰਹੇ ਘਰ ਦੇ ਸੰਕਲਪ ਨੂੰ ਬਚਾਉਣ ਦੀ ਜਿਹੜੀ ਚਿੰਤਾ 'ਯਾਰ ਮੇਰਾ ਦਰਿਆ' ਕਾਵਿ ਪੁਸਤਕ ਵਿਚ ਪ੍ਰਗਟ ਹੋਈ ਹੈ ਉਹੋ ਚਿੰਤਾ ਸਾਧੂ ਬਿਨਿੰਗ ਦੀ ਕਹਾਣੀ ਦਾ ਇਕ ਦਾਰਸ਼ਨਿਕ ਆਧਾਰ ਵੀ ਬਣੀ ਹੈ। ਮਸਲਨ,'ਦਿਨ ਕਟੀ' ਕਹਾਣੀ ਦੀ ਵਸਤੂ-ਸਮੱਗਰੀ ਜੇਕਰ ਪੰਜਾਬੀ ਭਾਈਚਾਰੇ ਵਿਚ ਵਿਆਹ, ਘਰ ਤੇ ਟੱਬਰ ਦੀਆਂ ਗੱਲਾਂ ਤੋਂ ਕਿਨਾਰਾ ਕਰ ਚੁੱਕੀ ਕੈਨੇਡੀਅਨ ਪੰਜਾਬੀ ਵਿਅਕਤੀ ਦੀ ਸੋਚ ਬਣਦੀ ਹੈ ਤਾਂ ਸੋਚ ਨੂੰ ਮੁੜ ਇਸ ਪ੍ਰਤੀ ਜਗਾਉਣ ਦੀ ਬਿਰਤੀ ਵੀ ਬਣੀ ਹੈ।

ਕਹਾਣੀਕਾਰ ਵਜੋਂ ਸਾਧੂ ਬਿਨਿੰਗ ਆਪਣੀਆਂ ਕਹਾਣੀਆਂ ਵਿਚ ਦੋ ਤਰ੍ਹਾਂ ਦੇ ਪਾਤਰਾਂ ਦੇ ਰੂਪ ਵਿਚ ਵਿਚਰਦਾ ਹੈ। ਇਕ, 'ਮੈਂ' ਪਾਤਰ ਦੇ ਰੂਪ ਵਿਚ, ਦੂਜਾ ਵਿਸ਼ੇਸ਼ ਪਾਤਰ ਦੇ ਰੂਪ ਵਿਚ। 'ਦਿਨ-ਕਟੀ' ਕਹਾਣੀ ਵਿਚ ਵੀ ਹੋਰਨਾਂ ਕਈ ਕਹਾਣੀਆਂ ਵਾਂਗ ਸਾਧੂ ਬਿਨਿੰਗ 'ਮੈਂ' ਪਾਤਰ ਉਰਫ ਹਰੀ ਸਿੰਘ (ਹੈਰੀ) ਵਜੋਂ ਵਿਚਰਿਆ ਹੈ। ਸਾਧੂ ਬਿਨਿੰਗ ਦੀ ਕਥਾ ਦੀ ਇਹ ਵਿਸ਼ੇਸ਼ ਕਲਾਤਮਕ ਜੁਗਤ ਹੈ ਜਿਸ ਸਹਾਰੇ ਉਹ ਆਪਣੀ ਗੱਲ ਠੋਕ ਵਜਾ ਕੇ ਕਹਿੰਦਾ ਹੈ। ਕਿਸੇ ਵੀ ਕਥਾਕਾਰ ਦੀ ਯਥਾਰਥ ਨੂੰ ਨੀਝ ਲਗਾ



ਕੇ ਦੇਖਣ ਵਾਲੀ ਬਿਰਤੀ ਵਿਚੋਂ ਅਜਿਹੀ ਤਕਨੀਕ ਦਾ ਉਦੈ ਹੁੰਦਾ ਹੈ। ਯਥਾਰਥ ਦਾ ਸੰਬੰਧ ਸੰਪੂਰਨ
ਜੀਵਨ ਨਾਲ ਹੁੰਦਾ ਹੈ। ਵਿਭਿੰਨ ਵਿਅਕਤੀਆਂ ਵੱਲੋਂ ਜੀਵਨ ਨੂੰ ਮਾਨਣ ਤੇ ਭੋਗਣ ਦੇ ਵਿਭਿੰਨ ਤੌਰ-
ਤਰੀਕਿਆਂ ਨਾਲ ਹੁੰਦਾ ਹੈ। ਸਥਾਨਕ ਸਭਿਆਚਾਰ ਅਤੇ ਉਸ ਦੁਆਰਾ ਨਿਰਮਿਤ ਪਰੰਪਰਾਵਾਂ ਨਾਲ
ਹੁੰਦਾ ਹੈ। ਸਾਧੂ ਬਿਨਿੰਗ ਦੀ ਕਥਾ ਇਨ੍ਹਾਂ ਵਿਚਾਰਾਂ ਦਾ ਰਲਵਾਂ ਮਿਲਵਾਂ ਤੇ ਭਰਵਾਂ ਹੁੰਗਾਰਾ ਦਿੰਦੀ ਹੈ।
ਕੈਨੇਡੀਅਨ ਪੰਜਾਬੀ ਸਮਾਜਕ ਅਨੁਭਵ ਦੀ ਭਰਵੀਂ ਪੇਸ਼ਕਾਰੀ 'ਬਰਫ਼ ਦਾ ਗੀਤ' ਕਹਾਣੀ
ਵਿਚੋਂ ਮਿਲਦੀ ਹੈ। ਇਸ ਕਹਾਣੀ ਵਿਚਲੇ ਅਨੁਭਵ ਨੂੰ ਕਹਾਣੀਕਾਰ ਨੇ ਪਿਉ ਤੇ ਪੁੱਤਰ ਦੇ ਜੀਵਨ-
ਯਥਾਰਥ ਰਾਹੀਂ ਪੇਸ਼ ਕੀਤਾ ਹੈ। ਪੁੱਤਰ ਉਤੇ ਕੈਨੇਡੀਅਨ ਪੂੰਜੀਵਾਦੀ ਪਦਾਰਥਕ ਵਰਤਾਰੇ ਦਾ ਚੱਲਿਆ
ਜਾਦੂ ਉਸਦੇ ਪਿਉ ਨੂੰ ਉਸ ਬਾਰੇ ਸੋਚਾਂ ਤੇ ਯਾਦਾਂ ਦੇ ਡੂੰਘੇ ਖੂਹ ਵ੍ਹਿਚ ਸੁੱਟ ਦਿੰਦਾ ਹੈ। ਉਸਦੇ ਮਨ ਵਿਚ
ਟਿਕਾਅ ਨਹੀਂ ਰਹਿੰਦਾ। ਦੁਖੀ ਮਨ ਨਾਲ ਉਹ ਦਿਲ ਵਿਚ ਘੋਰ ਉਦਾਸੀ ਲਈ ਫਿਰਦਾ ਹੈ। ਉਹ
(ਚਰਨ ਸਿੰਘ) ਦਿਲ ਦੀ ਭੜਾਸ ਕੱਢਣਾ ਚਾਹੁੰਦਾ ਹੈ। ਕਿਉਂਜੁ, ਆਪਣੇ ਪੁੱਤਰ ਜਸਵੰਤ ਦੇ ਉਸ
ਨਾਲ ਕੀਤੇ ਮਾੜੇ ਵਿਹਾਰ ਅਤੇ ਆਪਣੀ ਪਤਨੀ ਬਲਵੰਤ ਕੌਰ ਦੀ ਗੈਰ-ਮੌਜੂਦਗੀ ਕਾਰਨ ਉਹ
ਆਪਣੇ ਆਪ ਨੂੰ ਦੁਨੀਆਂ ਵਿਚ ਬਿਲਕੁਲ ਇਕੱਲਾ ਮਹਿਸੂਸਦਾ ਹੈ। ਇਸ ਅਹਿਸਾਸ ਤੋਂ ਛੁਟਕਾਰਾ
ਪਾਉਣ ਲਈ ਉਹ ਵੀ ਕਹਾਣੀ ਦੇ ਇਕ ਪਾਤਰ ਜਵਾਲਾ ਸਿੰਘ ਵਾਂਗ ਇਕੱਲਾ ਰਹਿਣ ਦਾ ਫੈਸਲਾ
ਕਰਦਾ ਹੈ। ਇਸ ਫੈਸਲੇ ਕਾਰਨ ਉਸਨੂੰ ਆਪਣਾ ਆਪਾ ਫੁੱਲ ਵਰਗਾ ਹੌਲਾ ਤੇ ਆਸਮਾਨ ਵਿਚ ਉੱਡਦੇ
ਆਜ਼ਾਦ ਪੰਛੀ ਵਾਂਗ ਪ੍ਰਤੀਤ ਹੁੰਦਾ ਹੈ। ਇਹ ਸਾਰਾ ਕੁਝ ਸਹਿਜੇ ਹੀ ਕੈਨੇਡੀਅਨ ਸਮਾਜ ਵਿਚਲੇ
ਵਿਅਕਤੀਵਾਦੀ ਰੁਝਾਨ ਤਹਿਤ ਵਾਪਰਦਾ ਹੈ। ਵਾਪਰਨ ਦੀ ਇਹ ਪ੍ਰਕਿਰਿਆ ਆਧੁਨਿਕ ਸੰਵੇਦਨਾ
ਦੇ ਪ੍ਰਮੁੱਖ ਲੱਛਣ ਵੱਲ ਸੰਕੇਤ ਕਰਦੀ ਹੈ।
ਕਾਲ ਦੇ ਦ੍ਰਿਸ਼ਟੀ-ਬਿੰਦੂ ਤੋਂ 'ਬਰਫ਼ ਦਾ ਗੀਤ' ਕਹਾਣੀ ਦੀ ਬਿਰਤਾਂਤਕ ਤੋਰ ਲਗਪਗ
ਤਿੰਨ ਚਾਰ ਘੰਟਿਆਂ ਤਕ ਪਸਰੀ ਹੋਈ ਹੈ। ਕਹਾਣੀ ਦਾ ਰੂਪਾਤਮਕ ਪ੍ਰਕਾਰਜ ਚਰਨ ਸਿੰਘ ਨੂੰ ਨੀਂਦ ਨਾ
ਆਉਣ ਦੀ ਪ੍ਰਕਿਰਿਆ ਵਿਚ ਪਿਆ ਹੈ। ਸਾਰੀ ਕਹਾਣੀ ਰਾਤ ਦੇ ਦੋ ਵਜੇ ਤੋਂ ਸਵੇਰ ਦੇ ਪੰਜ ਵਜੇ ਤਕ
ਵਾਪਰਦੀ ਹੈ। ਪਹਿਲਾਂ ਤਾਂ ਚਰਨ ਸਿੰਘ ਨੀਂਦ ਲਿਆਉਣ ਲਈ ਆਪਣੀਆਂ ਯਾਦਾਂ ਤੇ ਸੋਚਾਂ ਨੂੰ
ਰੋਕਣਾ ਚਾਹੁੰਦਾ ਹੈ ਪਰ ਜਦੋਂ ਇਹ ਉਸ ਕੋਲੋਂ ਡੱਕ ਨਹੀਂ ਹੁੰਦੀਆਂ ਤਾਂ ਉਹ ਇਨ੍ਹਾਂ ਨੂੰ ਖੁੱਲ੍ਹੀਆਂ ਛੱਡ
ਦਿੰਦਾ ਹੈ। ਯਾਦਾਂ ਉਸਦੇ ਖੁਦ ਦੇ ਜੀਵਨ ਦੀ ਹੀ ਫਰੋਲਾ-ਫਰਾਲੀ ਕਰਦੀਆਂ ਹਨ। ਉਸਦੇ ਜੀਵਨ ਦੀ
ਫਰੋਲਾ-ਫਰਾਲੀ ਵਿਚੋਂ ਕੈਨੇਡੀਅਨ ਪੰਜਾਬੀ ਸਮਾਜ ਦੀ ਬਣਤਰ ਦੇ ਵਿਭਿੰਨ ਪੱਖ ਸਾਕਾਰ ਹੋ ਜਾਂਦੇ
ਹਨ। ਜਿਵੇਂ ਕੈਨੇਡੀਅਨ ਪੰਜਾਬੀ ਲੋਕਾਂ ਨੂੰ ਗੋਰੇ ਲੋਕਾਂ ਵਿਚ ਰਹਿਣਾ ਨਹੀਂ ਆਉਂਦਾ। ਕੈਨੇਡੀਅਨ
ਪੰਜਾਬੀ ਬਜ਼ੁਰਗਾਂ ਨੂੰ ਆਪਣੇ ਹੀ ਬਣਾਏ ਵੱਡੇ ਵੱਡੇ ਘਰਾਂ ਦੀਆਂ ਬੇਸਮਿੰਟਾਂ ਵਿਚ ਰਹਿ ਕੇ ਦਿਨ-
ਕਟੀ ਕਰਨੀ ਪੈਂਦੀ ਹੈ। ਕੈਨੇਡੀਅਨ ਪੰਜਾਬੀ ਲੋਕਾਂ ਦਾ ਇਕ ਵਰਗ ਅਜਿਹਾ ਹੈ ਜਿਸਨੂੰ ਪੈਸੇ ਬਿਨਾਂ
ਕੁਝ ਵੀ ਦਿਸਦਾ ਨਹੀਂ ਹੈ। ਕੈਨੇਡੀਅਨ ਪੰਜਾਬੀ ਲੋਕ ਪੈਸੇ ਦੀ ਬਹੁਲਤਾ ਲਈ ਦੋਹਰੇ ਕੰਮ ਕਰਦੇ ਹਨ।
ਇਕ ਬੰਨੇ ਉਹ ਨੌਕਰੀਆਂ ਕਰਦੇ ਨੇ ਤੇ ਦੂਸਰੇ ਬੰਨੇ ਘਰ ਬਣਾ ਬਣਾ ਕੇ ਵੇਚਣ ਦਾ ਧੰਦਾ ਕਰਦੇ ਹਨ।
ਪੈਸੇ ਕਮਾਉਣ ਦੇ ਚੱਕਰ ਵਿਚ ਨਾ ਤਾਂ ਕੈਨੇਡੀਅਨ ਪੰਜਾਬੀ ਲੋਕਾਂ ਕੋਲ ਆਪਣੇ ਨਿਆਣਿਆਂ ਨਾਲ
ਗੱਲ ਕਰਨ ਦਾ ਵਕਤ ਹੁੰਦਾ ਹੈ ਅਤੇ ਨਾ ਹੀ ਆਪਣੇ ਮਾਪਿਆਂ ਵੱਲ ਧਿਆਨ ਦੇਣ ਦੀ ਵਿਹਲ। ਸਿੱਟੇ
ਵਜੋਂ, ਜੁਆਨ ਨਿਆਣੇ ਤੇ ਸਿਆਣੇ ਅਛੋਪਲੇ ਹੀ ਸਥਾਨਕ ਸਭਿਆਚਾਰ ਦੀਆਂ ਕਦਰਾਂ-ਕੀਮਤਾਂ
ਵੱਲ ਖਿੱਚੇ ਜਾਂਦੇ ਹਨ। ਬਹੁਤੇ ਕੈਨੇਡੀਅਨ ਪੰਜਾਬੀ ਲੋਕਾਂ ਕੋਲ ਪੈਸੇ ਦੀ ਕੋਈ ਘਾਟ ਨਹੀਂ ਪਰ ਉਹਨਾਂ
ਦੀ ਰੂਹ ਘਰ ਵੱਲੋਂ ਬਿਗਾਨੀ ਤੇ ਪੈਸੇ ਵੱਲੋਂ ਅਤ੍ਰਿਪਤ ਰਹਿੰਦੀ ਹੈ। ਕੈਨੇਡੀਅਨ ਰਾਜ ਵੱਲੋਂ ਦਿੱਤੀਆਂ
ਆਰਥਿਕ ਸਹੂਲਤਾਂ ਨੂੰ ਪ੍ਰਾਪਤ ਕਰਨ ਲਈ ਕੈਨੇਡੀਅਨ ਪੰਜਾਬੀ ਲੋਕਾਂ ਦੀ ਲੋਭ-ਭਾਵਨਾ ਉਛਾਲੇ
ਮਾਰਦੀ ਹੈ ਜਿਵੇਂ ਵੈਲਫੇਅਰ ਦੇ ਪੈਸਿਆਂ, ਹਾਦਸਿਆਂ ਕਾਰਨ ਬੀਮਾ-ਕੰਪਨੀਆਂ ਵਿਚੋਂ ਮਿਲਣ ਵਾਲੇ
ਪੈਸਿਆਂ ਨੂੰ ਪ੍ਰਾਪਤ ਕਰਨ ਲਈ ਬਦਦਿਆਨਤਦਾਰੀ ਦਿਖਾਉਣਾ। ਕੈਨੇਡੀਅਨ ਰਾਜ ਵਿਵਸਥਾ

ਵਿਚ ਕਾਰਜਸ਼ੀਲ 'ਆਪਣਾ ਕਮਾਉਣਾ ਤੇ ਆਪਣਾ ਖਾਣਾ' ਦੀ ਆਰਥਿਕ ਸਮੀਕਰਣ ਪੰਜਾਬੀਆਂ ਦੇ ਸਮਾਜਕ ਤੇ ਆਰਥਿਕ ਜੀਵਨ ਉੱਤੇ ਲਾਗੂ ਹੁੰਦੀ ਹੈ, ਜਿਸ ਕਾਰਨ ਉਹ ਆਪਣਾ ਪਿੱਛਾ ਵੀ ਭੁੱਲ-ਭੁਲਾਈ ਜਾ ਰਹੇ ਹਨ।

'ਬਰਫ਼ ਦਾ ਗੀਤ' ਕਹਾਣੀ ਵਿਚ ਕੈਨੇਡੀਅਨ ਪੰਜਾਬੀ ਪਰਿਵਾਰਾਂ ਵਿਚ ਨਿਰਮੋਹੇ ਹੋ ਰਹੇ ਜਾਂ ਹੋ ਚੁੱਕੇ ਖ਼ੂਨ ਦੇ ਰਿਸ਼ਤਿਆਂ ਦੀ ਬਾਤ ਪਾਈ ਗਈ ਹੈ, ਜਿਸਨੂੰ ਕੈਨੇਡੀਅਨ ਸਮਾਜਕ ਤੇ ਆਰਥਿਕ ਪ੍ਰਬੰਧ ਦੇ ਪ੍ਰਸੰਗ ਵਿਚ ਹੀ ਬੁੱਝਿਆ ਜਾ ਸਕਦਾ ਹੈ। ਕਹਾਣੀ ਵਿਚ ਪਾਈ ਬੁਝਾਰਤ ਨੂੰ ਸਾਧੂ ਬਿਨਿੰਗ ਰਚਿਤ ਕਵਿਤਾ 'ਵਤਨੋਂ ਦੂਰ ਨਹੀਂ' ਦੀਆਂ ਕਾਵਿ-ਸਤਰਾਂ ਵੀ ਇੰਝ ਬੁੱਝਦੀਆਂ ਹਨ:

*ਮੈਂ ਲਿਖਿਆ ਹੈ:*
*ਬਹੁਤ ਦੇਰ ਪਹਿਲਾਂ/ ਛੱਡਿਆ ਸੀ ਘਰ ਬਾਪ ਮੇਰੇ*
*ਉਹ ਇਸ ਸੁਫਨੇ ਨਾਲ ਜਿਉਂਦਾ ਰਿਹਾ*
*ਕਿ ਸਫਰ ਲਾ ਕੇ ਮੁੜ ਖੇਤਾਂ ਬੰਨੇ ਜਾ ਬਹੇਗਾ*
*ਸੁੱਖ ਨਾਲ ਬਿਤਾਉਣ ਲਈ ਜ਼ਿੰਦਗੀ ਦੇ ਆਖਰੀ ਪਲ*
*ਹੁਣ ਉਸਦੇ ਸਰੀਰ ਨਾਲ ਹੀ ਉਸਦੇ ਸਾਰੇ ਸੁਫਨੇ*
*ਇਸ ਧਰਤੀ 'ਚ ਮਿਲ ਗਏ ਹਨ*
*ਮੇਰਾ ਬਾਪ/ ਇਸ ਮਿੱਟੀ ਦਾ ਹਿੱਸਾ ਹੋ ਗਿਆ ਹੈ*
*ਇਹ ਮਿੱਟੀ ਮੇਰੀ ਹੋ ਗਈ ਹੈ*

ਉਕਤ ਕਾਵਿ-ਸਤਰਾਂ 'ਬਰਫ਼ ਦਾ ਗੀਤ' ਕਹਾਣੀ ਵਿਚਲੇ ਪਿਉ ਪੁੱਤਰ ਪਾਤਰਾਂ ਦੀ ਜੀਵਨ-ਸਥਿਤੀ ਉਪਰ ਪੂਰਨ ਭਾਂਤ ਢੁੱਕਦੀਆਂ ਹਨ। ਦੋਵੇਂ ਪਾਤਰ ਆਪੋ ਆਪਣੇ ਤਰੀਕਿਆਂ ਨਾਲ ਕੈਨੇਡਾ ਦੀ ਧਰਤੀ ਨੂੰ ਆਪਣੀ ਧਰਤੀ ਕਹਿਣ ਦੇ ਸਮਰੱਥ ਹੋ ਰਹੇ ਹਨ। ਹੇਠ ਲਿਖੀਆਂ ਕਾਵਿ-ਸਤਰਾਂ ਦਾ ਭਾਵ-ਪ੍ਰਬੰਧ ਵੀ ਉਹਨਾਂ ਦੇ ਜੀਵਨ-ਪ੍ਰਬੰਧ ਨੂੰ ਨਿਰਧਾਰਤ ਕਰਦਾ ਜਾਪਦਾ ਹੈ:

*ਜਦੋਂ ਕੋਈ ਚਾਰਾ ਨਾ ਰਹੇ*
*ਹਾਲਤ ਬਦਲੀ ਨਾ ਜਾ ਸਕੇ*
*ਹਾਲਤ ਦਾ ਕੋਈ ਹੋਰ ਨਾਂ ਧਰ ਦਿਓ*

ਕੈਨੇਡੀਅਨ ਪੰਜਾਬੀ ਵਿਅਕਤੀ ਦੇ ਮਨਾਂ ਵਿਚ ਪੂੰਜੀਵਾਦੀ ਆਰਥਿਕ ਪ੍ਰਬੰਧ ਵਾਲੇ ਹਾਲਾਤ ਭਾਵਕ ਦੁਖਾਂਤ ਉਪਜਾਉਂਦੇ ਹਨ। ਇਹੀ ਦੁਖਾਂਤ ਪਰਿਵਾਰਕ ਰਿਸ਼ਤਿਆਂ ਦੇ ਤਨਾਉ ਵਿਚ ਵਟ ਕੇ ਕੈਨੇਡੀਅਨ ਪੰਜਾਬੀ ਵਿਅਕਤੀ ਦੀ ਹੋਂਦ ਨੂੰ ਨਿਰਧਾਰਤ ਕਰਦੇ ਹਨ ਜਿਵੇਂ ਸਾਧੂ ਬਿਨਿੰਗ ਦੀ ਇਕ ਕਵਿਤਾ 'ਉਦੋਂ ਤੇ ਹੁਣ' ਵਿਚਲੀਆਂ ਕਾਵਿ ਸਤਰਾਂ 'ਮੇਰਾ ਸ਼ੀਸ਼ਾ' ਕਹਾਣੀ ਦਾ ਵਸਤੂ-ਸੰਦਰਭ ਬਣਨ ਦੀ ਸੰਭਾਵਨਾ ਰੱਖਦੀਆਂ ਹੋਈਆਂ ਕੈਨੇਡੀਅਨ ਪੰਜਾਬੀ ਵਿਅਕਤੀ ਦੀ ਹੋਂਦ ਨੂੰ ਇੰਝ ਨਿਰਧਾਰਤ ਕਰਦੀਆਂ ਹਨ :

*ਮੈਂ ਤਾਂ ਚਾਹਿਆ ਸੀ*
*ਸਟਰਾਅਬੇਰੀ ਦੀਆਂ ਪਾਲਾਂ 'ਚ ਘਿਸਰਦੇ*
*ਬੁੱਢੇ ਗੋਡਿਆ ਵਿਚਲੀ ਪੀੜ ਦੀ ਬਾਤ ਪਾਵਾਂ*
*ਮੈਂ ਤਾਂ ਚਾਹਿਆ ਸੀ*
*ਦੁਨੀਆਂ ਭਰ ਦੇ ਹਵਾਈ ਅੱਡਿਆਂ 'ਤੇ*
*ਸਫਾਈ ਕਰਦੇ ਗੈਰ-ਚਿੱਟੇ ਲੋਕਾਂ ਦੀਆਂ*
*ਦੁਖਦੀਆਂ ਪਿੱਠਾਂ ਦੀ ਗਾਥਾ ਗਾਵਾਂ*

ਸਾਧੂ ਬਿਨਿੰਗ ਦੀ ਮਾਨਵਵਾਦੀ ਪ੍ਰਗਤੀਵਾਦੀ ਸਰੂਪ ਵਾਲੀ ਕਾਵਿ-ਮੈਂ 'ਮੇਰਾ ਸ਼ੀਸ਼ਾ' ਕਹਾਣੀ ਵਿਚ ਕਥਾ-ਦ੍ਰਿਸ਼ਟੀ ਦਾ ਰੂਪ ਧਾਰ ਕੇ ਕੈਨੇਡੀਅਨ ਸਮਾਜ ਵਿਚ ਪੰਜਾਬੀ ਵਿਅਕਤੀ ਦੇ ਬੁੱਢੇ ਸਰੀਰ ਵੱਲੋਂ ਕੀਤੇ ਜਾਂਦੇ ਕੰਮਾਂ ਦਾ ਦ੍ਰਿਸ਼ਟਾਂਤਕ ਬਿੰਬ ਉਸਾਰਦੀ ਹੈ, ਜਿਵੇਂ ਬੁੱਢੀ ਉਮਰੇ ਬਿਗਾਨੇ ਦੇਸ਼ ਗੁਲਾਮਾਂ ਦੀ ਤਰ੍ਹਾਂ ਐਸ਼ਟਰੇਆਂ ਨੂੰ ਸਾਫ ਕਰਨ, ਫਰਸ਼ਾਂ ਨੂੰ ਰਗੜਨ, ਕੂੜੇ ਵਾਲੇ ਢੋਲ ਖਾਲੀ ਕਰਨ, ਵਾਸ਼ਰੂਮ



ਸਾਫ ਕਰਨ, ਰੈਸਟੋਰੈਂਟ ਵਿਚ ਭਾਂਡੇ ਧੋਣ ਆਦਿ ਵਰਗੇ ਕੰਮ ਕਰਦੀ ਕੈਨੇਡੀਅਨ ਪੰਜਾਬੀ ਬਜ਼ੁਰਗ ਔਰਤ ਦੇ ਦੀਦਾਰ ਹੁੰਦੇ ਹਨ। ਕੈਨੇਡਾ ਵਿਚਲੀ ਰਾਤ ਦੀਆਂ ਰੋਸ਼ਨੀਆਂ ਤੇ ਮਸ਼ੀਨੀ ਸ਼ੋਰ ਉਸਨੂੰ ਜਿਹੜਾ ਨਵਾਂ ਜੀਵਨ ਅਰਥਾਤ ਕੈਨੇਡੀਅਨ ਜੀਵਨ ਪ੍ਰਦਾਨ ਕਰਦਾ ਹੈ ਉਸ ਵਿਚੋਂ ਉਸ ਲਈ ਉਮਰ ਦੇ ਆਖਰੀ ਵਰ੍ਹਿਆਂ ਵਿਚ ਸੋਹਣੇ ਸਵਰਗ ਵਰਗੇ ਜੀਵਨ ਜਿਊਣ ਦੀ ਤਮੰਨਾ ਗ਼ਾਇਬ ਹੋ ਜਾਂਦੀ ਹੈ। ਕਿਉਂ ਜੁ, ਪੁੱਤਰ ਦੀ ਮੋਰਗੇਜ ਚਲਦੀ ਰੱਖਣ ਲਈ ਅਤੇ ਨੂੰਹ ਤੋਂ ਇੱਜ਼ਤ ਕਰਵਾਉਣ ਲਈ ਉਸਨੂੰ (ਮਾਂ ਨੂੰ) ਮਸ਼ੀਨਾਂ ਦੇ ਕੰਨ-ਪਾੜਵੇਂ ਸ਼ੋਰ ਵਿਚ ਇਕ ਮਜ਼ਦੂਰ ਬਣ ਕੇ ਕੰਮ ਕਰਨਾ ਪੈਂਦਾ ਹੈ, ਗੋਰੇ ਲੋਕਾਂ ਤੋਂ ਬੇਇੱਜ਼ਤੀ ਸਹਿਣੀ ਪੈਂਦੀ ਹੈ। ਸਾਧੂ ਬਿਨਿੰਗ ਦਾ ਕਥਾ ਚਿੰਤਨ ਕੈਨੇਡੀਅਨ ਪੰਜਾਬੀ ਵਿਅਕਤੀ ਨੂੰ ਉਸ ਯਥਾਰਥਕ ਸ਼ੀਸ਼ੇ ਸਨਮੁਖ ਕਰਦਾ ਹੈ ਜਿਹੜਾ ਉਸਨੂੰ ਉਸਦਾ ਅਸਲ ਅਕਸ ਦਿਖਾਉਂਦਾ ਹੈ। ਇਸ ਅਕਸ ਦੀ ਪਛਾਣ 'ਭਾਂਡੇ ਧੋਣ' ਕਵਿਤਾ ਦੀਆਂ ਹੇਠ ਲਿਖੀਆਂ ਸਤਰਾਂ ਵਿਚੋਂ ਵੀ ਹੋ ਜਾਂਦੀ ਹੈ:

*ਭਾਂਡੇ ਧੋਣਾ*
*..........*
*ਕੀ ਇਹ ਕੈਨੇਡੀਅਨ ਬਣਨਾ ਹੈ?*
*ਕੋਈ ਸਿਆਸੀ ਦਾਓ ਪੇਚ ਹੈ? / ਕੋਈ ਨਵਾਂ ਗਿਆਨ ਹੈ?* 
*ਮੈਂ ਪੁੱਛਦਾ ਹਾਂ/ ਸਿਆਸੀ ਦਾਓ ਪੇਚ ਹੈ? / ਕੋਈ ਨਵਾਂ ਗਿਆਨ ਹੈ?*
*ਕੋਈ ਨਾ ਕੋਈ ਤਾਂ/ ਸਪਸ਼ਟੀਕਰਨ ਹੋਵੇਗਾ?*
*ਜਿਹੜਾ ਸਪਸ਼ਟੀਕਰਨ ਮਿਲਦਾ ਹੈ*
*ਉਹ ਸਮਾਜ-ਵਿਗਿਆਨਕ ਹੈ*
*ਪਿੱਛੇ ਕੰਮ ਕਰਦੀ ਸ਼ਕਤੀ ਆਰਥਿਕ ਹੈ*
*ਭਾਂਡੇ ਧੋਣਾ ਮੇਰੇ ਲਈ / ਇਤਿਹਾਸਕ ਕਾਰਜ ਨਹੀਂ*
*ਸੋ ਮੇਰੀ ਮੁਸ਼ਕਿਲ ਮਨੋਵਿਗਿਆਨਕ ਹੈ*
*ਇਹ ਤਾਂ ਇਕ ਤਰ੍ਹਾਂ/ ਸਮਾਜ ਵਿਚ/ ਥੱਲੇ ਲਹਿਣ ਵਾਲੀ ਗੱਲ ਹੋਈ*
*...*
*ਅਸਲ ਵਿਚ ਯਾਰ! ਇਹ ਨਵੇਂ ਯਥਾਰਥ ਦਾ ਹਿੱਸਾ ਹੈ*
*ਇਸ ਨਾਲ ਘਰ ਵਿਚ/ ਸ਼ਾਂਤੀ ਪਸਰ ਸਕਦੀ ਹੈ*

ਸਾਧੂ ਬਿਨਿੰਗ ਦਾ ਗਲਪ ਚਿੰਤਨ ਕੈਨੇਡਾ ਵਰਗੇ ਪੂੰਜੀਵਾਦੀ ਆਰਥਿਕ ਪ੍ਰਬੰਧ ਵਾਲੇ ਦੇਸ਼ ਵਿਚ ਜਿੱਥੇ ਭਾਰਤੀ ਘਰ ਪਰਿਵਾਰ ਦੀ ਪ੍ਰਣਾਲੀ ਨੂੰ ਜੀਵਤ ਰੱਖਣ ਉਤੇ ਜ਼ੋਰ ਦਿੰਦਾ ਹੈ ਉਥੇ ਕੈਨੇਡੀਅਨ ਘਰ ਪਰਿਵਾਰ ਦੇ ਸਮਾਜਕ ਯਥਾਰਥ ਦਾ ਬੋਧ ਵੀ ਦਿੰਦਾ ਹੈ। ਇਸੇ ਤਰ੍ਹਾਂ ਸਾਧੂ ਬਿਨਿੰਗ ਆਪਣੀ ਕਵਿਤਾ ਵਿਚ 'ਘਰ' ਬਾਰੇ ਦੋ ਵਿਰੋਧੀ ਕਾਵਿ ਬੋਲਾਂ ਦੇ ਸਮਾਨਾਂਤਰ ਇਕ ਤੀਸਰਾ ਕਾਵਿ ਬੋਲ ਉਚਾਰਦਾ ਹੈ ਜਿਹੜਾ ਭਾਰਤੀ ਘਰ ਪਰਿਵਾਰ ਦੀ ਵਿਵਸਥਾ ਨੂੰ ਬਚਾਉਣ ਦਾ ਕਾਵਿ-ਉਦੇਸ਼ ਵੀ ਬਣਦਾ ਹੈ।

ਪਹਿਲਾ ਕਾਵਿ ਬੋਲ:

*ਜਦ ਦਾ ਜੰਮਿਆਂ/ ਬਾਪ ਦਾਦੇ ਦਾ ਘਰ ਹੀ ਨਹੀਂ*
*ਸਾਰੇ ਪਿੰਡ ਨੂੰ ਵੀ/ ਆਪਣਾ ਹੀ ਕਿਹਾ*

ਦੂਸਰਾ ਕਾਵਿ ਬੋਲ:

*ਪਰ ਅੱਜ ਕੱਲ੍ਹ/ ਅੱਖ ਦੇ ਫੋਰ 'ਚ*
*ਤੂੰ ਘਰ ਨਹੀਂ ਰਹਿੰਦਾ/ ਸਿਰਫ ਮਕਾਨ ਬਣ ਜਾਂਦਾ ਏਂ*
*ਵੇਚਣ ਖਰੀਦਣ ਵਾਲੀ/ ਘਾਟੇ ਤੇ ਮੁਨਾਫੇ ਵਾਲੀ/ ਮੰਡੀ ਦੀ ਇਕ ਸ਼ੈਅ*

ਤੀਸਰਾ ਕਾਵਿ ਬੋਲ:

*ਜੇ ਤੇਜ਼ ਚਲਦੀ ਕਾਰ ਨਾ ਰੁਕੀ/ ਤਾਂ ਅਜਿਹਾ ਹਾਦਸਾ ਹੋਵੇਗਾ*
*ਤੁਸੀਂ ਸਾਰੇ ਜਿਸਮਾਨੀ ਤੌਰ 'ਤੇ/ ਵਾਲ ਵਾਲ ਬਚ ਵੀ ਜਾਵੋਗੇ*
*ਤੁਹਾਡੇ ਘਰ ਦੀ ਮੌਤ/ ਅਵੱਸ਼ ਹੋ ਜਾਵੇਗੀ*
*ਤੇ ਸਾਰੇ ਬਚ ਕੇ/ ਸਦਾ ਲਈ ਤੜਪਦੇ ਰਹੋਗੇ*

ਕੈਨੇਡੀਅਨ ਪੰਜਾਬੀ ਸਮਾਜ ਦੇ ਘਰ ਪਰਿਵਾਰ ਦੇ ਯਥਾਰਥ ਨੂੰ ਪੇਸ਼ ਕਰਨ ਲਈ ਸਾਧੂ ਬਿਨਿੰਗ ਦੀ ਕਵਿਤਾ ਜਿੱਥੇ ਯਥਾਰਥ ਦੇ ਹਾਦਸਿਆਂ ਦੇ ਅੰਸ਼ਾਂ ਨੂੰ ਕਾਵਿਕ ਅੰਦਾਜ਼ ਵਿਚ ਆਪਣੇ ਅੰਦਰ ਸਮੋਂਦੀ ਹੈ ਉਥੇ ਗਲਪ ਵੀ ਇਨ੍ਹਾਂ ਅੰਸ਼ਾਂ ਦੇ ਸਮੁੱਚ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਅਨੇਕਾਂ ਸਵਾਲਾਂ ਨੂੰ ਜਨਮ ਦੇਣ ਵਾਲੇ ਹਾਦਸੇ ਉਸਦੀ ਕਵਿਤਾ ਅਤੇ ਗਲਪ ਦਾ ਅੰਗ ਬਣੇ ਹਨ। ਮਿਸਾਲ ਦੇ ਤੌਰ ਉਤੇ: ਰਾਤ ਵੇਲੇ ਬੱਚੇ ਨੂੰ ਬਾਤ ਸੁਣਾਏ ਬਗੈਰ ਸੌਂ ਜਾਣ ਦਾ, ਬਾਪ ਬਣਨ ਦੇ ਫਰਜ਼ ਭੁੱਲ ਜਾਣ ਦਾ, ਜੀਵਨ ਦੇ ਖਾਲੀਪਨ ਤੋਂ ਅੱਕ ਕੇ ਅੱਖਾਂ ਮੀਟ ਜਾਣ ਦਾ, ਜੀਵਨ ਦੀ ਮੁੱਢਲੀ ਸਿੱਖਿਆ ਭੁੱਲ ਜਾਣ ਦਾ, ਗਲ ਪਿਆ ਢੋਲ ਵਜਾਉਣ ਦਾ, ਘਰਾਂ ਅੰਦਰ ਸੰਗਮਰਮਰ ਲਾਉਣ ਲਈ ਘਰ ਦੀ ਸ਼ਾਂਤੀ ਵਿਕ ਜਾਣ ਦਾ, ਮਰ ਰਹੇ ਰਿਸ਼ਤਿਆਂ ਦਾ ਸੋਗ ਤਕ ਵੀ ਨਾ ਮਨਾਉਣ ਦਾ, ਆਪਣੀ ਰੂਹ ਦਾ ਕਤਲ ਕਰਕੇ ਪਰਵਾਸੀ ਜੀਵਨ ਨੂੰ ਅਪਨਾਉਣ ਦਾ, ਨਿੱਘ-ਨੀਂਦ-ਸੁਪਨਿਆਂ ਤੋਂ ਸੱਖਣੇ ਘਰ ਬਣ ਜਾਣ ਦਾ, ਪੁਰਾਣੀਆਂ ਦੋਸਤੀਆਂ ਦਾ ਚੇਤਾ ਵਿਸਰ ਜਾਣ ਦਾ, ਮਨ 'ਚ ਅਨੇਕਾਂ ਅਣਜਾਣੇ ਭੈਅ ਜਾਗਣ ਦਾ, ਆਪਣੇ ਆਪ ਤੋਂ ਦੂਰ ਹੋ ਜਾਣ ਦਾ, ਜੀਵਨ ਦੇ ਜਸ਼ਨ ਵਿਚੋਂ ਆਤਮਾ ਦੇ ਗੈਰ-ਹਾਜ਼ਰ ਹੋਣ ਦਾ, ਸਾਊ ਹੋਣ ਅਤੇ ਸਾਊ ਦਿਸਣ ਵਿਚ ਫਰਕ ਵਿਆਪ ਜਾਣ ਦਾ, ਵਿਅਕਤੀ ਦਾ ਖਰੀਦਦਾਰ ਤੇ ਵਿਕਾਊ ਮਾਲ ਬਣ ਜਾਣ ਦਾ ਇਤਿਆਦਿ। ਪਰਵਾਸੀ ਪੰਜਾਬੀ ਵਿਅਕਤੀ ਦੀ ਵਿੰਡਬਨਾ ਇਹ ਹੈ ਕਿ ਉਹ ਅਜਿਹੇ ਹਾਦਸਿਆਂ ਦਾ ਸ਼ਿਕਾਰ ਹੋ ਕੇ ਵੀ ਹੇਠ ਲਿਖੀਆਂ ਕਾਵਿ ਸਤਰਾਂ ਵਿਚਲਾ ਸੱਚ ਸਾਕਾਰ ਕਰਦਾ ਰਹਿੰਦਾ ਹੈ:

*ਇਹ ਸਭ ਹਾਦਸੇ ਵਾਪਰ ਜਾਣ 'ਤੇ ਵੀ*
*ਮੈਂ ਸੋਚਣ ਤੋਂ ਇਨਕਾਰੀ ਹਾਂ*
*ਮੇਰੇ ਵੀ ਸੁਪਨੇ ਕਿਤੇ ਮਰ ਤਾਂ ਨਹੀਂ ਗਏ*

ਸਾਧੂ ਬਿਨਿੰਗ ਦੀ ਗਲਪ ਤੇ ਕਾਵਿ ਚੇਤਨਾ ਮਰ ਰਹੇ ਸੁਪਨਿਆਂ ਨੂੰ ਬਚਾਉਣ ਦੇ ਆਹਰ ਵਿਚ ਤਾਂ ਹੈ ਪਰ ਕੈਨੇਡੀਅਨ ਸਮਾਜਕ ਯਥਾਰਥ ਇੰਨਾ ਡਾਢਾ ਹੈ ਕਿ ਉਹ ਇਸ ਚੇਤਨਾ ਉਤੇ ਭਾਰੂ ਹੋ ਜਾਂਦਾ ਹੈ। ਇਹੋ ਸਾਧੂ ਬਿਨਿੰਗ ਦੇ ਸਿਰਜਣਾਤਮਕ ਸਾਹਿਤ ਦਾ ਯਥਾਰਥਵਾਦ ਹੈ। ਯਥਾਰਥਵਾਦ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਦੇਖਣ ਕਰਕੇ ਹੀ ਸਾਧੂ ਬਿਨਿੰਗ ਦੇ ਸਾਹਿਤ ਵਿਚ ਇਕ ਬੰਨੇ ਜੇ ਮਨੋਵਿਗਿਆਨਕ ਯਥਾਰਥ ਦੇ ਦਰਸ਼ਨ ਹੁੰਦੇ ਹਨ ਤਾਂ ਦੂਜੇ ਬੰਨੇ ਇਸੇ ਮਨੋਵਿਗਿਆਨਕ ਯਥਾਰਥ ਨੂੰ ਆਲੋਚਨਾਤਮਕ ਤਰੀਕੇ ਨਾਲ ਪੇਸ਼ ਕਰਨ ਵਾਲੇ ਆਲੋਚਨਾਤਮਕ ਯਥਾਰਥਵਾਦ ਦੇ ਦਰਸ਼ਨ ਵੀ ਹੁੰਦੇ ਹਨ। 'ਕਿਸਦਾ ਕਸੂਰ ?' ਕਹਾਣੀ ਇਸ ਵਿਚਾਰ ਦਾ ਗਲਪੀ ਫੈਲਾਉ ਹੈ।

'ਕਿਸਦਾ ਕਸੂਰ ?' ਕਹਾਣੀ ਵਿਚ ਕੈਨੇਡੀਅਨ ਸਮਾਜ ਦੇ ਕਾਮੁਕ ਵਰਤਾਰੇ ਨੂੰ ਉਥੋਂ ਦੇ ਮੁੰਡਿਆਂ ਵੱਲੋਂ ਕੁੜੀਆਂ ਬਾਰੇ ਕੀਤੀਆਂ ਜਾਂਦੀਆਂ ਅਸ਼ਲੀਲ ਗੱਲਾਂ, ਕੰਮ ਉਪਰ ਲੰਚ ਰੂਮ ਵਿਚ ਪਏ ਗੰਦੇ ਰਸਾਲਿਆਂ ਦੀਆਂ ਤਸਵੀਰਾਂ ਤੇ ਕਹਾਣੀਆਂ, ਹਰ ਪਾਸੇ ਫਿਰਦੀਆਂ ਔਰਤਾਂ ਦੀਆਂ ਕਾਮੁਕ ਪੁਸ਼ਾਕਾਂ ਤੇ ਅਦਾਵਾਂ, ਟੀ. ਵੀ. ਉਪਰ ਚਲਦੇ ਪ੍ਰੋਗਰਾਮਾਂ, ਤਸ਼ੱਦਦ ਤੇ ਕਾਮ ਦੇ ਸੀਨਾਂ ਦੁਆਲੇ ਉਸਾਰੀਆਂ ਜਾਂਦੀਆਂ ਫਿਲਮਾਂ ਇਤਿਆਦਿ ਸੰਕੇਤਾਂ ਰਾਹੀਂ ਰੂਪਮਾਨ ਕੀਤਾ ਹੈ। ਕਹਾਣੀ ਦੀ ਮੁੱਖ ਕੈਨੇਡੀਅਨ ਪਾਤਰ ਜੈਨੀ ਆਪਣੀ ਨਾਬਾਲਗ ਉਮਰ ਵਿਚ ਹੀ ਬਾਲਗਾਂ ਵਾਲੇ ਸਾਰੇ ਕਾਮੁਕ ਕਾਰਜ ਕਰਦੀ ਹੈ। ਜਦੋਂ ਬਾਲਗ ਉਮਰ ਵਿਚ ਜਾ ਕੇ ਉਸ ਅੰਦਰਲੀ ਪਸ਼ੂਆਂ ਵਾਲੀ ਅੰਨ੍ਹੀ ਕਾਮੁਕ ਭੁੱਖ ਘਟ ਜਾਂਦੀ ਹੈ, ਉਹ ਚੰਗਾ ਬਣਨ ਦੀ ਕੋਸ਼ਿਸ਼ ਕਰਦੀ ਹੈ ਅਤੇ ਵਿਆਹ ਤਕ ਕਿਸੇ ਵੀ ਮਰਦ ਨਾਲ ਹਮਬਿਸਤਰ ਨਾ ਹੋਣ ਦੀ ਧਾਰਨਾ ਨੂੰ ਕਬੂਲ ਕਰਦੀ ਹੈ। ਇਥੋਂ ਤਕ ਕਿ ਆਪਣੇ ਦੂਸਰੇ ਪ੍ਰੇਮੀ, ਡੇਵਿਡ, ਜਿਹੜਾ ਕਿ ਉਸ ਨਾਲ ਵਿਆਹ ਕਰਵਾਉਣ ਲਈ ਰਾਜ਼ੀ ਹੈ, ਨੂੰ ਵੀ ਹਮਬਿਸਤਰ ਹੋਣ ਤੋਂ ਰੋਕਦੀ ਹੈ। ਵਿਆਹ ਤੋਂ ਪਹਿਲਾਂ ਕਾਮ-ਕ੍ਰੀੜਾ ਵਿਚ ਵਿਅਸਤ ਹੋਣ ਤੋਂ ਇਨਕਾਰ ਦੇ ਇਸ ਪੱਖ ਵਿਚ ਹੀ ਕਥਾਕਾਰ ਦੀ ਮਾਨਵਵਾਦੀ ਦ੍ਰਿਸ਼ਟੀ ਉਭਰਦੀ ਹੈ। ਸਾਧੂ ਬਿਨਿੰਗ ਦੀ ਇਸੇ ਦ੍ਰਿਸ਼ਟੀ ਉੱਤੇ ਡੇਵਿਡ ਦੀ



ਕਾਮੁਕ ਹਵਸ ਦਾ ਵਤੀਰਾ ਜੈਨੀ ਦਾ ਬਲਾਤਕਾਰ ਕਰਨ ਪਿੱਛੋਂ ਉਸਦਾ ਕਤਲ ਕਰ ਦੇਣ ਵਰਗੇ ਕਰੂਰ ਯਥਾਰਥ ਦੇ ਰੂਪ ਵਿਚ ਭਾਰੂ ਹੋ ਜਾਂਦਾ ਹੈ। ਏਥੇ ਸਾਧੂ ਬਿਨਿੰਗ ਕੈਨੇਡੀਅਨ ਯਥਾਰਥ ਦੇ ਅਪਰਾਧਕ ਪੱਖਾਂ ਨੂੰ ਮਾਨਵਵਾਦੀ ਦ੍ਰਿਸ਼ਟੀ ਤਹਿਤ ਚਿਤਰਨ ਵਾਲਾ ਪ੍ਰਮਾਣਕ ਗਲਪਕਾਰ ਸਾਬਤ ਹੁੰਦਾ ਹੈ। ਸਾਰੀ ਕਹਾਣੀ ਵਿਚ ਡੇਵਿਡ ਮਾੜੇ ਵਿਅਕਤੀ ਵਜੋਂ ਨਹੀਂ ਵਿਚਰਿਆ ਪਰ ਜਦੋਂ ਉਸਨੂੰ ਆਪਣੇ 'ਪੂਰਾ ਮਰਦ ਨਾ ਹੋਣ' ਅਤੇ ਆਪਣੇ ਵਿਚ 'ਘਟੀਆਪਨ ਦਾ ਅਹਿਸਾਸ' ਹੋਣ ਦਾ ਸੰਕੇਤ ਮਿਲਦਾ ਹੈ ਤਾਂ ਉਹ ਨਸ਼ੇ ਦੇ ਅਸਰ ਤੇ ਗੁੱਸੇ ਨਾਲ ਪਾਗਲ ਹੋ ਕੇ ਮਾਸਖੋਰੇ ਜਾਨਵਰ ਵਾਂਗ ਜੈਨੀ ਦੇ ਮੂੰਹ ਅਤੇ ਛਾਤੀਆਂ ਉੱਤੇ ਆਪਣੇ ਦੰਦਾਂ ਨਾਲ ਖੂਨ ਕੱਢ ਕੱਢ ਕੇ ਉਸਦਾ ਬਲਾਤਕਾਰ ਕਰਦਾ ਹੈ। ਬਲਾਤਕਾਰ ਕਰਨ ਮਗਰੋਂ ਉਹ ਨੈਤਿਕ ਡਰ ਕਾਰਨ ਕੰਬ ਜਾਂਦਾ ਹੈ। ਕਿਉਂਜੁ, ਉਹ ਮਹਿਸੂਸਦਾ ਹੈ ਕਿ ਉਸਨੇ ਆਪਣੇ ਜੀਵਨ ਵਿਚ ਪਹਿਲਾਂ ਕਦੇ ਵੀ ਅਜਿਹਾ ਕੰਮ ਨਹੀਂ ਕੀਤਾ। ਇਸ ਡਰ ਤੋਂ ਬਚਣ ਲਈ ਹੀ ਉਹ ਅੱਧਮਰੀ ਅਵਸਥਾ ਵਿਚ ਪਈ ਜੈਨੀ ਦਾ ਆਪਣੇ ਮਜ਼ਬੂਤ ਅੰਗੂਠਿਆਂ ਦੇ ਸਹਾਰੇ ਸਾਹਾਂ ਦਾ ਸਿਲਸਿਲਾ ਤੋੜ ਦਿੰਦਾ ਹੈ ਅਤੇ ਆਪ ਵੀ ਨਸ਼ੇ ਦੀ ਲੋਰ ਵਿਚ ਉਸ ਕੋਲੋਂ ਭੱਜਣ ਜੋਗਾ ਨਹੀਂ ਰਹਿੰਦਾ। ਪੁਲਿਸ ਉਸਨੂੰ ਫੜ ਲੈਂਦੀ ਹੈ। ਇਸ ਕਹਾਣੀ ਦੀ ਵਿਧੀ ਇਹ ਹੈ ਕਿ ਕਹਾਣੀ ਦਾ ਜਿੱਥੇ ਅੰਤ ਹੁੰਦਾ ਹੈ ਉਸ ਅੰਤ ਤੋਂ ਅਗਾਂਹ ਕਹਾਣੀ ਸ਼ੁਰੂ ਹੁੰਦੀ ਹੈ। ਇਕ ਤਰ੍ਹਾਂ ਨਾਲ ਇਹ ਚੱਕਰਧਾਰੀ ਬਿਰਤਾਂਤ ਦੀ ਸਿਰਜਣਾ ਹੈ। ਇਸ ਕਹਾਣੀ ਵਿਚ ਕਾਰਜ ਕਰਦੀ ਸਾਧੂ ਬਿਨਿੰਗ ਦੀ ਦ੍ਰਿਸ਼ਟੀ ਦੀ ਪਛਾਣ 'ਚੁਹੱਤਰਵੀਂ ਐਵਨਿਊ' ਦੀਆਂ ਹੇਠ ਲਿਖੀਆਂ ਕਾਵਿ ਸਤਰਾਂ ਵਿਚੋਂ ਸਹਿਜ ਹੀ ਹੋ ਜਾਂਦੀ ਹੈ:

*ਮਨੁੱਖ 'ਤੇ ਹੋਏ ਆਧੁਨਿਕਤਾ ਦੇ ਹਮਲੇ ਦੇ ਬਾਵਜੂਦ*
*ਉਹਨਾਂ ਦੀ ਇਮਾਨਦਾਰੀ ਤੇ ਮਿੱਤਰਤਾ ਬਚੀ ਰਹੀ*
*ਉਹ ਏਨੇ ਚੁਸਤ ਤੇ ਚਲਾਕ ਵੀ ਨਾ ਹੋਏ*
*ਕਿ ਆਪਣੇ ਮਨ ਦੇ ਭਾਵਾਂ ਨੂੰ ਲੁਕੋਣ*
*ਪਹਿਲਾਂ ਪਹਿਲਾਂ ਏਸੇ ਗੱਲੋਂ ਮੈਂ ਉਨ੍ਹਾਂ ਤੋਂ ਔਖਾ ਹੋ ਗਿਆ*
*ਪਿੱਛੋਂ ਜਾ ਕੇ ਬਹੁਤ ਪਿੱਛੋਂ*
*ਉਹਨਾਂ ਅੰਦਰ ਦੱਬੀ/ ਮਨੁੱਖਤਾ ਤਕ ਪਹੁੰਚਿਆ*

ਉਕਤ ਕਾਵਿ ਸਤਰਾਂ ਸਾਧੂ ਬਿਨਿੰਗ ਦੇ ਸਾਹਿਤ-ਸਿਧਾਂਤ ਨੂੰ ਸਪਸ਼ਟ ਕਰਦੀਆਂ ਹਨ। ਸਾਧੂ ਬਿਨਿੰਗ ਦਾ ਸਾਹਿਤ-ਸਿਧਾਂਤ ਵਿਅਕਤੀ/ਸਮਾਜ ਅੰਦਰ ਦੱਬੀ ਹੋਈ ਮਨੁੱਖਤਾ ਤਕ ਪਹੁੰਚਣਾ ਹੈ। ਜਿਵੇਂ 'ਕਿਸਦਾ ਕਸੂਰ' ਕਹਾਣੀ ਵਿਚ ਜੈਨੀ ਤੇ ਡੇਵਿਡ ਅੰਦਰ ਦੱਬੀ ਪਈ ਮਨੁੱਖਤਾ ਨੂੰ ਸਾਹਵੇਂ ਲਿਆਉਣ ਲਈ ਉਸਨੇ ਕੈਨੇਡੀਅਨ ਸਮਾਜਕ ਯਥਾਰਥ ਨੂੰ ਇਕ ਤਲਵਾਰ ਦੇ ਰੂਪ ਵਿਚ ਵੀ ਤੇ ਇਕ ਢਾਲ ਦੇ ਰੂਪ ਵਿਚ ਵੀ ਪੇਸ਼ ਕੀਤਾ ਹੈ। ਕਹਾਣੀ ਵਿਚਲੀ ਜੈਨੀ ਉਪਰਲੇ ਤਬਕੇ ਵਿਚੋਂ ਆਈ ਹੈ। ਡੇਵਿਡ ਨਾਲ ਮਿਲਣੀ ਵਿਚੋਂ ਉਹ ਆਪਣੀ ਵਿਗੜੀ ਜ਼ਿੰਦਗੀ ਨੂੰ ਸਹੀ ਪਾਸੇ ਤੋਰਨਾ ਚਾਹੁੰਦੀ ਹੈ। ਆਪਣੇ ਜੀਵਨ ਨੂੰ ਸਮਝਣਾ ਸ਼ੁਰੂ ਕਰਦੀ ਹੈ। ਪਰ ਉਸਨੂੰ ਇਸ ਗੱਲ ਦੀ ਖਬਰ ਤਕ ਵੀ ਨਹੀਂ ਹੁੰਦੀ ਕਿ ਉਸਦੇ ਜੀਵਨ ਵਿਚ ਆਈ ਅਜਿਹੀ ਤਬਦੀਲੀ ਹੀ ਉਸਦੀ ਮੌਤ ਦਾ ਕਾਰਨ ਬਣ ਜਾਵੇਗੀ। ਜੈਨੀ ਅਤੇ ਡੇਵਿਡ ਆਪਣੇ ਆਪਣੇ ਰਵੱਈਏ ਕਾਰਨ ਚੰਗੇ ਜਾਂ ਮਾੜੇ ਸਾਬਤ ਹੁੰਦੇ ਹਨ। ਸਭ ਕਾਸੇ ਦੇ ਬਾਵਜੂਦ ਦੋਵੇਂ ਕੈਨੇਡੀਅਨ ਸਮਾਜ ਵਿਚ ਮਨੁੱਖੀ ਰਿਸ਼ਤਿਆਂ ਨੂੰ ਪਾਉਣ ਦੇ ਆਹਰ ਵਿਚ ਤਾਂ ਦਿਸਦੇ ਹਨ ਪਰ ਪਾ ਨਹੀਂ ਸਕਦੇ। 'ਪ੍ਰੀਆ ਦੇ ਨਾਂ' ਕਵਿਤਾ ਦੀਆਂ ਸਤਰਾਂ ਵਿਚਲਾ ਕਾਰਜ ਉਨ੍ਹਾਂ ਦੀ ਜੀਵਨ-ਸਥਿਤੀ ਨੂੰ ਭਲੀ ਭਾਂਤ ਦਰਸਾਉਂਦਾ ਹੈ। ਸਤਰਾਂ ਹਨ :

*ਮਨ ਦੀ ਖਾਹਿਸ਼ ਤਾਂ ਹੈ ਕਿ ਤੂੰ ਵੀ*
*ਬਣੇਂਗੀ ਉਸ ਕਾਫਲੇ ਦਾ ਹਿੱਸਾ ਜੋ*
*ਤੁਰ ਰਿਹਾ ਹੈ ਨਿਰੰਤਰ ਕਰਨ ਲਈ ਖਤਮ*
*ਮਨੁੱਖੀ ਰਿਸ਼ਤਿਆਂ 'ਚ ਪਲਮਦੇ ਇਸ ਕੈਂਸਰ ਨੂੰ*
*ਪਰ ਆਉਣ ਵਾਲੇ ਪਲ ਹੀ ਕਰਨਗੇ ਇਸ ਗੱਲ ਦਾ ਫੈਸਲਾ*
*ਕਿ ਕਿੰਨਾ ਕੁ ਤੁਰੇ ਹਾਂ ਆਪਾਂ ਵਗਦੀ ਹਵਾ ਦੇ ਉਲਟ*

ਸਾਧੂ ਬਿਨਿੰਗ ਦੇ ਗਲਪੀ ਪਾਤਰ ਜੇਕਰ ਮਨੁੱਖੀ ਰਿਸ਼ਤਿਆਂ ਨੂੰ ਨਿਭਾਉਣ ਵਾਲੇ ਅਤੇ ਵਗਦੀ ਸਮਾਜਕ ਹਵਾ ਦੇ ਉਲਟ ਖੜ੍ਹਨ ਵਾਲਾ ਇਕ ਕਾਫਲਾ ਬਣਾਉਂਦੇ ਹਨ ਤਾਂ ਦੂਸਰੇ ਪਾਸੇ ਇਸੇ ਵਗਦੀ ਹਵਾ ਦੇ ਅਨੇਕਾਂ ਝੱਖੜਾਂ ਦੇ ਝੁੱਲਣ ਕਾਰਨ ਇਹ ਕਾਫਲਾ ਉੱਡ-ਪੁੱਡ ਕੇ ਬਿਖਰਦਾ ਵੀ ਹੈ। ਝੱਖੜ ਦਾ ਇਕ ਰੂਪ 'ਕਿਸਦਾ ਕਸੂਰ ?' ਕਹਾਣੀ ਵਿਚ ਦਰਜ ਜਿਨ੍ਹਾਂ ਸਤਰਾਂ ਵਿਚੋਂ ਲੱਭਿਆ ਜਾ ਸਕਦਾ ਹੈ, ਉਹੀ ਸਤਰਾਂ ਸਾਧੂ ਬਿਨਿੰਗ ਦੀ ਕੈਨੇਡੀਅਨ ਸਮਾਜ ਵਿਚਲੀ ਜਮਾਤੀ ਵੰਡ ਨੂੰ ਸਮਝਣ ਦੀ ਸੂਝ ਦੀਆਂ ਵੀ ਸੂਚਕ ਹਨ। ਸਤਰਾ ਹਨ: *"ਤੇਰਾਂ ਸਾਲਾਂ ਤੋਂ ਲੈ ਕੇ ਉਨੀ ਵੀਹ ਸਾਲ ਦੀ ਉਮਰ ਤਕ, ਖਾਸਕਰ ਪੱਛਮੀ ਸਭਿਆਚਾਰ ਵਿਚ ਨਿਆਣਿਆਂ ਲਈ ਬੜੀ ਮੁਸ਼ਕਲ ਦੇ ਵਰ੍ਹੇ ਹੁੰਦੇ ਹਨ। ਪੈਸਾ ਪ੍ਰਧਾਨ ਸੋਚ ਤੇ ਰੈਟ ਰੇਸ ਵਾਲੇ ਚੌਗਿਰਦੇ ਵਿਚ ਬਹੁਤੇ ਨਿਆਣੇ ਏਸ ਉਮਰੇ ਗਲਤ ਪਾਸੀਂ ਪੈ ਆਪਣੀ ਜ਼ਿੰਦਗੀ ਤਬਾਹ ਕਰ ਲੈਂਦੇ ਹਨ। ਭਾਵੇਂ ਇਹ ਘਟਨਾਵਾਂ ਵਾਪਰਦੀਆਂ ਹਰ ਜਮਾਤ ਦੇ ਨਿਆਣਿਆਂ ਨਾਲ ਹਨ ਪਰ ਅਮੀਰਾਂ ਦੇ ਨਿਆਣੇ ਤਾਂ ਬਾਅਦ ਵਿਚ ਪੈਸੇ ਦੇ ਜ਼ੋਰ ਆਪਣੀ ਵਿਗੜੀ ਜ਼ਿੰਦਗੀ ਨੂੰ ਵੀ ਸਹੀ ਪਾਸੇ ਤੋਰ ਲੈਂਦੇ ਹਨ ਪਰ ਗ਼ਰੀਬ ਤਬਕੇ ਦੇ ਨਿਆਣਿਆਂ ਦਾ ਹਾਲ ਮੰਦਾ ਹੀ ਰਹਿੰਦਾ ਹੈ।"* ਝੱਖੜ ਦਾ ਦੂਸਰਾ ਰੂਪ 'ਰਾਖੇ' ਕਹਾਣੀ ਵਿਚ ਝੂਲਦਾ ਵੇਖਿਆ ਜਾ ਸਕਦਾ ਹੈ। ਇਹ ਕਹਾਣੀ ਕੈਨੇਡਾ ਵਿਚ ਸਰਕਾਰ ਵੱਲੋਂ ਅਮੀਰ ਗੋਰਿਆਂ ਦੀ ਰਾਖੀ ਕਰਨ ਅਤੇ ਗੈਰ-ਗੋਰਿਆਂ ਦੀ ਰਾਖੀ ਵੱਲੋਂ ਅਵੇਸਲੇ ਹੋਣ ਦੀ ਧੁਨ ਸੁਣਾਉਂਦੀ ਹੈ। ਇਸੇ ਧੁਨ ਵਿਚੋਂ ਕੈਨੇਡਾ ਵਿਚ ਜਿਸ ਕਿਸਮ ਦੀ ਨਸਲਵਾਦ ਦੀ ਸਮੱਸਿਆ ਸਾਹਮਣੇ ਆਉਂਦੀ ਹੈ, ਉਸਨੂੰ ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ ਵੱਲੋਂ ਰਚਿਤ 'ਸੰਘਰਸ਼ ਦੇ ਸੌ ਵਰ੍ਹੇ' ਪੁਸਤਕ ਵਿਚ ਦਰਜ ਇਸ ਵਿਚਾਰ-ਪ੍ਰਬੰਧ ਰਾਹੀਂ ਪਛਾਣਿਆ ਜਾ ਸਕਦਾ ਹੈ: *"ਸੱਤਰਵਿਆਂ ਦੇ ਸ਼ੁਰੂ ਵਿਚ ਵੱਡੀ ਗਿਣਤੀ ਵਿਚ ਆਏ ਪੰਜਾਬੀਆਂ ਵਿਰੁੱਧ ਨਸਲਵਾਦ ਤਿੱਖੇ ਰੂਪ ਵਿਚ ਪ੍ਰਗਟ ਹੋਇਆ। ਇਹ ਪ੍ਰਤੀਕਰਮ ਕਈ ਥਾਈਂ ਹਿੰਸਕ ਰੂਪ ਵਿਚ ਪ੍ਰਗਟ ਹੋਇਆ। ਇਹ ਨਸਲਵਾਦ ਵਿਅਕਤੀਗਤ ਪੱਧਰ ਉੱਤੇ ਵੀ ਸੀ ਅਤੇ ਸੰਸਥਾਵਾਂ ਦੇ ਪੱਧਰ ਉੱਤੇ ਵੀ। ਵਿਅਕਤੀਗਤ ਪੱਧਰ ਉੱਤੇ ਹੁੰਦੇ ਨਸਲਵਾਦ ਵਿਚ ਇਨ੍ਹਾਂ ਗੱਲਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ: ਸੜਕ ਉੱਤੇ ਤੁਰੇ ਜਾਂਦਿਆਂ ਨੂੰ ਗੋਰਿਆਂ ਵੱਲੋਂ ਗਾਲ੍ਹ ਕੱਢ ਜਾਣਾ ਅਤੇ ਆਪਣ ਦੇਸ਼ ਪਰਤ ਜਾਣ ਨੂੰ ਕਹਿਣਾ; ਬੱਸਾਂ ਗੱਡੀਆਂ ਵਿਚ ਸਫਰ ਕਰਦਿਆਂ ਗੋਰਿਆਂ ਵੱਲੋਂ ਬੁਰੀ ਨਜ਼ਰ ਨਾਲ ਦੇਖਣਾ ਅਤੇ ਮੰਦਾ ਬੋਲਣਾ; ਰਾਤ ਨੂੰ ਘਰਾਂ ਦੇ ਸ਼ੀਸ਼ਿਆਂ ਉਪਰ ਆਂਡੇ ਸੁੱਟ ਜਾਣੇ ਜਾਂ ਪੱਥਰ ਮਾਰ ਕੇ ਸ਼ੀਸ਼ੇ ਭੰਨ ਦੇਣੇ; ਸਕੂਲਾਂ ਵਿਚ ਬੱਚਿਆਂ ਦੇ ਗੋਰੇ ਬੱਚਿਆਂ ਵੱਲੋਂ ਨਾਂਅ-ਕੁਨਾਂ ਪਾਉਣੇ ਅਤੇ ਕਈ ਹਾਲਤਾਂ ਵਿਚ ਕੁੱਟਣਾ ਮਾਰਨਾ, ਰਾਤ ਨੂੰ ਸਿੱਖ-ਗੁਰਦੁਆਰਿਆਂ ਦੀ ਹੱਦ ਅੰਦਰ ਗੋਰੇ ਨੌਜਵਾਨਾਂ ਵੱਲੋਂ ਸ਼ਰਾਰਤ ਕਰ ਜਾਣਾ ਆਦਿ।"*

ਸਾਧੂ ਬਿਨਿੰਗ ਨੇ ਗੋਰਿਆਂ ਦੇ ਇਕ ਭਾਗ ਵੱਲੋਂ ਭਾਰਤੀ ਲੋਕਾਂ ਨੂੰ ਬੁਰੀ ਨਜ਼ਰ ਨਾਲ ਦੇਖਣ ਵਾਲੇ ਇਸ ਨਸਲਵਾਦੀ ਕਾਰਕ ਨੂੰ ਆਧਾਰ ਬਣਾ ਕੇ 'ਜੱਟ ਦੀ ਜੂਨ' ਕਹਾਣੀ ਲਿਖੀ। ਇਸ ਕਹਾਣੀ ਦਾ ਸਾਰਾ ਵਾਤਾਵਰਣ ਕੈਨੇਡਾ ਦਾ ਕੋਈ ਸਿਨੇਮਾ ਘਰ ਬਣਿਆ ਹੈ। ਸਿਨੇਮੇ ਘਰ ਵਿਚ ਬੈਠਿਆਂ ਕਹਾਣੀ ਦੇ ਮੁੱਖ ਪਾਤਰ, ਗੁਰਮੀਤ ਦੀ ਸੋਚ ਉਦੋਂ ਉਡਾਰੀਆਂ ਮਾਰਨ ਲੱਗ ਜਾਂਦੀ ਹੈ ਜਦੋਂ ਸਿਨੇਮੇ ਦੇ ਬਾਹਰ ਅਤੇ ਅੰਦਰ ਖੜ੍ਹੇ ਮੁੰਡੇ ਉਸਦੀ ਭੈਣ 'ਨਰਿੰਦਰ' ਅਤੇ ਪਤਨੀ 'ਜੀਤੀ' ਨੂੰ ਭੈੜੀਆਂ ਨਜ਼ਰਾਂ ਨਾਲ ਵੇਖਦੇ ਹਨ। ਉਨ੍ਹਾਂ ਦੀ ਤੱਕਣੀ ਹੀ ਕਹਾਣੀ ਦਾ ਉਹ ਮੂਲ ਰੂਪਾਤਮਕ ਬਿੰਦੂ ਹੈ ਜਿਸ ਦੁਆਲੇ ਕਹਾਣੀ ਦਾ ਸਮੁੱਚਾ ਵਾਤਾਵਰਣ ਉਸਰਿਆ ਹੈ। ਇਹ ਉਸਾਰੀ ਪਤਾ ਦਿੰਦੀ ਹੈ ਕਿ ਕਿਵੇਂ ਭਾਰਤੀ/ਪੰਜਾਬੀ ਸਮਾਜ ਵਿਚ ਵਾਪਰ ਰਹੇ ਗ਼ਲਤ ਵਰਤਾਰੇ ਨੂੰ ਬਦਲਣ ਦੀ ਲੋੜ ਅਤੇ ਉਸ ਲੋੜ ਦੀ ਪੂਰਤੀ ਲਈ ਕੁਰਬਾਨੀ ਕਰਨ ਦੀ ਭਾਵਨਾ ਰੱਖਣ ਵਾਲਾ ਇਕ ਪੰਜਾਬੀ/ਭਾਰਤੀ ਆਪਣੇ ਘਰਦਿਆਂ ਦੀ ਮਾੜੀ ਆਰਥਿਕ ਹਾਲਤ ਤੇ ਆਪਣੇ ਅੰਦਰਲੇ ਡਰ ਕਾਰਨ 'ਕੋਈ ਦੱਬਿਆ ਖਜ਼ਾਨਾ' ਲੱਭਣ ਲਈ ਵਿਜ਼ਿਟਰ ਬਣਕੇ ਕੈਨੇਡਾ ਚਲਾ ਜਾਂਦਾ ਹੈ। ਉਸਨੂੰ ਇਸ ਗੱਲ ਦਾ ਇਲਮ ਤਾਂ ਹੈ ਕਿ ਉਸਨੇ ਆਪਣੇ ਜੀਵਨ ਨੂੰ ਦੋ ਰਸਤਿਆਂ ਵਿਚੋਂ ਇਕ ਰਸਤਾ ਚੁਣ ਕੇ ਉਸ ਉੱਤੇ ਤੁਰਨਾ ਸ਼ੁਰੂ ਕਰ ਦਿੱਤਾ ਹੈ। ਪਹਿਲਾ,



ਰਸਤਾ ਸੀ ਹਜ਼ਾਰਾਂ ਹੀ ਦੇਸ਼ ਭਗਤਾਂ ਤੇ ਆਜ਼ਾਦੀ ਪ੍ਰੇਮੀਆਂ ਦਾ, ਜਿਹਨਾਂ ਦੇ ਦਿਲਾਂ 'ਚ ਕੌਮ ਲਈ ਪਿਆਰ ਸੀ ਅਤੇ ਜਿਨ੍ਹਾਂ ਨੇ ਆਪਣੇ ਪਰਿਵਾਰ, ਰਿਸ਼ਤੇਦਾਰ ਅਤੇ ਸਭ ਕੁਝ ਲੋਕਾਂ ਤੋਂ ਕੁਰਬਾਨ ਕਰ ਦਿੱਤੇ ਸੀ। ਇਹ ਰਾਹ ਕਾਮਰੇਡਾਂ ਦਾ ਹੋਣਾ ਚਾਹੀਦਾ ਸੀ ਜਿਸ ਉੱਤੇ ਗੁਰਮੀਤ ਕਦੇ ਚੱਲ ਕੇ ਵੀ ਅਸਲ ਵਿਚ ਚੱਲ ਨਾ ਸਕਿਆ। ਕਿਉਂ ? ਕਿਉਂ ਜੁ ਉਸ ਨੂੰ ਦੂਸਰਾ ਰਾਹ ਕੈਨੇਡਾ ਜਾ ਕੇ ਆਪਣੇ ਘਰ ਦੀ ਪੁਸ਼ਤਾਂ ਤੋਂ ਤੁਰੀ ਆਉਂਦੀ ਗਰੀਬੀ ਨੂੰ ਕੱਟਣ ਵਾਲਾ ਦਿਸ ਪੈਂਦਾ ਹੈ ਅਤੇ ਜਿਸ ਉੱਤੇ ਉਹ ਚੱਲ ਪੈਂਦਾ ਹੈ। ਵਿਅੰਗ ਕਹਾਣੀ ਦਾ ਇਹ ਹੈ ਕਿ ਕੈਨੇਡਾ ਵਿਚ ਜਾ ਕੇ ਵਸਣ ਵਾਲੇ ਪੰਜਾਬੀ ਲੋਕਾਂ ਦਾ ਇਕ ਅਜਿਹਾ ਵਰਗ ਵੀ ਹੈ ਜਿਹੜਾ ਕਦੇ ਇਨਕਲਾਬੀ ਲਹਿਰ ਦਾ ਹਿੱਸਾ ਸੀ ਪਰ ਪੱਛਮੀ ਪਦਾਰਥਕਤਾ ਦੀ ਚਕਾ-ਚੌਂਧ ਵਿਚ ਗ੍ਰੱਸ ਕੇ ਉਸਨੇ ਕੈਨੇਡਾ ਵਿਚਲੇ ਅਗਾਂਹਵਧੂ ਕੰਮਾਂ ਵਿਚ ਹਿੱਸਾ ਲੈਣਾ ਛੱਡ ਦਿੱਤਾ। ਇੰਝ ਇਹ ਕਹਾਣੀ ਵਿਅਕਤੀ ਦੇ ਉਸ ਅੰਦਰੂਨੀ ਸੱਚ ਨੂੰ ਸਾਕਾਰ ਕਰਦੀ ਹੈ ਜਿਹੜਾ ਉਸਦੇ ਸਵੈ ਕੇਂਦਰਤ ਹੋਣ ਦਾ ਪ੍ਰਮਾਣ ਦਿੰਦਾ ਹੈ। ਵਿਅਕਤੀ ਦੀ ਅਜਿਹੀ ਮਨੋਸਥਿਤੀ ਕਹਾਣੀ ਵਿਚ ਉਦੋਂ ਉਭਰਦੀ ਹੈ ਜਦੋਂ ਗੁਰਮੀਤ ਉਸ ਮੁੰਡੇ ਨੂੰ ਕੁੱਟਣਾ ਸ਼ੁਰੂ ਕਰ ਦਿੰਦਾ ਹੈ ਜਿਸਨੇ ਉਸਦੀ ਭੈਣ ਨੂੰ ਛੇੜਿਆ ਹੁੰਦਾ ਹੈ। ਇਸ ਪਰਥਾਏ ਗੁਰਮੀਤ ਦੇ ਬੋਲ ਹਨ : "ਤੁਸੀਂ ਮੈਨੂੰ ਛੱਡੋ ਤਾਂ ਸਹੀ ਜੇਲ੍ਹ ਜਾਣੋ ਕਿਹੜਾ ਕੰਜਰ ਡਰਦਾ ਆ, ਇਹਨੂੰ ਸਾਲੇ ਨੂੰ ਪਤਾ ਨਹੀਂ ਜੱਟਾਂ ਦੇ ਪੁੱਤ ਤਾਂ ਇਹੋ ਜਿਹੀਆਂ ਗੱਲਾਂ ਲਈ ਫਾਹੇ ਲੱਗਣੋਂ ਵੀ ਨਹੀਂ ਡਰਦੇ... ਤੁਸੀਂ ਜ਼ਰਾ ਮੈਨੂੰ ਛੱਡੋ...।" ਗੁਰਮੀਤ ਦੇ ਅਜਿਹੇ ਬੋਲ ਉਦੋਂ ਪਨਪਦੇ ਹਨ ਜਦੋਂ ਉਹ ਪੂੰਜੀਵਾਦੀ ਵਿਵਸਥਾ ਵਾਲੇ ਦੇਸ਼ ਦਾ ਵਾਸੀ ਬਣ ਚੁੱਕਾ ਹੁੰਦਾ ਹੈ। ਇਹ ਬੋਲ ਉਦੋਂ ਬਹਿ ਕਿਉਂ ਜਾਂਦੇ ਹਨ ਜਦੋਂ ਉਹ ਭਾਰਤੀ ਵਿਵਸਥਾ ਵਿਚ ਗ਼ਰੀਬੀ ਤੋਂ ਸਤਾਇਆ ਹੁੰਦਾ ਹੈ। ਸਥਿਤੀ ਇਨਕਲਾਬੀ ਤੱਤਾਂ ਦੇ ਕਾਰਜੀ ਪੱਖ ਦੀ ਹੈ। ਇਹ ਤੱਤ ਵਿਅਕਤੀਵਾਦੀ ਰੁਝਾਨ ਤਹਿਤ ਵਿਅਕਤੀਗਤ ਆਪੇ ਉਤੇ ਤਾਂ ਘਟਦੇ ਹਨ ਪਰ ਸਮੂਹਕ ਤੌਰ ਉੱਤੇ ਸੰਘਰਸ਼ ਕਰਨੋਂ ਅਸਮਰੱਥ ਰਹਿੰਦੇ ਹਨ। ਅਸਮਰੱਥਾ ਦੀ ਪੈਦਾਵਾਰੀ ਸ਼ਕਤੀ ਵੇਲੇ ਦੀ ਸਮਾਜਕ ਆਰਥਿਕ ਵਿਵਸਥਾ ਬਣਦੀ ਹੈ ਜਾਂ ਵਿਅਕਤੀ ਦੀ ਲੋਭ ਭਾਵਨਾ ਵਾਲੀ ਮਾਨਸਿਕ ਅਵਸਥਾ। ਕਹਾਣੀ ਦੀ ਖ਼ੂਬਸੂਰਤੀ ਉਹਨਾਂ ਦੋਹਾਂ ਕਿਸਮਾਂ ਦੀਆਂ ਵਿਵਸਥਾਵਾਂ ਨੂੰ ਗੁਰਮੀਤ ਦੇ ਜੀਵਨ ਉਤੇ ਕਲਾਤਮਕ ਢੰਗ ਨਾਲ ਢੁਕਾਉਣ ਕਰਕੇ ਹੈ। ਗੁਰਮੀਤ ਕੈਨੇਡਾ ਵਰਗੇ ਵਿਕਸਤ ਦੇਸ਼ ਵਿਚ ਆਪਣੇ ਦੇਸ਼ ਬਾਰੇ ਜੋ ਮਹਿਸੂਸਦਾ ਹੈ ਉਸਨੂੰ 'ਇਕ ਖ਼ਤ' ਨਾਂ ਦੀ ਕਵਿਤਾ ਵਿਚਲਾ ਕਾਵਿ ਪਾਤਰ ਵੀ ਮਹਿਸੂਸਦਾ ਹੈ:

ਵਤਨ ਬਾਰੇ ਖਬਰ ਦੇਖਣ ਦੀ ਖਾਹਿਸ਼ ਲੈ ਕੇ
ਅਖਬਾਰ ਫੜ ਸੁਰਖੀਆਂ ਪੜ੍ਹਦਾ ਹਾਂ
ਸੁਰਖੀਆਂ ਅਕਸਰ ਹੁੰਦੀਆਂ ਹਨ ਮੇਰੇ ਦੇਸ਼ ਬਾਰੇ
ਅੱਜ ਹੜ੍ਹਾਂ ਨਾਲ ਐਨੇ ਮਰੇ/ 'ਭੁੱਖ ਨਾਲ ਐਨੀਆਂ ਮੌਤਾਂ'
'ਅੱਜ ਪੁਲਸ ਦੇ ਲਾਠੀ ਚਾਰਜ ਨਾਲ ਕੁਝ ਫੱਟੜ'
'ਅੱਜ ਪੁਲਸ ਨੂੰ ਹੁਕਮ ਹੋਇਆ ਹੈ
ਜਦ ਵੀ ਕੋਈ ਹਰਕਤ ਕਰੇ ਗੋਲੀ ਮਾਰ ਦਿਉ'
ਮੈਂ ਉਦਾਸ ਹੋ ਜਾਂਦਾ ਹਾਂ।

ਕਵਿਤਾ ਵਿਚਲਾ 'ਮੈਂ' ਪਾਤਰ ਉਦਾਸੀ ਤੋਂ ਛੁਟਕਾਰਾ ਪਾਉਣ ਲਈ 'ਜੱਟ ਦੀ ਜੂਨ' ਕਹਾਣੀ ਵਿਚਲਾ ਗੁਰਮੀਤ ਨਾਮੀ ਗਲਪ ਪਾਤਰ ਬਣ ਕੇ ਵਿਚਰਦਾ ਹੈ। ਕੈਨੇਡਾ ਦੀ ਧਰਤੀ ਉੱਤੇ ਰਹਿੰਦਿਆਂ ਉਸਦਾ ਬੇਕਾਬੂ ਦਿਲ ਆਪਣੇ ਦੇਸ਼ ਲਈ, ਕੌਮ ਲਈ ਜੇ ਧੜਕਦਾ ਹੈ ਤਾਂ ਲੜਦਾ ਆਪਣੀ ਭੈਣ ਵੱਲਾਂ ਕੌੜੀ ਨਿਗਾਹ ਨਾਲ ਤੱਕਣ ਵਾਲੇ ਵਿਰੁੱਧ ਹੀ ਹੈ। ਉਸਦੀ ਇਨਕਲਾਬੀ ਚੇਤਨਾ ਉਸਦੇ ਆਪੇ ਤਕ ਮਹਿਦੂਦ ਹੋ ਕੇ ਰਹਿ ਜਾਂਦੀ ਹੈ। ਕੀ ਇਹ ਇਨਕਲਾਬੀ ਚਿੰਤਨ ਧਾਰਾ ਦੇ ਇਕ ਕੌੜੇ ਸੱਚ ਦੀ ਪੇਸ਼ਕਾਰੀ ਨਹੀਂ ਹੈ ? ਜੇ ਹੈ, ਤਾਂ ਅਜਿਹੇ ਅਨੇਕਾਂ ਕੌੜੇ ਸੱਚ ਸਾਧੂ ਬਿਨਿੰਗ ਦੇ ਗਲਪ ਅਤੇ ਕਾਵਿ ਦੀ ਸੰਬਾਦਕਤਾ ਨਿਸਚਤ ਕਰਦੇ ਹਨ।❑❑

[ਲੈਕਚਰਾਰ, ਡੀਪਾਰਟਮੈਂਟ ਔਫ ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

# ਬਾਲਸ਼ਵਿਕ ਸਰਦਾਰੀ ਤੇ ਸੋਵੀਅਤ ਸੰਕਟ

ਗਿਆਨ ਸਿੰਘ ਬਲ

ਰੂਸੀ ਸਮਾਜਵਾਦੀ ਨਿਜ਼ਾਮ ਨੂੰ ਢਹਿ-ਢੇਰੀ ਹੋਏ ਨੂੰ ਇਕ ਦਹਾਕੇ ਤੋਂ ਵੀ ਵੱਧ ਸਮਾਂ ਹੋ ਗਿਆ ਹੈ, ਲੇਕਿਨ ਪੰਜਾਬ ਵਿਚ ਮਾਰਕਸਵਾਦੀ ਲੇਖਕਾਂ ਤੇ ਚਿੰਤਕਾਂ ਦੀ ਭਰਮਾਰ ਹੋਣ ਦੇ ਬਾਵਜੂਦ ਪੰਜਾਬੀ ਜ਼ੁਬਾਨ ਵਿਚ ਸਿਰਫ ਦੋ ਹੀ ਪੁਸਤਕਾਂ ਦੀ ਸਿਰਜਣਾ ਹੋ ਸਕੀ ਹੈ ਜਿਨ੍ਹਾਂ ਦਾ ਸਰੋਕਾਰ ਸਮਾਜਵਾਦੀ ਢਾਂਚੇ ਦੇ ਡਿੱਗਣ ਦੇ ਕਾਰਨਾਂ ਦੀ ਸਮੀਖਿਆ ਕਰਨਾ ਹੋਵੇ। 'ਸਿਰਜਣਾ' ਦੇ 137 ਅੰਕ ਵਿਚ ਇਨ੍ਹਾਂ ਪੁਸਤਕਾਂ ਬਾਰੇ ਸੰਪਾਦਕੀ ਸਹੀ ਸੰਦਰਭ 'ਚ ਲਿਖੀ ਗਈ ਹੈ। ਡਾ. ਪ੍ਰੇਮ ਸਿੰਘ ਨੇ ਆਪਣੀ ਪੁਸਤਕ ਵਿਚ ਗੋਰਬਾਚੋਵ ਨੂੰ ਮੁੱਖ ਤੌਰ 'ਤੇ ਸੋਵੀਅਤ ਯੂਨੀਅਨ ਦੇ ਢਾਂਚੇ ਦੇ ਗਿਰਣ ਦਾ ਕਾਰਨ ਮੰਨਿਆ ਹੈ। ਲੇਕਿਨ ਸੰਪਾਦਕੀ ਵਿਚ ਉਠਾਇਆ ਇਹ ਪ੍ਰਸ਼ਨ ਕਿ " ਕੀ ਕੋਈ ਇਕ ਵਿਅਕਤੀ ਹੀ ਇਕ ਸ਼ਕਤੀਸ਼ਾਲੀ ਪਾਰਟੀ, ਮਜ਼ਬੂਤ ਸਮਾਜਵਾਦੀ ਵਿਵਸਥਾ ਅਤੇ ਰਾਜ ਦੇ ਖਾਤਮੇ ਦਾ ਸਬੱਬ ਹੋ ਸਕਦਾ ਹੈ ?" ਇਕ ਬੜਾ ਮਹੱਤਵਪੂਰਨ ਪ੍ਰਸ਼ਨ ਹੈ। ਇਸ ਪ੍ਰਸ਼ਨ ਦਾ ਜਵਾਬ ਇਕ ਹੋਰ ਪੁਸਤਕ ਵਿਚ ਦਰਜ ਮਿਲਦਾ ਹੈ ਜੋ ਅੰਗਰੇਜ਼ੀ ਭਾਸ਼ਾ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਭੁਪਿੰਦਰ ਬਰਾੜ ਵੱਲੋਂ ਲਿਖੀ ਗਈ - ਤੇ ਪੁਸਤਕ ਹੈ - "Explaining Communist Crises".

ਇਸ ਪੁਸਤਕ ਦੀ ਖਾਸੀਅਤ ਹੈ ਕਿ ਇਸ ਵਿਚ ਰੂਸੀ ਨਿਜ਼ਾਮ ਦੇ ਗਿਰਨ ਲਈ ਕੋਈ ਵਿਸ਼ੇਸ਼ ਵਿਅਕਤੀ ਜ਼ਿੰਮੇਵਾਰ ਨਹੀਂ ਹੈ ਜਿਵੇਂ ਡਾ. ਪ੍ਰੇਮ ਸਿੰਘ ਨੇ ਸਿੱਧ ਕੀਤਾ ਹੈ। ਦੂਸਰਾ, ਇਹ ਪੁਸਤਕ ਰੂਸੀ ਸਮਾਜਵਾਦੀ ਪ੍ਰਣਾਲੀ ਦੇ ਢਹਿ-ਢੇਰੀ ਹੋਣ 'ਤੇ ਹੀ ਕੇਂਦਰਤ ਨਹੀਂ ਹੈ, ਇਹ ਸਮੁੱਚੇ ਕਮਿਊਨਿਸਟ ਬ੍ਰਹਿਮੰਡ 'ਚ ਵਾਪਰੇ ਦੋ ਹੋਰ ਮਹੱਤਵਪੂਰਨ ਵਰਤਾਰਿਆਂ ਦੇ ਕਾਰਨਾਂ ਨੂੰ ਵੀ ਆਪਣੇ ਕਲਾਵੇ ਵਿਚ ਲੈਂਦੀ ਹੈ। ਵਿਸ਼ਵ ਵਿਚ ਇਕ ਨਿਆਂ-ਆਧਾਰਤ ਪ੍ਰਣਾਲੀ ਸਥਾਪਤ ਕਰਨ ਵੱਲ ਪ੍ਰਤੀਬੱਧ ਚਿੰਤਕਾਂ ਤੇ ਲੇਖਕਾਂ ਲਈ ਸਮੁੱਚੀ ਕਮਿਊਨਿਸਟ ਲਹਿਰ ਦਾ ਵਿਸ਼ਲੇਸ਼ਣ ਕਰਨ ਵਿਚ ਸਹਾਈ ਹੋਣ ਲਈ ਇਸ ਪੁਸਤਕ ਦਾ ਅਧਿਐਨ ਬਹੁਤ ਮੁੱਲਵਾਨ ਸਾਬਤ ਹੋ ਸਕਦਾ ਹੈ। ਇਸ ਲਈ ਪਾਠਕਾਂ ਦੀ ਸਹੂਲਤ ਵਾਸਤੇ ਇਸ ਪੁਸਤਕ ਦਾ ਸਾਰ ਏਥੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਹ ਚਿੰਤਕਾਂ ਨੂੰ ਮਾਰਕਸਵਾਦੀ ਸਿਸਟਮ ਨੂੰ ਹੋਰ ਡੂੰਘਾਈ ਵਿਚ ਸਮਝਣ ਤੇ ਵਿਕਸਤ ਕਰਨ ਲਈ ਵੀ ਪ੍ਰੇਰਨਾ ਸਰੋਤ ਹੋ ਸਕਦਾ ਹੈ। ਜਿਵੇਂ ਕਿ ਪੁਸਤਕ ਦੇ ਸਿਰਲੇਖ ਤੋਂ ਹੀ ਜ਼ਾਹਰ ਹੋ ਜਾਂਦਾ ਹੈ, ਇਹ ਪੁਸਤਕ ਕਮਿਊਨਿਸਟ ਲਹਿਰ ਨਾਲ ਵਿਸ਼ਵ ਪੱਧਰ ਉੱਤੇ ਵਾਪਰੇ ਤਿੰਨ ਮੁੱਖ ਸੰਕਟਾਂ ਦੇ ਕਾਰਨਾਂ ਨੂੰ ਬਿਆਨ ਕਰਦੀ ਹੈ। ਲੇਖਕ ਅਨੁਸਾਰ ਇਹ ਸੰਕਟ ਇਸ ਪ੍ਰਕਾਰ ਹਨ :

1. ਚੀਨ ਰੂਸ ਵੰਡ ਜਾਂ ਫੁੱਟ "The Sino Soviet Split"
2. ਭਾਰਤੀ ਕਮਿਊਨਿਸਟ ਪਾਰਟੀ ਦੀ ਦੋ ਟੋਟੇ ਹੋਣ ਦੀ ਕਿਰਿਆ (Fragmentation of Communist Party of India)
3. ਰੂਸੀ ਸਮਾਜਵਾਦੀ ਨਿਜ਼ਾਮ ਦਾ ਢਹਿ-ਢੇਰੀ ਹੋਣਾ (The Soviet Collapse)

ਪੜ੍ਹਨ ਦੇਖਣ ਨੂੰ ਇਹ ਸੰਕਟ ਭਾਵੇਂ ਵੱਖਰੇ ਵੱਖਰੇ ਹਨ ਪਰ ਭੁਪਿੰਦਰ ਬਰਾੜ ਅਨੁਸਾਰ ਇਹ ਕਮਿਊਨਿਸਟ ਲਹਿਰ ਦੇ ਇਕ ਹੀ ਮੁੱਖ ਰੁਝਾਨ ਦਾ ਪ੍ਰਗਟਾਵਾ (Manifestation) ਸਨ ਤੇ ਇਸ ਮੁੱਖ ਰੁਝਾਨ ਨੂੰ ਲੇਖਕ ਨੇ ਨਾਮ ਦਿੱਤਾ ਹੈ - ਵਿਸ਼ਵ ਕਮਿਊਨਿਸਟ ਲਹਿਰ ਵਿਚ "ਬਾਲਸ਼ਵਿਜ਼ਮ ਦੀ ਸਰਦਾਰੀ" (Bolshevik Hegemony) ਦਾ ਹਰ ਤਰ੍ਹਾਂ ਨਾਲ ਲਗਾਤਾਰ ਕਾਇਮ ਰਹਿਣਾ। ਪੁਸਤਕ ਅਨੁਸਾਰ ਬਾਲਸ਼ਵਿਜ਼ਮ ਦੇ ਦੋ ਮੁੱਖ ਆਧਾਰ ਕਾਇਮ ਹੋਏ। ਇਕ ਕੇਂਦਰੀਕਰਨ ਦਾ ਆਧਾਰ ਅਤੇ ਦੂਜਾ ਦਰਜਾਬੰਦੀ ਦਾ। ਇਹ ਦੋਵੇਂ ਆਧਾਰ ਸਭ ਤੋਂ ਪਹਿਲਾਂ ਰੂਸੀ ਬਾਲਸ਼ਵਿਕ ਪਾਰਟੀ ਦੇ ਵੱਖਰੇ ਵੱਖਰੇ ਸੰਗਠਨਾਂ ਵਿਚ ਪੈਦ[illegible]ਨੇ ਸ਼ਕਤੀਸ਼ਾਲੀ ਸਨ ਕਿ ਬਾਲਸ਼ਵਿਕ ਪਾਰਟੀ ਦੇ ਸਮੁੱਚੇ ਸੰਗਠਨ



ਨੂੰ ਕਾਬੂ ਕਰਨ ਵਿਚ ਕਾਮਯਾਬ ਹੋ ਗਏ, ਭਾਵ ਕਿ ਇਹ ਉਸ ਸੰਗਠਨ ਦੀਆਂ ਅੰਦਰੂਨੀ ਕਦਰਾਂ-
ਕੀਮਤਾਂ ਦਾ ਰੂਪ ਧਾਰਨ ਕਰ ਗਏ। ਪਾਰਟੀ ਦੇ ਸੰਗਠਨ ਵਿਚ ਜਦ ਇਨ੍ਹਾਂ ਦਾ ਸੰਸਥੀਕਰਨ ਹੋ ਗਿਆ
ਤਾਂ ਪਾਰਟੀ ਮੈਂਬਰਾਂ ਵਿਚ ਇਨ੍ਹਾਂ ਦਾ ਆਂਤਰੀਕਰਨ ਹੋਣਾ ਹੀ ਸੀ। ਕਮਾਲ ਇਹ ਹੈ ਕਿ ਜਿਸ ਪਾਰਟੀ
ਨੇ ਇਨ੍ਹਾਂ ਰੁਝਾਨਾਂ ਨੂੰ ਜਨਮ ਦਿੱਤਾ, ਉਹੀ ਇਸ ਦਾ ਸ਼ਿਕਾਰ ਹੋ ਗਈ। ਕਮਿਊਨਿਸਟ ਇੰਟਰਨੈਸ਼ਨਲ
ਬਣਨ ਉਪਰੰਤ ਇਹੀ ਰੁਝਾਨ ਵਿਸ਼ਵ ਦੀਆਂ ਦੂਸਰੀਆਂ ਕਮਿਊਨਿਸਟ ਪਾਰਟੀਆਂ ਵਿਚ ਵੀ ਪ੍ਰਵੇਸ਼
ਕਰ ਗਏ। ਇਸ ਤਰ੍ਹਾਂ ਕੇਂਦਰੀਕਰਨ ਅਤੇ ਦਰਜਾਬੰਦੀ ਦੀ ਹੋਂਦ ਹਰ ਕਮਿਊਨਿਸਟ ਪਾਰਟੀ ਦਾ ਨਹਿਤ
ਵਰਤਾਰਾ ਬਣ ਗਈ, ਜਿਸ ਨੇ ਸਾਰੇ ਹੀ ਕਮਿਊਨਿਸਟ ਬ੍ਰਹਿਮੰਡ (Communist Universe) ਉੱਤੇ
ਆਪਣੀ ਸਰਦਾਰੀ (Hegemony) ਕਾਇਮ ਕਰ ਲਈ। ਬਾਅਦ ਵਿਚ ਇਸ ਸਰਦਾਰੀ ਦੇ ਕਾਇਮ
ਰਹਿਣ ਦਾ ਰੁਝਾਨ ਹੀ ਹਰ ਸੰਕਟ ਦਾ ਮੁੱਖ ਕਾਰਨ ਬਣਦਾ ਰਿਹਾ ਹੈ।

ਲੇਖਕ ਨੇ ਸਰਦਾਰੀ (Hegemony) ਦਾ ਸੰਕਲਪ ਗਰਾਮਸ਼ੀ (ਇਤਾਲੀਅਨ ਮਾਰਕਸਵਾਦੀ)
ਤੋਂ ਲਿਆ ਹੈ ਜਿਸ ਨੇ ਇਸ ਦੀ ਵਰਤੋਂ ਸੰਸਕ੍ਰਿਤਕ ਸੰਦਰਭ ਵਿਚ ਕੀਤੀ ਸੀ ਅਤੇ ਉਸਦਾ ਇਹ ਦ੍ਰਿੜ
ਵਿਸ਼ਵਾਸ ਸੀ ਕਿ ਕੋਈ ਵੀ ਇਨਕਲਾਬ ਆਪਣੀ ਪ੍ਰੋਲੀਤਾਰੀ ਜਮਾਤ ਦੀ ਸਾਂਝੀ ਜੀਵਨ-ਜਾਚ
ਦੀਆਂ ਕਦਰਾਂ-ਕੀਮਤਾਂ ਦੀ ਸਭਿਆਚਾਰਕ ਸਰਦਾਰੀ ਕਾਇਮ ਕਰਨ ਤੋਂ ਬਗੈਰ ਟਿਕ ਹੀ ਨਹੀਂ ਸਕਦਾ।
ਇਹ ਸਰਦਾਰੀ (Hegemony) ਪ੍ਰੋਲੀਤਾਰੀ ਜਮਾਤ ਨੇ ਬੁਰਜੁਆ ਸੰਸਕ੍ਰਿਤਕ ਸਰਦਾਰੀ ਨੂੰ ਖਤਮ ਕਰਨ
ਲਈ ਸਥਾਪਤ ਕਰਨੀ ਹੈ। ਲੇਕਿਨ ਲੇਖਕ ਇਸ ਸ਼ਬਦ ਨੂੰ ਹੇਠ ਲਿਖੇ ਅਰਥ ਵੀ ਪ੍ਰਦਾਨ ਕਰਦਾ ਹੈ:

1. ਕਿਸੇ ਸਮਾਜਕ ਬ੍ਰਹਿਮੰਡ (Social Universe) ਦੇ ਇਕ ਹਿੱਸੇ ਜਾਂ ਸਮਾਜਕ ਸਮੂਹ ਵੱਲੋਂ
ਪਦਾਰਥਕ ਕੰਟਰੋਲ ਰਾਹੀਂ ਉਸ ਬ੍ਰਹਿਮੰਡ ਉੱਤੇ ਸਰਦਾਰੀ ਸਥਾਪਤ ਕਰ ਲੈਣੀ। ਇਹ ਉਸ ਸਮੇਂ
ਸਥਾਪਤ ਹੁੰਦੀ ਹੈ, ਜਦ ਉਸ ਸਮਾਜਕ ਸੂਮਹ ਦੀਆਂ ਨੈਤਿਕ, ਰਾਜਨੀਤਕ ਤੇ ਸੰਸਕ੍ਰਿਤਕ
ਕਦਰਾਂ-ਕੀਮਤਾਂ ਨੂੰ ਸਮੁੱਚਾ ਬ੍ਰਹਿਮੰਡ ਇੱਛਕ ਤੌਰ 'ਤੇ ਅਪਣਾ ਲੈਂਦਾ ਹੈ।
2. ਐਸੇ ਸਮੂਹ ਦੀਆਂ ਕਦਰਾਂ ਬ੍ਰਹਿਮੰਡ ਉੱਤੇ ਠੋਸੀਆਂ ਨਹੀਂ ਜਾਂਦੀਆਂ, ਬ੍ਰਹਿਮੰਡ ਇਨ੍ਹਾਂ ਦਾ ਅੰਤਰੀਕਰਨ
(Internalise) ਕਰ ਲੈਂਦਾ ਹੈ। ਪਰੰਪਰਾਗਤ ਕਦਰਾਂ-ਕੀਮਤਾਂ ਨਵੀਆਂ ਕਦਰਾਂ ਵਿਚ ਸਮਾ ਜਾਂਦੀਆਂ
ਹਨ। ਇਹ ਨਵੀਆਂ ਕਦਰਾਂ ਸਮਾਜਕ ਬ੍ਰਹਿਮੰਡ ਦੀਆਂ ਕਦਰਾਂ ਬਣ ਜਾਂਦੀਆਂ ਹਨ।
3. ਸਮਾਂ ਪੈਣ ਨਾਲ ਇਹ ਕਦਰਾਂ ਹੀ ਸਮਾਜਕ ਬ੍ਰਹਿਮੰਡ ਦੀ ਵਾਸਤਵਿਕ ਤਸਵੀਰ ਨਜ਼ਰ ਆਉਣ
ਲਗਦੀਆਂ ਹਨ ਕਿਉਂਕਿ ਇਸ ਦੇ ਪ੍ਰਮੁੱਖ ਕਾਰਜਕਰਤਾ ਤੇ ਲੀਡਰ, ਇਸ ਦਾ ਵੱਖਰਾ ਬਦਲਵਾਂ
ਰੂਪ ਕਾਇਮ ਰੱਖਣ ਵਾਲੇ ਜ਼ਰੂਰੀ ਸੰਕਲਪ ਹੌਲੀ ਹੌਲੀ ਗੁਆ ਬੈਠਦੇ ਹਨ।
4. ਕਿਉਂਕਿ ਸਮਾਜਕ ਬ੍ਰਹਿਮੰਡ ਦਾ ਸਰਦਾਰੀ ਵਾਲਾ ਰੂਪ ਕੁਦਰਤੀ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ
ਹੈ ਜਿਸ ਕਰਕੇ ਬ੍ਰਹਿਮੰਡ ਵਿਚ ਬੁਨਿਆਦੀ ਤਬਦੀਲੀ ਦੇ ਆਸਾਰ ਖਤਮ ਹੁੰਦੇ ਜਾਪਣ ਲਗਦੇ
ਹਨ। ਇਸ ਸਰਦਾਰੀ ਪ੍ਰਤੀ ਕਿਸੇ ਕਿਸਮ ਦੀ ਵੀ ਬੇਵਸਾਹੀ ਨਵੀਆਂ ਕਦਰਾਂ-ਕੀਮਤਾਂ ਦੇ
ਬੋਲਬਾਲੇ 'ਚ ਹੀ ਘਿਰ ਕੇ ਰਹਿ ਜਾਂਦੀ ਹੈ ਅਤੇ ਅਖੀਰ ਖਤਮ ਹੋ ਜਾਂਦੀ ਹੈ।
5. ਉਪਰੋਕਤ ਕਾਰਨਾਂ ਕਰ ਕੇ ਸਰਦਾਰੀ ਕਰਨ ਵਾਲਾ ਸਮੂਹ ਬਾਕੀ ਮੈਂਬਰਾਂ ਤੋਂ ਇਨ੍ਹਾਂ ਕੀਮਤਾਂ ਪ੍ਰਤੀ
ਪੂਰਨ ਵਫਾਦਾਰੀ ਤੋਂ ਵੀ ਵੱਧ ਦੀ ਆਸ ਰੱਖਣ ਲਗਦਾ ਹੈ। ਸਾਰੇ ਮੈਂਬਰ ਇਨ੍ਹਾਂ ਕਦਰਾਂ ਪ੍ਰਤੀ
ਇੱਛੁਕ ਮਿਲਵਰਤਣ ਦਿਖਾਉਂਦੇ ਹਨ ਅਤੇ ਇਹੀ ਮਿਲਵਰਤਣ ਸਮਾਜਕ ਬ੍ਰਹਿਮੰਡ (ਭਾਈਚਾਰਕ
ਜੀਵਨ) ਨੂੰ ਅਰਥ ਪ੍ਰਦਾਨ ਕਰਨ ਵਿਚ ਸਫਲ ਹੋ ਜਾਂਦਾ ਹੈ। ਇਹ ਸਰਦਾਰੀ ਦੋਹਾਂ ਫਰੰਟਾਂ ਉੱਤੇ
ਕਾਇਮ ਰਹਿੰਦੀ ਹੈ -ਹਰ ਪਾਰਟੀ ਦੇ ਮੈਂਬਰਾਂ ਵਿਚਕਾਰ ਅਤੇ ਹਰ ਪਾਰਟੀ ਵਿਚਕਾਰ। ਇੰਝ
ਕਮਿਊਨਿਸਟ ਇੰਟਰਨੈਸ਼ਨਲ (ਕਮਿੰਟਰਨ) ਵਿਚ ਵੀ ਤੇ ਵਿਸ਼ਵ ਦੀ ਹਰ ਕਮਿਊਨਿਸਟ ਪਾਰਟੀ
ਵਿਚਕਾਰ ਲਗਾਤਾਰ ਇਹ ਸਰਦਾਰੀ ਕਾਇਮ ਰਹਿੰਦੀ ਹੈ।

ਬਾਲਸ਼ਵਿਕ ਪਾਰਟੀ ਵਿਚ ਸਰਦਾਰੀ ਪਹਿਲਾਂ ਹੀ ਸਥਾਪਤ ਹੋ ਚੁੱਕੀ ਸੀ, ਜੋ ਮਗਰੋਂ ਕਮਿਨਟਰਨ
ਵਿਚ ਪ੍ਰਵੇਸ਼ ਕੀਤੀ ਅਤੇ ਕਮਿਨਟਰਨ ਰਾਹੀਂ ਇਹ ਸੋਵੀਅਤ ਕਮਿਊਨਿਸਟ ਪਾਰਟੀ ਵਿਚ ਪ੍ਰਵੇਸ਼
ਕਰਨ ਵਿਚ ਵੀ ਕਾਮਯਾਬ ਹੋਈ। ਜਦ ਰੂਸ ਦੀ ਪਾਰਟੀ ਦਾ ਕਮਿਨਟਰਨ ਉੱਤੇ ਦਬਦਬਾ ਕਾਇਮ

ਹੋਇਆ ਤਾਂ ਇਸ ਦਾ ਪ੍ਰਭਾਵ ਇਸ ਦੀਆਂ ਮੈਂਬਰ ਪਾਰਟੀਆਂ ਉੱਤੇ ਵੀ ਪਿਆ, ਜਿਸ ਸਦਕਾ ਇਹ ਵਿਸ਼ਵ-ਵਿਆਪੀ ਵਰਤਾਰਾ ਹੋ ਨਿਬੜੀ। ਇਕ ਸਟੇਜ ਐਸੀ ਆ ਗਈ, ਜਦ ਹਰ ਪਾਰਟੀ ਲਈ ਕਮਿਨਟਰਨ ਦਾ ਮੈਂਬਰ ਬਣਨ ਲਈ "ਦਾਖਲੇ ਦੀਆਂ ਸ਼ਰਤਾਂ" ਮੰਨਣਾ ਜ਼ਰੂਰੀ ਸੀ। ਇਨ੍ਹਾਂ ਸ਼ਰਤਾਂ ਵਿਚ ਸੋਵੀਅਤ ਪਾਰਟੀ ਦੀ ਸਰਦਾਰੀ ਵੀ ਸ਼ਾਮਲ ਸੀ ਅਤੇ ਹੋਰ ਵੀ ਕਾਫੀ ਕੁਝ। ਇਸ ਸਰਦਾਰੀ ਨੇ ਹੋ ਮੈਂਬਰ ਦੇਸ਼ਾਂ ਦੀਆਂ ਪਾਰਟੀਆਂ ਦੀ ਕਾਰਜ ਸ਼ੈਲੀ ਦੀ ਸੁਤੰਤਰਤਾ ਖ਼ਤਮ ਕੀਤੀ। ਸਿੱਟਾ ਇਹ ਨਿਕਲਿਆ ਕਿ ਨਾ ਤਾਂ ਵਿਸ਼ਵ ਇਨਕਲਾਬ ਦਾ ਸੁਪਨਾ ਪੂਰਾ ਹੋ ਸਕਿਆ ਅਤੇ ਨਾ ਹੀ ਰੂਸੀ ਸਮਾਜਵਾਦੀ ਨਿਜ਼ਾਮ ਆਪਣੇ ਆਪ ਨੂੰ ਕਾਇਮ ਰੱਖ ਸਕਿਆ। ਲੇਖਕ ਦਾ ਕਹਿਣਾ ਹੈ ਕਿ ਜਿਸ ਲੀਡਰ ਜਾਂ ਮੈਂਬਰ ਦੇਸ਼ ਦੀ ਪਾਰਟੀ ਨੇ ਇਸ ਸਰਦਾਰੀ ਦਾ ਵਿਰੋਧ ਕੀਤਾ ਉਸ ਦੀ ਆਪਣੀ ਹੋਂਦ ਹੀ ਖਤਰੇ ਵਿਚ ਪੈ ਗਈ। ਲੇਖਕ ਅਨੁਸਾਰ ਸਮੁੱਚਾ ਵਿਸ਼ਵ ਕਮਿਊਨਿਸਟ-ਪ੍ਰਬੰਧ ਵੀ ਇਕ ਕੁਦਰਤੀ ਬ੍ਰਹਿਮੰਡ ਦੀ ਤਰ੍ਹਾਂ ਇਕ ਸਮਾਜਕ ਬ੍ਰਹਿਮੰਡ ਜਿਹਾ ਹੀ ਹੈ। ਵਿਸ਼ਵ ਦੀਆਂ ਸਮੂਹ ਕਮਿਊਨਿਸਟ ਪਾਰਟੀਆਂ, ਦੂਸਰੇ ਪਾਰਟੀ ਸੰਗਠਨ, ਕਮਿਊਨਿਸਟ ਦੇਸ਼ਾਂ ਦੀਆਂ ਸਰਕਾਰਾਂ, ਪ੍ਰਮੁੱਖ ਲੀਡਰ ਅਤੇ ਸਮੂਹ ਮੈਂਬਰ ਇਸ ਸਮਾਜਕ ਬ੍ਰਹਿਮੰਡ ਦੇ ਏਜੰਟ ਹਨ। ਸਰਦਾਰੀ ਦਾ ਰੁਝਾਨ ਇਸ ਸਮਾਜਕ ਬ੍ਰਹਿਮੰਡ ਵਿਚ ਇਕ ਸੁਤੰਤਰ ਵਰਤਾਰਾ ਹੈ, ਜਿਹੜਾ ਇਸ ਬ੍ਰਹਿਮੰਡ ਦੇ ਹਰ ਛੋਟੇ ਵੱਡੇ ਏਜੰਟ ਤੇ ਅਦਾਰੇ ਵਿਚ ਵਿਦਮਾਨ ਹੈ ਅਤੇ ਇਹ ਰੁਝਾਨ ਹੀ ਨਿਹਿਤ ਕਮਜ਼ੋਰੀ ਬਣ ਚੁੱਕਾ ਹੈ। ਲੇਖਕ ਨੇ ਇਸ ਰੁਝਾਨ ਨੂੰ ਹੀ ਉਪਰੋਕਤ ਤਿੰਨਾਂ ਸੰਕਟਾਂ ਦੇ ਮੁੱਖ ਕਾਰਨ ਦੇ ਤੌਰ 'ਤੇ ਪਛਾਣਿਆ ਹੈ। ਲੇਖਕ ਅਨੁਸਾਰ ਇਸ ਰੁਝਾਨ ਦੇ ਭ੍ਰਿਸ਼ਟ ਨਤੀਜਿਆਂ ਵੱਲ ਸੰਕੇਤ ਤਾਂ ਗਰਾਮਸੀ ਨੇ 1923 ਵਿਚ ਹੀ ਕਰ ਦਿੱਤਾ ਸੀ ਪਰ ਬਦਕਿਸਮਤੀ ਇਹ ਹੋਈ ਕਿ ਕੋਈ ਵੀ ਪਾਰਟੀ ਸੰਗਠਨ ਜਾਂ ਲੀਡਰ ਏਨਾ ਸ਼ਕਤੀਸ਼ਾਲੀ ਤੇ ਸਮਰੱਥਾਵਾਨ ਨਾ ਰਿਹਾ, ਜਿਹੜਾ ਇਸ ਰੁਝਾਨ ਨੂੰ ਠੱਲ੍ਹ ਪਾ ਸਕਦਾ। ਇਹ ਸਰਦਾਰੀ ਸੋਵੀਅਤ ਕਮਿਊਨਿਸਟ ਪਾਰਟੀ ਰਾਹੀਂ ਆਪਣਾ ਰੰਗ ਦਿਖਾਉਂਦੀ ਰਹੀ। ਇਸ ਰੁਝਾਨ ਨੇ ਹੀ ਅੰਤ ਸੋਵੀਅਤ ਕਮਿਊਨਿਸਟ ਪਾਰਟੀ ਅਤੇ ਸੋਵੀਅਤ ਸਿਸਟਮ ਨੂੰ ਖਤਮ ਕਰ ਦਿੱਤਾ। ਲੇਖਕ ਨੇ ਪਹਿਲੇ ਦੋ ਸੰਕਟਾਂ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਹੈ ਅਤੇ ਸਿੱਟਾ ਇਹੀ ਕੱਢਿਆ ਹੈ ਕਿ ਦੋਹਾਂ ਹਾਲਤਾਂ ਵਿਚ ਸੰਕਟ ਲਈ 'ਬਾਲਸ਼ਵਿਕ ਸਰਦਾਰੀ' ਦਾ ਸੰਕਲਪ ਹੀ ਜ਼ਿੰਮੇਵਾਰ ਸੀ। ਮੁਕਾਬਲੇ ਦੀ ਸ਼ਕਤੀ ਬਣੀ ਚੀਨੀ ਕਮਿਊਨਿਸਟ ਪਾਰਟੀ ਤੇ ਚੀਨੀ ਰਾਜ ਵਿਵਸਥਾ ਜੇ ਇਸ ਨੂੰ ਪ੍ਰਵਾਨ ਨਹੀਂ ਸੀ ਕਰ ਸਕਦੀ ਤਾਂ ਭਾਰਤੀ ਕਮਿਊਨਿਸਟ ਪਾਰਟੀ ਸਰਦਾਰੀ ਦੀ ਇਸ ਕਸ਼ਮਕਸ਼ ਕਾਰਨ ਹੀ ਵੰਡੀ ਜਾਂਦੀ ਰਹੀ। ਇਹਨਾਂ ਦੋਨਾਂ ਸੰਕਟਾਂ ਦੇ ਪੁਸਤਕ ਵਿਚਲੇ ਵਿਸਥਾਰ ਨੂੰ ਨਾ ਛੂੰਹਦੇ ਹੋਏ ਅਸੀਂ ਤੀਜੇ ਸੰਕਟ ਵੱਲ ਆਉਂਦੇ ਹਾਂ।

ਤੀਸਰਾ ਸੰਕਟ ਜੋ 1999 ਵਿਚ ਵਾਪਰਿਆ, ਉਹ ਰੂਸੀ ਸਮਾਜਵਾਦ ਦਾ ਢਹਿ ਢੇਰੀ ਹੋ ਜਾਣਾ ਹੈ। ਇਹ ਸੰਕਟ ਪਹਿਲੇ ਦੋਹਾਂ ਦੇ ਟਾਕਰੇ ਵਧੇਰੇ ਮਹੱਤਵਪੂਰਨ ਹੈ, ਕਿਉਂਕਿ ਇਸ ਦੇ ਸਿੱਟੇ ਵਜੋਂ ਮਾਰਕਸਵਾਦ-ਲੈਨਿਨਵਾਦ ਸਿਧਾਂਤ ਦੀ ਸਾਰਥਿਕਤਾ ਬਾਰੇ ਸ਼ੰਕੇ ਖੜ੍ਹੇ ਹੋ ਗਏ ਹਨ। ਕਈਆਂ ਦਾ ਵਿਚਾਰ ਹੈ ਕਿ ਇਹ ਸਭ ਕੁਝ ਵਿਸ਼ਵ ਸਾਮਰਾਜਵਾਦ ਦੀ ਸੋਚੀ ਸਮਝੀ ਸਾਜ਼ਿਸ਼ ਤਹਿਤ ਹੋਇਆ ਹੈ। ਇਸ ਪੱਖ ਦੇ ਵਿਅਕਤੀਆਂ ਦਾ ਕਥਨ ਹੈ ਕਿ ਗੋਰਬਾਚੇਵ ਸਾਮਰਾਜੀ ਸ਼ਕਤੀਆਂ ਦੇ ਹੱਥਾਂ ਵਿਚ ਖੇਡ ਗਿਆ ਹੈ। ਕਈ ਕਹਿੰਦੇ ਹਨ ਕਿ ਉਹ ਇਕ ਸਮਾਜਵਾਦੀ ਦੇ ਭੇਸ ਵਿਚ ਉਦਾਰਵਾਦੀ-ਆਰਥਿਕਵਾਦੀ ਸੀ, ਜਿਹੜਾ ਹੌਲੀ ਹੌਲੀ ਸੋਵੀਅਤ ਆਰਥਿਕਤਾ ਨੂੰ ਪੂੰਜੀਵਾਦੀ ਮੁਨਾਫੇਖੋਰ ਆਰਥਿਕਤਾ ਵਿਚ ਬਦਲ ਕੇ, ਸਮਾਜਵਾਦੀ ਬਲਾਕ ਨੂੰ ਡਾਵਾਂਡੋਲ ਕਰਕੇ, ਢਹਿ-ਢੇਰੀ ਕਰਨਾ ਚਾਹੁੰਦਾ ਸੀ। ਕਈ ਟਿੱਪਣੀਕਾਰ ਸੋਵੀਅਤ ਸੰਕਟ ਨੂੰ "ਸ਼ਕਤੀ-ਕੇਂਦਰਤ" ਰਾਜਨੀਤੀ (Power politics) ਦਾ ਸਿੱਟਾ ਮੰਨਦੇ ਹਨ, ਜਿਸ ਦਾ ਮੁੱਖ ਮੰਤਵ ਵਿਸ਼ਵ ਰਾਜਨੀਤੀ ਉੱਤੇ ਸਰਦਾਰੀ ਕਾਇਮ ਕਰਨਾ ਸੀ। ਪਰ ਹੱਥਲੀ ਪੁਸਤਕ ਦਾ ਲੇਖਕ ਇਨ੍ਹਾਂ ਸਾਰੇ ਹੀ ਪ੍ਰਤੀਕਰਮਾਂ ਨੂੰ ਨਜ਼ਰਅੰਦਾਜ਼ ਕਰ ਕੇ ਇਹ ਮੰਨ ਕੇ ਤੁਰਦਾ ਹੈ ਕਿ ਗੋਰਬਾਚੋਵ ਇਕ ਲੈਨਿਨਵਾਦੀ-ਸਮਾਜਵਾਦੀ-ਲੋਕਤੰਤਰਵਾਦੀ ਸੀ। ਉਹ ਸੋਵੀਅਤ ਸੰਕਟ ਲਈ ਜ਼ਿੰਮੇਵਾਰ ਨਹੀਂ ਸੀ ਅਤੇ ਨਾ ਹੀ ਉਸਦਾ ਮੰਤਵ ਸਮਾਜਵਾਦੀ ਨਿਜ਼ਾਮ ਨੂੰ ਢਾਅ ਲਾਉਣ ਦਾ ਸੀ। ਗੋਰਬਾਚੋਵ ਤਾਂ ਸਗੋਂ ਰੂਸੀ ਸਮਾਜ ਵਿਚ ਆ ਚੁੱਕੀਆਂ ਗਿਰਾਵਟਾਂ ਨੂੰ ਖਤਮ ਕਰਕੇ, ਸਿਸਟਮ ਨੂੰ



ਲੋਕਤੰਤਰੀ ਰੂਪ ਦੇਣਾ ਚਾਹੁੰਦਾ ਸੀ। ਗੋਰਬਾਚੋਵ ਦਾ ਵਿਚਾਰ ਸੀ, "ਖੁੱਲ੍ਹਾਪਨ ਭਾਵ ਵਿਅਕਤੀਗਤ ਆਜ਼ਾਦੀ ਸਮਾਜਵਾਦ ਦੀ ਵੱਡੀ ਵਿਸ਼ੇਸ਼ਤਾ ਹੈ" (Openness is an attribute of Socialism)। ਉਸ ਦਾ ਇਹ ਵੀ ਵਿਸ਼ਵਾਸ ਸੀ, "ਲੋਕਤੰਤਰੀ ਕਦਰਾਂ-ਕੀਮਤਾਂ ਸਮਾਜਵਾਦੀ ਢਾਂਚੇ ਵਿਚ ਨਿਹਿਤ ਹਨ" (Democratic form is inherent in Socialism)। ਲੇਖਕ ਅਨੁਸਾਰ ਉਪਰੋਕਤ ਹਵਾਲੇ ਗੋਰਬਾਚੋਵ ਦੀ ਪੁਸਤਕ (Perestroika: new thinking for our country and world) ਵਿਚੋਂ ਲਈਆਂ ਗਈਆਂ ਹਨ।

ਇਹ ਤਾਂ ਹਰ ਚੇਤਨ ਵਿਅਕਤੀ ਜਾਣਦਾ ਹੀ ਹੈ ਕਿ ਰੂਸ ਲੰਬੇ ਸਮਾਜਵਾਦੀ ਦੌਰ ਦੌਰਾਨ ਉਨ੍ਹਾਂ ਸਭ ਸਮਾਜਕ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕਾ ਸੀ ਜਿਹੜੀਆਂ ਪੂੰਜੀਵਾਦੀ ਦੇਸ਼ਾਂ ਵਿਚ ਨਜ਼ਰ ਆਉਂਦੀਆਂ ਹਨ। ਅਤੇ ਰੂਸ ਵਿਚ ਸ਼ਾਇਦ ਉਨ੍ਹਾਂ ਤੋਂ ਵੀ ਵੱਧ ਸਨ ਜਿਵੇਂ ਰਾਜਸੀ ਮਸ਼ੀਨਰੀ ਵੱਲੋਂ ਮਨਮਰਜ਼ੀ ਕਰਨਾ, ਕੁਰੱਪਸ਼ਨ, ਗੈਰ-ਜ਼ਿੰਮੇਵਾਰ ਅਫਸਰਸ਼ਾਹੀ, ਆਰਥਿਕ ਥੁੜਾਂ ਆਦਿ ਅਤੇ ਇਹ ਵੀ ਕਿ ਇਨ੍ਹਾਂ ਨੂੰ ਦੂਰ ਕਰਕੇ ਹੀ ਸਮਾਜਵਾਦੀ ਢਾਂਚਾ ਬਣਾਇਆ ਜਾ ਸਕਦਾ ਸੀ।

ਗੋਰਬਾਚੋਵ ਦੀ "ਪੇਰਿਸਤ੍ਰੋਇਕਾ" ਅਤੇ 'ਗਲਾਸਨੋਸਤ' ਦੀ ਪਾਲਿਸੀ ਵੀ ਕੁਝ ਅਜਿਹਾ ਹੀ ਪ੍ਰਾਪਤ ਕਰਨ ਵੱਲ ਸੇਧਿਤ ਸੀ ਪਰ ਗੋਰਬਾਚੋਵ ਆਪ ਵੀ ਇਕ ਬਾਲਸ਼ਵਿਕ ਸੀ। ਇਸੇ ਲਈ ਉਹ ਲੈਨਿਨ, ਸਤਾਲਿਨ ਅਤੇ ਖਰੁਸ਼ਚੋਵ ਵਾਂਗ ਆਪਣੀ ਨੀਤੀ ਨੂੰ ਉਚਿਤਤਾ ਪ੍ਰਦਾਨ ਕਰਾਉਣ ਲਈ, ਸੋਵੀਅਤ ਲੋਕਾਂ ਨੂੰ ਵਿਚਾਰਧਾਰਕ ਸਹਿਯੋਗ ਵਾਸਤੇ ਸਮਾਜਵਾਦੀ ਵਿਚਾਰਧਾਰਾ ਦੇ ਆਧਾਰ 'ਤੇ ਉਤਸ਼ਾਹਿਤ ਕਰਦਾ ਸੀ ਅਤੇ ਨਾਲ ਹੀ ਨਾਲ ਉਨ੍ਹਾਂ ਨੂੰ ਪਦਾਰਥਕ ਬਹੁਲਤਾਵਾਂ ਦੀ ਆਸ ਵੀ ਸੁਝਾਉਂਦਾ ਸੀ। ਲੇਖਕ ਅਨੁਸਾਰ ਗੋਰਬਾਚੋਵ ਇਹ ਭੁੱਲ ਗਿਆ ਸੀ ਕਿ ਸੋਵੀਅਤ ਲੋਕਾਂ ਨੂੰ ਸਰਬ-ਸੱਤਾਵਾਦ, ਵਿਅਕਤੀ ਆਜ਼ਾਦੀ ਦੀ ਅਣਹੋਂਦ ਤੇ ਆਰਥਿਕ ਥੁੜਾਂ ਨੇ 'ਵਿਚਾਰਧਾਰਕ ਪੁੱਠਾ ਗੇੜ' ਦੇ ਰੱਖਿਆ ਹੈ (De-ideologised)। ਹੁਣ ਉਹ ਸਮਾਜਵਾਦ ਨੂੰ ਸ਼ਕਤੀ ਕੇਂਦਰਵਾਦ, ਦਰਜਾਬੰਦੀ, ਇਕ ਪਾਰਟੀ ਰਾਜ (ਕਮਿਊਨਿਸਟ ਪਾਰਟੀ ਦੀ ਮਨਮਰਜ਼ੀ), ਅਣ-ਅਧਿਕਾਰਤ ਪਾਬੰਦੀਆਂ ਆਦਿ ਨਾਲ ਸਮਾਨਾਂਤਰ ਸਮਝ ਬੈਠੇ ਸਨ। ਅਜਿਹਾ ਸਰਦਾਰੀ ਵਾਲੇ ਕਮਿਊਨਿਸਟ ਬ੍ਰਹਿਮੰਡ ਦੇ ਬੋਲਬਾਲੇ ਭਰਪੂਰ ਮਾਹੌਲ ਵਿਚ ਹੋਣਾ ਹੀ ਸੀ। ਬਾਲਸ਼ਵਿਕ ਸਰਦਾਰੀ ਦੀਆਂ ਕੀਮਤਾਂ ਗੋਰਬਾਚੋਵ ਵੀ ਅਪਨਾ ਚੁੱਕਾ ਸੀ, ਇਹ ਉਸ ਉੱਤੇ ਵੀ ਹਾਵੀ ਸਨ। ਹੁਣ ਉਹ ਮਾਓ ਜੇ ਤੁੰਗ ਵਾਂਗ ਇਸ ਤੋਂ ਥੋੜ੍ਹਾ ਆਜ਼ਾਦ (Partial Emancipation) ਹੋਣਾ ਚਾਹੁੰਦਾ ਸੀ, ਪਰ ਉਹ ਹੋ ਨਾ ਸਕਿਆ। ਅਤੇ ਕੋਸ਼ਿਸ਼ਾਂ ਕਰਦਾ ਕਰਦਾ ਆਪ ਵੀ ਹਾਰ ਗਿਆ ਤੇ ਸਿਸਟਮ ਨੂੰ ਵੀ ਢਹਿ ਢੇਰੀ ਕਰ ਗਿਆ। ਜੋ ਗੋਰਬਾਚੋਵ ਕਰਨਾ ਲੋਚਦਾ ਸੀ, ਉਹ ਬਾਲਸ਼ਵਿਕ ਸਰਦਾਰੀ ਨੂੰ ਛੱਡ ਕੇ ਸੰਭਵ ਨਹੀਂ ਸੀ, ਕਿਉਂਕਿ ਸਰਦਾਰੀ ਸਭਿਆਚਾਰਕ ਤੌਰ 'ਤੇ ਸਰਬ-ਵਿਆਪੀ ਪ੍ਰਭਾਵ ਕਾਇਮ ਕਰ ਚੁੱਕੀ ਸੀ, ਜਿਸ ਨੇ ਪਹਿਲਾਂ ਰੂਸੀ-ਚੀਨੀ ਸੰਕਟ ਪੈਦਾ ਕੀਤਾ ਸੀ, ਉਵੇਂ ਹੀ ਹੁਣ ਸਮਾਜਵਾਦੀ ਸੰਕਟ ਪੈਦਾ ਕਰ ਦਿੱਤਾ ਸੀ। ਉਹ ਪਾਰਟੀ ਦਾ ਜਨਰਲ ਸਕੱਤਰ ਹੁੰਦਾ ਹੋਇਆ ਵੀ ਚੋਖਾ ਸਮਰੱਥ ਨਾ ਹੋ ਸਕਿਆ, ਜਿਸ ਦੀ ਅਜਿਹੇ ਮੌਕਿਆਂ ਉੱਤੇ ਲੋੜ ਹੁੰਦੀ ਸੀ। ਜਿਵੇਂ ਉਸ ਸਮੇਂ ਰੂਸੀ-ਚੀਨੀ ਮਤਭੇਦ ਦੂਰ ਕਰਨ ਦਾ ਕਮਿਨਟਰਨ ਪਾਸ ਕੋਈ ਹੋਰ ਹੱਲ ਨਹੀਂ ਸੀ, ਉਵੇਂ ਹੁਣ ਵੀ ਕਿਸੇ ਸੰਸਥਾ ਜਾਂ ਵਿਅਕਤੀ ਪਾਸ ਨਹੀਂ ਸੀ।

ਇਸ ਪੁਸਤਕ ਦਾ ਮਹੱਤਵਪੂਰਨ ਪਹਿਲੂ ਇਕ ਹੋਰ ਵੀ ਹੈ, ਉਹ ਇਹ ਹੈ ਕਿ ਬਾਲਸ਼ਵਿਜ਼ਮ ਵਿਚ ਨਿਹਿਤ ਸਮਾਜਕ-ਰਾਜਸੀ ਸਰੋਕਾਰਾਂ ਦੇ ਸਮਾਜਵਾਦੀ ਢਾਂਚੇ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਇਕ ਕਮਿਊਨਿਸਟ ਸਿਧਾਂਤਕਾਰ ਨੇ ਸਮਝਿਆ ਅਤੇ ਵੰਗਾਰਿਆ ਸੀ, ਉਹ ਸੀ, ਰੋਜ਼ਾ ਲਕਸਮਬਰਗ, ਜਿਸ ਨੂੰ ਇਸ ਵੰਗਾਰ ਦੀ ਕੀਮਤ ਸਭ ਤੋਂ ਪਹਿਲਾਂ ਚੁਕਾਉਣੀ ਪਈ ਸੀ। ਇੰਨਾ ਹੀ ਨਹੀਂ ਰੋਜ਼ਾ ਲਕਸਮਬਰਗ ਨੇ ਹੀ ਲੈਨਿਨ ਨੂੰ ਬਾਲਸ਼ਵਿਜ਼ਮ ਦਾ ਪਿਤਾਮਾ ਗਰਦਾਨਿਆ ਸੀ। ਜਦ ਵੀ ਸਮਾਜਵਾਦ ਵਿਚ ਤਾਨਾਸ਼ਾਹੀ ਰੁਝਾਨ ਦੀ ਗੱਲ ਚੱਲੇਗੀ ਤਾਂ ਰੋਜ਼ਾ ਲਕਸਮਬਰਗ ਦੇ ਸ਼ਬਦ ਭਵਿੱਖਬਾਣੀ ਪ੍ਰਤੀਤ ਹੁੰਦੇ ਰਹਿਣਗੇ। ਲੇਖਕ ਦੇ ਇਹ ਵਿਚਾਰ ਦੂਸਰੇ ਸਮੀਖਿਆਕਾਰਾਂ ਨੂੰ ਚਣੌਤੀ ਦੇਣ ਯੋਗ ਹਨ ਜਿਹੜੇ ਰੂਸੀ ਸਮਾਜਵਾਦੀ ਨਿਜ਼ਾਮ ਵਿਚ ਤਾਨਾਸ਼ਾਹੀ ਰੁਝਾਨ ਪੈਦਾ ਕਰਨ ਦੀ ਜ਼ਿੰਮੇਵਾਰੀ ਸਤਾਲਿਨ ਸਿਰ ਮੜ੍ਹਦੇ ਹਨ।

ਇਹ ਪੁਸਤਕ ਗੰਭੀਰ ਪਾਠਕਾਂ ਨੂੰ ਇਤਾਲਵੀ ਮਾਰਕਸੀ ਚਿੰਤਕ 'ਗਰਾਮਸੀ' ਦੇ ਸਭਿਆਚਾਰਕ ਸਰਦਾਰੀ ਦੇ ਸੰਕਲਪ ਦੀ ਸਾਰਥਿਕਤਾ ਨੂੰ ਸਮਝਣ ਵੱਲ ਪ੍ਰੇਰਿਤ ਕਰਨ ਦੀ ਸਮਰੱਥਾ ਵੀ ਰੱਖਦੀ ਹੈ। ਪਰ ਇਸ ਪੁਸਤਕ ਵਿਚ ਇਕ ਕਮੀ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਜ਼ਰੂਰ ਰੜਕਦੀ ਹੈ, ਉਹ ਇਹ ਕਿ ਲੇਖਕ ਅਨੁਸਾਰ ਅਪ੍ਰਤੱਖ ਤੌਰ 'ਤੇ ਬਾਲਸ਼ਵਿਜ਼ਮ ਨੂੰ ਸਮਾਜਵਾਦੀ ਢਾਂਚੇ ਦਾ ਹਿੱਸਾ ਬਣਾਉਣ ਲਈ ਲੈਨਿਨ ਜ਼ਿੰਮੇਵਾਰ ਤਾਂ ਹੈ, ਪਰ ਕੀ ਇਹ ਝੁਕਾਅ/ਰੁਝਾਨ ਮਾਰਕਸ ਦੀਆਂ ਲਿਖਤਾਂ ਵਿਚ ਵੀ ਨਿਹਿਤ ਤਾਂ ਨਹੀਂ ? ਲੇਖਕ ਤਾਂ ਇਸ ਬਾਰੇ ਚੁੱਪ ਹੈ ਪਰ ਪਾਠਕਾਂ, ਖਾਸ ਕਰਕੇ ਮਾਰਕਸਵਾਦ ਦੇ ਚਿੰਤਕਾਂ ਲਈ ਇਹ ਵਿਚਾਰਨਯੋਗ ਪਹਿਲੂ ਹੈ।

[14-ਬੀ.ਬੀ., ਪੁਰਾਣੀ ਬਾਰਾਂਦਰੀ, ਜਲੰਧਰ]

# ਗੋਰਵਾਚੋਵ ਅਤੇ ਸੋਵੀਅਤ ਸੰਘ ਦਾ ਪਤਨ

## ਪਰੇਮ ਸਿੰਘ

'ਸਿਰਜਣਾ' ਅੰਕ 137 (ਜੁਲਾਈ-ਸਤੰਬਰ, 2005) ਵਿਚ ਛਪੇ ਤੁਹਾਡੇ ਸੰਪਾਦਕੀ ਬਾਰੇ ਅੰਕ 138 ਵਿਚ ਛਪੇ ਖ਼ਤ ਮੇਰੇ ਲਈ ਡਾਢੇ ਮੁੱਲਵਾਨ ਹਨ। ਫੇਰ ਵੀ ਮੈਂ ਹੇਠ ਲਿਖੀਆਂ ਦੋ ਗੱਲਾਂ ਤੁਹਾਡੇ ਪਾਠਕਾਂ ਦੇ ਧਿਆਨ ਵਿਚ ਲਿਆਉਣੀਆਂ ਉਚਿਤ ਸਮਝਦਾ ਹਾਂ:

ਪਹਿਲੀ ਇਹ ਕਿ ਮੈਂ ਆਪਣੀ ਪੁਸਤਕ 'ਮਹਾਂ ਸ਼ਕਤੀ ਦੀਆਂ ਆਖ਼ਰੀ ਘੜੀਆਂ-ਸੋਵੀਅਤ ਸਮਾਜਵਾਦ ਦੇ ਵਿਨਾਸ਼ ਦੀ ਵਾਰਤਾ' ਦੇ ਆਰੰਭ ਵਿਚ 'ਮੁੱਖ ਸ਼ਬਦ ਤੇ ਖੋਜ ਪ੍ਰਸੰਗ' ਤਹਿਤ ਲਿਖਿਆ ਸੀ:

"ਭਾਵੇਂ ਪਾਰਟੀ ਤੇ ਸਰਕਾਰ ਦੇ ਮੁਖੀ ਆਗੂ ਦੀ ਹੈਸੀਅਤ ਵਿਚ 'ਨਵੀਂ ਸੋਚ' ਅਧੀਨ ਅਪਣਾਈਆਂ ਗਈਆਂ ਸਾਰੀਆਂ ਨੀਤੀਆਂ ਨੂੰ ਪੇਸ਼ ਕਰਨ ਤੇ ਲਾਗੂ ਕਰਨ ਵਿਚ ਮਿਖਾਇਲ ਗੋਰਬਾਚੋਵ ਨੇ ਹੀ ਪਹਿਲ ਕੀਤੀ ਸੀ ਪਰ ਇਕੱਲੇ ਉਸੇ ਨੂੰ ਹੀ ਸਮਾਜਵਾਦ ਦੀ ਤਬਾਹੀ ਲਈ ਜ਼ਿੰਮੇਵਾਰ ਠਹਿਰਾ ਦੇਣਾ ਗ਼ਲਤ ਹੋਵੇਗਾ। ਚਾਹੇ ਪਹਿਲ ਉਸੇ ਦੀ ਸੀ, ਅੰਤਿਮ ਨਿਰਣੇ ਵਿਚ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਹੀ ਸਭ ਹਾਣ-ਲਾਭ ਦੀ ਜ਼ਿੰਮੇਵਾਰ ਸੀ।

"ਪਰ ਇਹ ਕਿਵੇਂ ਸੰਭਵ ਹੋਇਆ ਕਿ ਸੋਵੀਅਤ ਕਮਿਊਨਿਸਟ ਪਾਰਟੀ ਜਿਹੀ ਇਨਕਲਾਬੀ ਰਵਾਇਤਾਂ ਦੀ ਮਾਲਕ ਤੇ ਸਖ਼ਤ ਬੰਧੇਜ ਵਿਚ ਕੰਮ ਕਰਨ ਵਾਲੀ ਪਾਰਟੀ ਸਮੂਹਕ ਲੀਡਰਸ਼ਿਪ ਦੇ ਅਸੂਲ ਦੀ ਉਲੰਘਣਾ ਬਰਦਾਸ਼ਤ ਕਰਦੀ ਰਹੀ ਤੇ ਪਾਰਟੀ ਦੀ ਕਿਸੇ ਧਿਰ ਵੱਲੋਂ ਇਸ ਵਿਰੁੱਧ ਰੋਸ ਪ੍ਰਗਟ ਨਾ ਕੀਤਾ ਗਿਆ ? ਸੋਵੀਅਤ ਯੂਨੀਅਨ ਦੇ ਵਿਗਠਨ ਦੇ ਵਰਤਾਰੇ ਵਿਚ ਇਹ ਸਵਾਲ ਵੀ ਕੁੰਜੀਵਤ ਹੈ।"

ਦੂਜੀ ਗੱਲ ਇਹ ਕਿ ਗੋਰਬਾਚੋਵ ਨੇ ਆਪ ਮੰਨਿਆ ਹੈ ਕਿ "ਮੇਰਾ ਇਰਾਦਾ ਕਮਿਊਨਿਜ਼ਮ ਨੂੰ ਨਸ਼ਟ ਕਰਨ ਦਾ ਸੀ।" ਇਹ ਸ਼ਬਦ ਉਸ ਨੇ ਅਨਕਰਾ (ਤੁਰਕੀ) ਵਿਚ ਪੱਤਰਕਾਰਾਂ ਨੂੰ ਦਿੱਤੇ ਇਕ ਇੰਟਰਵਿਊ ਵਿਚ ਕਹੇ ਸਨ। ਚੈਕ ਗਣਰਾਜ ਦੇ ਅਖਬਾਰ *ਡਾਇਲਾਗ* ਨੇ ਇਸ ਇੰਟਰਵਿਊ ਨੂੰ *ਨਾਰਥਸਟਾਰ ਕਮਪਸ, ਟੋਰਾਂਟੋ* ਦੇ ਫ਼ਰਵਰੀ 2000 ਦੇ ਅੰਕ ਵਿਚੋਂ ਲੈ ਕੇ ਛਾਪਿਆ ਸੀ। ਜਦੋਂ ਮੈਂ ਆਪਣੀ ਪੁਸਤਕ ਲਿਖ ਰਿਹਾ ਸਾਂ, ਉਸ ਸਮੇਂ ਮੈਨੂੰ ਇਹ ਇੰਟਰਵਿਊ ਪ੍ਰਾਪਤ ਨਹੀਂ ਹੋ ਸਕਿਆ ਸੀ।

ਗੋਰਬਾਚੋਵ ਨੇ ਇਸ ਇੰਟਰਵਿਊ ਵਿਚ ਇਉਂ ਕਿਹਾ ਸੀ :

"ਮੇਰਾ ਇਰਾਦਾ ਕਮਿਊਨਿਜ਼ਮ ਨੂੰ, ਸਮੂਹ ਲੋਕਾਂ ਉੱਤੇ ਡਿਕਟੇਟਰਸ਼ਿਪ ਨੂੰ ਖ਼ਤਮ ਕਰਨਾ ਸੀ। ਇਸ ਮਿਸ਼ਨ ਵਿਚ ਮੇਰੀ ਹਮਾਇਤ ਕਰਨ ਵਾਲੀ ਤੇ ਮੈਨੂੰ ਪ੍ਰੇਰਣ ਵਾਲੀ ਮੇਰੀ ਪਤਨੀ ਸੀ, ਜਿਸ ਦੀ ਅਜਿਹੀ ਰਾਇ ਮੇਰੇ ਨਾਲੋਂ ਬਹੁਤ ਪਹਿਲਾਂ ਬਣ ਚੁੱਕੀ ਸੀ। ਮੈਨੂੰ ਇਸ ਗੱਲ ਦਾ ਪਤਾ ਸੀ ਕਿ ਮੈਂ ਅਜਿਹਾ ਤਦ ਹੀ ਕਰ ਸਕਦਾ ਹਾਂ ਜੇ ਮੈਂ ਇਕ ਮੋਹਰੀ ਕਾਰਜਕਰਤਾ ਹੋਵਾਂ। ਇਸ ਵਿਚ ਮੇਰੀ ਪਤਨੀ ਨੇ ਮੈਨੂੰ ਪ੍ਰੇਰਿਆ ਕਿ ਮੈਂ ਸਿਖਰਲੇ ਪਦ ਤਦ ਤਰੱਕੀ ਕਰਾਂ। ਜਦੋਂ ਮੈਨੂੰ ਪੱਛਮ ਬਾਰੇ ਜਾਣਕਾਰੀ ਪ੍ਰਾਪਤ ਹੋਈ ਤਾਂ ਮੈਂ ਆਪਣੇ ਮਨ ਵਿਚ ਸਦਾ ਲਈ ਧਾਰ ਲਿਆ। ਮੈਂ ਫੈਸਲਾ ਕੀਤਾ ਕਿ ਮੈਨੂੰ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਤੇ ਸੋਵੀਅਤ ਯੂਨੀਅਨ ਦੇ ਸਾਰੇ ਢਾਂਚੇ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ। ਮੈਨੂੰ ਸਾਰੇ ਹੋਰ ਸਮਾਜਵਾਦੀ ਦੇਸ਼ਾਂ ਵਿਚ ਵੀ ਇਉਂ ਹੀ ਕਰਨਾ ਚਾਹੀਦਾ ਹੈ। ਮੇਰਾ



ਆਦਰਸ਼ ਸੋਸ਼ਲ ਡੈਮੋਕਰੇਸੀ ਦਾ ਰਾਹ ਹੈ। ਕੇਵਲ ਇਸੇ ਨਾਲ ਹੀ ਸਭ ਲੋਕਾਂ ਨੂੰ ਲਾਭ ਪੁੱਜੇਗਾ। ਮੈਂ
ਆਦਰਸ਼ ਸੋਸ਼ਲ ਡੈਮੋਕਰੇਸੀ ਦਾ ਰਾਹ ਹੈ। ਮੈਨੂੰ ਇਸ ਆਦਰਸ਼ ਨੂੰ ਪੂਰਾ ਕਰਨਾ ਚਾਹੀਦਾ ਹੈ। ਮੈਨੂੰ ਯਾਕਵਲੀਵ ਤੇ
ਫੈਸਲਾ ਕੀਤਾ ਕਿ ਮੈਨੂੰ ਇਸ ਆਦਰਸ਼ ਨੂੰ ਪੂਰਾ ਕਰਨਾ ਚਾਹੀਦਾ ਹੈ। ਮੈਨੂੰ ਯਾਕਵਲੀਵ ਤੇ
ਸ਼ੇਵਰਦਨਾਦਜ਼ੇ ਜਿਹੇ ਮਿੱਤਰ ਮਿਲ ਗਏ ਜਿਨ੍ਹਾਂ ਦੇ ਵਿਚਾਰ ਮੇਰੇ ਵਰਗੇ ਸਨ। ਸੋਵੀਅਤ ਯੂਨੀਅਨ ਦੇ
ਬਿਖਰਨ ਤੇ ਕਮਿਊਨਿਜ਼ਮ ਦੀ ਹਾਰ ਲਈ ਇਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਯੋਗ ਹੈ। ਕਮਿਊਨਿਜ਼ਮ
ਤੋਂ ਬਗ਼ੈਰ ਦੁਨੀਆਂ ਬਹੁਤ ਚੰਗੀ ਹੋਵੇਗੀ। ਸੰਨ 2000 ਤੋਂ ਬਾਅਦ ਦੁਨੀਆਂ ਬਹੁਤ ਬਿਹਤਰ ਹੋਵੇਗੀ
ਕਿਉਂਕਿ ਇਹ ਵਿਕਾਸ ਕਰੇਗੀ ਤੇ ਖੁਸ਼ਹਾਲ ਹੋਵੇਗੀ। ਪਰ ਅਜਿਹੇ ਦੇਸ਼ ਵੀ ਹਨ ਜਿਹੜੇ ਇਸ ਵਿਰੁੱਧ
ਸੰਘਰਸ਼ ਕਰਨਗੇ। ਜਦੋਂ ਤਿਆਨਾਮਨ ਚੌਂਕ ਵਿਚ ਰੋਸ ਵਿਖਾਵੇ ਹੋਏ ਮੈਂ ਬੀਜਿੰਗ ਵਿਚ ਸਾਂ। ਮੈਂ
ਸੋਚਿਆ ਸੀ ਕਿ ਚੀਨ ਵਿਚ ਕਮਿਊਨਿਜ਼ਮ ਨਸ਼ਟ ਹੋ ਜਾਵੇਗਾ। ਮੈਂ ਚੀਨੀ ਲੀਡਰਸ਼ਿਪ ਤੋਂ ਸਖ਼ਤੀ
ਨਾਲ ਮੰਗ ਕੀਤੀ ਕਿ ਮੈਂ ਇਨ੍ਹਾਂ ਪ੍ਰਦਰਸ਼ਨਕਾਰੀਆਂ ਨਾਲ ਗੱਲ ਕਰਨੀ ਚਾਹੁੰਦਾ ਹਾਂ ਪਰ ਮੈਨੂੰ ਅਜਿਹਾ
ਨਾ ਕਰਨ ਦਿੱਤਾ ਗਿਆ। ਜੇ ਚੀਨ ਵਿਚ ਕਮਿਊਨਿਜ਼ਮ ਖ਼ਤਮ ਹੋ ਜਾਵੇ ਤਾਂ ਸਾਰੀ ਦੁਨੀਆਂ ਦਾ
ਭਲਾ ਹੋਵੇਗਾ ਤੇ ਇਹ ਅਮਨ ਦੇ ਰਾਹ ਤੁਰੇਗੀ। ਮੈਂ ਸੋਵੀਅਤ ਯੂਨੀਅਨ ਨੂੰ ਬਚਾਉਣਾ ਚਾਹੁੰਦਾ ਸਾਂ
ਪਰ ਸੋਸ਼ਲ ਡੈਮੋਕਰੇਸੀ ਅਧੀਨ। ਮੈਂ ਇਹ ਨਾ ਕਰ ਸਕਿਆ। ਯੇਲਤਸਿਨ ਨੂੰ ਸੱਤਾ ਚਾਹੀਦੀ ਸੀ। ਉਸ
ਨੂੰ ਜਮਹੂਰੀਅਤ ਬਾਰੇ ਕੁਝ ਪਤਾ ਨਹੀਂ ਸੀ, ਨਾ ਉਸ ਨੂੰ ਇਹ ਪਤਾ ਸੀ ਕਿ ਮੈਂ ਕੀ ਕਰਨਾ ਚਾਹੁੰਦਾ ਸਾਂ।
ਅਸੀਂ ਚਾਹੁੰਦੇ ਸਾਂ ਕਿ ਜਮਹੂਰੀ ਸੋਵੀਅਤ ਯੂਨੀਅਨ ਵਿਚ ਹੱਕ ਹੋਣ ਤੇ ਆਜ਼ਾਦੀ ਹੋਵੇ। ਫੇਰ
ਯੇਲਤਸਿਨ ਨੇ ਸੋਵੀਅਤ ਯੂਨੀਅਨ ਤੋੜ ਦਿੱਤਾ। ਉਸ ਸਮੇਂ ਮੈਂ ਕਰੈਮਲਿਨ ਵਿਚ ਨਹੀਂ ਸਾਂ। ਸਾਰੇ
ਅਖ਼ਬਾਰਾਂ ਦੇ ਪੱਤਰਕਾਰਾਂ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਹੁਣ ਰੋਵਾਂਗਾ ? ਪਰ ਮੈਂ ਰੋਇਆ ਨਹੀਂ ਕਿਉਂਕਿ
ਮੈਂ ਤਾਂ ਅਸਲ ਵਿਚ ਸੋਵੀਅਤ ਯੂਨੀਅਨ ਵਿਚ ਤੇ ਸਾਰੇ ਹੋਰ ਯੂਰਪੀ ਸਮਾਜਵਾਦੀ ਦੇਸ਼ਾਂ ਵਿਚ
ਕਮਿਊਨਿਜ਼ਮ ਨੂੰ ਨਸ਼ਟ ਕਰਨ ਵਿਚ ਸਫਲ ਹੋਇਆ ਸਾਂ। ਮੈਂ ਇਸ ਕਾਰਨ ਨਹੀਂ ਰੋਇਆ ਸਾਂ ਕਿਉਂਕਿ
ਮੈਨੂੰ ਪਤਾ ਸੀ ਕਿ ਮੈਂ ਆਪਣਾ ਮੁੱਖ ਨਿਸ਼ਾਨਾ ਪੂਰਾ ਕੀਤਾ ਸੀ। ਇਹ ਸੀ ਯੂਰਪ ਵਿਚ ਕਮਿਊਨਿਜ਼ਮ
ਦੀ ਹਾਰ। ਪਰ ਤੁਸੀਂ ਇਹ ਵੀ ਸਮਝੋ ਕਿ ਏਸ਼ੀਆ ਵਿਚ ਵੀ ਕਮਿਊਨਿਜ਼ਮ ਨੂੰ ਹਰਾਉਣਾ ਜ਼ਰੂਰੀ ਹੈ
ਤਾਂ ਜੋ ਸਾਰੀ ਦੁਨੀਆਂ ਵਿਚ ਜਮਹੂਰੀਅਤ ਤੇ ਆਜ਼ਾਦੀ ਵੱਲ ਛੇਤੀ ਹੀ ਤਬਦੀਲੀ ਹੋ ਸਕੇ।
ਸੋਵੀਅਤ ਯੂਨੀਅਨ ਦੇ ਨਸ਼ਟ ਹੋਣ ਨਾਲ ਅਮਰੀਕਾ ਨੂੰ ਲਾਭ ਨਹੀਂ ਪੁੱਜਾ ਕਿਉਂਕਿ ਹੁਣ ਉਹ
ਸ਼ਕਤੀਸ਼ਾਲੀ ਜਮਹੂਰੀ ਦੇਸ਼ (ਸਾਬਕ ਸੋਵੀਅਤ ਯੂਨੀਅਨ) ਨਹੀਂ ਰਿਹਾ ਜਿਸ ਨੂੰ ਮੈਂ ਸਵਤੰਤਰ
ਪ੍ਰਭੂਸੱਤਾ ਸੰਪੰਨ ਗਣਰਾਜਾਂ ਦੇ ਸੰਘ ਦਾ ਨਾਂਅ ਦੇਣਾ ਚਾਹੁੰਦਾ ਸਾਂ। ਇਹ ਸਾਰਾ ਕੰਮ ਮੈਂ ਪੂਰਾ ਨਾ ਕਰ
ਸਕਿਆ। ਹੁਣ ਸਾਰੇ ਛੋਟੇ ਦੇਸ਼ ਅਮਰੀਕਾ ਵੱਲੋਂ ਦਿੱਤੀ ਗਈ ਸਹਾਇਤਾ ਲਈ ਉਸ ਦਾ ਧੰਨਵਾਦ ਕਰ
ਰਹੇ ਹਨ। ਮੈਂ ਅਮਰੀਕਾ ਤੇ ਸਾਬਕਾ ਸੋਵੀਅਤ ਯੂਨੀਅਨ ਨੂੰ ਕਮਿਊਨਿਜ਼ਮ ਦੀ ਬੀਮਾਰੀ ਤੋਂ ਬਿਨਾਂ
ਭਾਈਵਾਲ ਬਣਿਆ ਵੇਖਣਾ ਚਾਹੁੰਦਾ ਸਾਂ। ਇਹ ਦੁਨੀਆਂ ਦੇ ਹਾਕਮ ਦੇਸ਼ ਹੁੰਦੇ। ਜਮਹੂਰੀਅਤ ਵੱਲ
ਜਾਂਦਾ ਰਾਹ ਲੰਮਾ ਹੋਵੇਗਾ ਪਰ ਇਹ ਬਹੁਤ ਛੇਤੀ ਆ ਰਹੀ ਹੈ। ਹੁਣ ਸਾਰੀ ਦੁਨੀਆਂ ਨੂੰ (ਰਲ ਕੇ)
ਕਮਿਊਨਿਜ਼ਮ ਦੀ ਰਹਿੰਦ-ਖੂੰਹਦ ਨੂੰ ਹਰਾਉਣਾ ਚਾਹੀਦਾ ਹੈ।"

ਮੇਰਾ ਖ਼ਿਆਲ ਹੈ ਕਿ ਇਸ ਇੰਟਰਵਿਊ ਬਾਰੇ ਸ਼ੰਕੇ ਦੀ ਗੁੰਜਾਇਸ਼ ਨਹੀਂ। ਸੋਵੀਅਤ ਯੂਨੀਅਨ
ਨੂੰ ਤੋੜਨ ਤੇ ਸਮਾਜਵਾਦ ਨੂੰ ਨਸ਼ਟ ਕਰਨ ਵਿਚ ਗੋਰਬਾਚੋਵ ਦੀ ਜ਼ਿੰਮੇਵਾਰੀ ਦਾ ਸਵਾਲ ਇਕ ਤਰ੍ਹਾਂ
ਨਾਲ ਨਿਬੜ ਗਿਆ ਹੈ। ਫੇਰ ਵੀ ਇਸ ਬਹੁ-ਪਾਸਾਰੀ ਘਟਨਾ ਬਾਰੇ ਹੋਰ ਤੱਥਾਂ ਦੇ ਸਾਹਮਣੇ ਆਉਣ
ਦੀ ਮੈਨੂੰ ਉਮੀਦ ਹੈ। ਉਂਝ ਵੀ ਇਸ ਬਾਰੇ ਕਤਈ ਨਤੀਜੇ ਅਜੇ ਨਿਕਲਣੇ ਬਾਕੀ ਹਨ। 'ਮੁੱਖ ਸ਼ਬਦ ਤੇ
ਖੋਜ ਪ੍ਰਸੰਗ' ਵਿਚ ਮੈਂ ਇਹ ਵੀ ਲਿਖਿਆ ਸੀ:

"ਫੇਰ ਵੀ ਇਹ ਨਿਰਣੇ ਅੰਤਿਮ ਨਹੀਂ ਮੰਨੇ ਜਾ ਸਕਦੇ। ਸਮਾਜਵਾਦ ਦੇ ਇਸ ਗੜ੍ਹ ਨੂੰ ਅੰਦਰੋਂ
ਤੇ ਬਾਹਰੋਂ ਤੋੜਨ ਲਈ ਜੋ ਕੁਝ ਕੀਤਾ ਗਿਆ ਹੈ, ਉਸ ਦਾ ਪੂਰਾ ਵਿਸਥਾਰ ਸਾਡੇ ਸਾਹਮਣੇ ਨਹੀਂ
ਆਇਆ। ਇਸ ਨੂੰ ਕੁਝ ਵਕਤ ਲੱਗੇਗਾ।" ❑❑

[1126, ਸੈਕਟਰ 71, ਮੋਹਾਲੀ-160 071]

# ਕਿੱਥੇ ਗਏ ਉਹ ਦਿਨ [ਇੰਦਰਜੀਤ ਹਸਨਪੁਰੀ]

'ਕਿੱਥੇ ਇਹ ਉਹ ਦਿਨ ਓ ਅਸਲਮ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 104, ਮੁੱਲ 100 ਰੁਪਏ) ਫਿਲਮੀ ਦੁਨੀਆਂ ਵਿਚ ਚੰਗੀ ਖਾਸੀ ਨਾਮਣਾ ਖੱਟ ਚੁੱਕੇ ਤੇ ਹਲਕੇ ਫੁਲਕੇ ਗੀਤਾਂ ਲਈ ਜਾਣੇ ਜਾਂਦੇ ਇੰਦਰਜੀਤ ਹਸਨਪੁਰੀ ਦੀ ਲੰਮੀ ਸੰਗੀਤਮਈ ਕਵਿਤਾ ਹੈ। ਜੇ ਇਸ ਦੇ ਗੁਣ-ਲੱਛਣਾਂ ਵਾਸਤੇ ਇਕ ਹੀ ਸ਼ਬਦ ਵਰਤਣਾ ਹੋਵੇ ਤਾਂ ਅੰਗਰੇਜ਼ੀ ਭਾਸ਼ਾ ਦਾ ਆਸਰਾ ਲੈਣਾ ਪਵੇਗਾ Ode ਯਾਨੀ ਅਜਿਹੀ ਸਰੋਦੀ ਕਵਿਤਾ ਜਿਹੜੀ ਕਿਸੇ ਕਾਲ ਜਾਂ ਵਸਤੂ ਦੇ ਗੁਣਾਂ ਨੂੰ ਸਮਰਪਤ ਹੁੰਦੀ ਹੈ ਅਤੇ ਇਹ ਸਮਰਪਣ ਨਿੱਘਾ ਵੀ ਹੁੰਦਾ ਹੈ ਤੇ ਲੈਅ-ਬੱਧ ਵੀ।

ਪੰਜਾਬੀ ਵਿਚ ਭੂਤ ਕਾਲ ਨੂੰ ਵਾਜਾਂ ਮਾਰਨ ਦੀ ਪਰੰਪਰਾ ਪ੍ਰਧਾਨ ਹੈ। ਥੋੜ੍ਹੀ ਬਹੁਤ ਝੋਰੇ ਵਾਲੀ। ਪਰ ਅੰਗਰੇਜ਼ੀ ਦੇ ਨਿੱਘ-ਰਸ ਭਰਪੂਰ ਸ਼ਬਦ 'ਓਡ' ਦੀ ਕੋਈ ਪਰੰਪਰਾ ਨਹੀਂ ਮਿਲਦੀ। ਇੰਦਰਜੀਤ ਹਸਨਪੁਰੀ ਨੇ ਜਾਣੇ ਅਣਜਾਣੇ ਇਸ ਖੱਪੇ ਨੂੰ ਪੂਰਦਿਆਂ ਪੰਜਾਬੀ ਦੀ ਸਰੋਦੀ ਕਵਿਤਾ ਵਿਚ ਕੀਮਤੀ ਵਾਧਾ ਕੀਤਾ ਹੈ।

ਮੈਂ ਇਸ ਪੁਸਤਕ ਲਈ ਕੀਮਤੀ ਸ਼ਬਦ 'ਸੁੱਤੇ ਸਿੱਧ' ਨਹੀਂ ਵਰਤਿਆ। ਕਹਿਣ ਨੂੰ ਕਵਿਤਾ ਦੇ ਇਹ ਸੌ ਪੰਨੇ ਕਿਸੇ ਅਸਲਮ ਨੂੰ ਮੁਖਾਤਬ ਹਨ। ਬੀਤੇ ਦੀ ਯਾਦ ਨੂੰ ਸਮਰਪਤ। ਪਰ ਏਸ ਤਰ੍ਹਾਂ ਤੱਕਿਆਂ ਇਸ ਰਚਨਾ ਦਾ ਮੁੱਲ ਨਹੀਂ ਪੈਂਦਾ। ਰਚਨਾ ਦੇ ਪਿਛੋਕੜ ਵਿਚ ਜਾਣ ਦੀ ਲੋੜ ਹੈ। ਅਸਲਮ ਕਵਿਤਾ ਵਿਚਲੇ ਮੈਂ ਪਾਤਰ ਗੁਰਮੁਖ ਦਾ ਹਾਣੀ ਹੈ ਜਿਸਨੂੰ 14-15 ਸਾਲ ਦੀ ਉਮਰ ਵਿਚ ਆਪਣੀ ਜਨਮ-ਭੋਂ ਛੱਡ ਕੇ ਨਵੀਂ ਭੋਂ (ਪਾਕਿਸਤਾਨ) ਜਾਣਾ ਪੈ ਗਿਆ। ਓਧਰ ਜਾਕੇ ਉਸਦੇ ਮਨ ਉੱਤੇ ਕੀ ਬੀਤੀ ਇਹ ਜਾਣਕਾਰੀ ਮਿਲਣੀ ਸੰਭਵ ਨਹੀਂ। ਕੁਝ ਰਾਜਨੀਤਕ ਕਾਰਨਾਂ ਕਰਕੇ ਉਹ ਧਰਤੀ ਦੁਸ਼ਮਣ ਭੂਮੀ ਦਾ ਰੂਪ ਧਾਰ ਗਈ ਜਿਸ ਸਦਕਾ ਮੂਲ ਵਸਨੀਕ ਤਾਂ ਕੀ ਏਧਰੋਂ ਟੁੱਟ ਕੇ ਓਧਰ ਪਨਾਹ ਲੈਣ ਵਾਲਾ ਵੀ ਬਿਨਾਂ ਕਾਰਨ ਹੀ ਦੁਸ਼ਮਣ ਬਣ ਗਿਆ।

'ਕਿੱਧਰ ਗਏ ਉਹ ਦਿਨ' ਏਧਰ ਰਹਿ ਗਏ ਹਾਣੀ ਦੇ ਹਾਵ ਭਾਵਾਂ ਦਾ ਚਿਤਰਨ ਹੈ। ਇਸ ਚਿਤਰਨ ਵਿਚ ਏਧਰ ਰਹਿ ਗਏ ਸਭਿਆਚਾਰ ਤੇ ਆਮ ਵਰਤਾਰੇ ਉੱਤੇ ਕਾਵਿਕ ਟਿੱਪਣੀਆਂ ਹਨ ਜਿਹੜੀਆਂ ਅਣਦਿਸਦੇ ਅਸਲਮ ਨਾਲ ਸਾਂਝੀਆਂ ਕੀਤੀਆਂ ਗਈਆਂ ਹਨ। ਇਹ ਕਵਿਤਾ ਏਧਰਲੇ ਪੰਜਾਬੀ ਦੀ ਰਹਿਣੀ ਬਹਿਣੀ, ਵਰਤ ਵਰਤਾਰੇ ਤੇ ਧਰਾਤਲ ਦੀ ਮੂੰਹ ਬੋਲਦੀ ਤਸਵੀਰ ਹੈ। ਪਿੰਡ ਦੀ ਭਠਿਆਰਨ ਤੋਂ ਗੱਲ ਸ਼ੁਰੂ ਕਰਦੇ ਹਾਂ:

*ਰੂਪ ਓਸਦਾ ਲਿਸ਼ਕਾਂ ਮਾਰੇ, ਜਿੱਦਾਂ ਬਲਦੀ ਹੋਈ ਮਤਾਬੀ!*
*ਸਭ ਲਗਦੇ ਸੀ ਦਿਉਰ ਓਸਦੇ, ਬਿਸ਼ਨੋ ਸਾਰੇ ਪਿੰਡ ਦੀ ਭਾਬੀ*
*ਪਰ ਓਹਦੇ ਘਰ ਆਲੇ ਨੂੰ ਕੋਈ ਤੇ, ਕਦੇ ਨਹੀਂ ਸੀ ਕਹਿੰਦਾ ਵੀਰਾ*
*ਇਓ ਤਾਂ ਕਹਿ ਦਿੰਦੇ ਸੀ ਭਾਬੀ, ਤੂੰ ਏਂ ਖੋਤੇ ਦੇ ਗਲ ਹੀਰਾ*
*ਉ[illegible] ਸੁਣਿਆ ਕਰਦੀ, ਹਲਕੇ ਕੁੱਤਿਆਂ ਕੋਲੋਂ ਡਰਦੀ*

ਕਵੀ ਨੇ ਅਸਲਮ ਨੂੰ ਪਿੰਡ ਦਾ ਸਭਿਆਚਾਰ ਦੱਸਣ ਹਿਤ ਭੱਠੀ ਵਾਲੀ ਦੇ ਹੁਸਨ ਦੀ ਗੱਲ ਕਰਕੇ ਬੜੀ ਹੀ ਸਹਿਜ ਨਾਲ ਪਿੱਛੇ ਲੱਗੇ ਹੋਏ ਲੋਕਾਂ ਦੀਆਂ ਗਾਲਾਂ ਦੀ ਗੱਲ ਵੀ ਕੀਤੀ ਹੈ। ਸੱਜਰਾਪਨ ਪਸ਼ੂ ਪੰਛੀਆਂ ਤੇ ਰੁੱਖਾਂ ਬੂਟਿਆਂ ਦੇ ਚਿਤਰਨ ਵਿਚ ਵੀ ਘੱਟ ਨਹੀਂ :

*ਕਿੰਨਾ ਸੁਹਣਾ ਲੱਗ ਰਿਹਾ ਸੀ*
*ਕਿੱਕਰ 'ਤੇ ਘੁੱਗੀਆਂ ਦਾ ਜੋੜਾ*
*ਵਿਚ ਆਲ੍ਹਣੇ ਬੋਟ ਸੀ ਬੈਠੇ*
*ਚੁੰਝਾਂ ਉਪਰ ਅੱਡੀਆਂ ਹੋਈਆਂ!*
*ਪੀਲੇ ਪੀਲੇ ਫੁੱਲ ਕਿੱਕਰ ਦੇ*
*ਹਰੇ-ਹਰੇ ਤੇ ਲੰਮ ਸਲੰਮੇ ਤੁੱਕੇ ਲਮਕਣ!*



ਕਿੱਕਰ ਦੇ ਫੁੱਲਾਂ ਦੀ ਗੱਲ ਛੂਹ ਕੇ ਉਸ ਵਿਚਲੇ ਆਲ੍ਹਣੇ ਦੇ ਬੋਟਾਂ ਨੂੰ ਯਾਦ ਕਰਕੇ ਸੰਤਾਲੀ ਦੀ ਵੰਡ ਤੋਂ ਪਹਿਲਾਂ ਵਾਲੇ ਪੰਜਾਬ ਦੀ ਰੂਹ ਨੂੰ ਫੜਨ ਦਾ ਯਤਨ ਕੀਤਾ ਗਿਆ ਹੈ:

*ਬੋੜ੍ਹ 'ਤੇ ਭੱਜੀ ਫਿਰਦੀ ਕਾਟੋ*
*ਨਾਲ ਮਜ਼ੇ ਦੇ ਖਾਵੇ ਗੋਲ੍ਹਾਂ*
*ਘੁੱਗੀਆਂ ਚਿੜੀਆਂ ਅਤੇ ਗੁਟਾਰਾਂ*
*ਕਰਦੀਆਂ ਆਪੋ ਵਿਚ ਕਲੋਲਾਂ*

ਬੋੜ੍ਹ ਦੇ ਪ੍ਰਸੰਗ ਵਿਚ ਹੀ ਪੀਂਘ ਝੂਟਦੀਆਂ ਕੁੜੀਆਂ ਦਾ ਵਰਣਨ ਵੀ ਓਨਾ ਹੀ ਸੱਜਰਾ ਹੈ:

*ਵਿਚ ਹਵਾ ਦੇ ਉਡਦੇ ਫਿਰਦੇ*
*ਬਾਗ਼, ਡੋਰੀਏ ਤੇ ਫੁਲਕਾਰੀ*
*ਏਸ ਨਜ਼ਾਰੇ ਵੱਲ ਤਕਦੀ ਸੀ*
*ਯਾਰਾ ਕਾਇਨਾਤ ਵੀ ਸਾਰੀ*

ਕਵਿਤਾ ਵਿਚ ਓਸ ਮਾਂ ਦਾ ਜ਼ਿਕਰ ਵੀ ਹੈ ਜਿਹੜੀ ਆਪਣੇ ਦੁੱਧ ਨਾਲ ਕਿਸੇ ਹੋਰ ਦੇ ਬੱਚੇ ਨੂੰ ਪਾਲਦੀ ਹੈ। ਮਾਂ ਮੁਸਲਮਾਨ ਹੈ ਤੇ ਬੱਚਾ ਸਿੱਖ। ਉਸ ਮੁਣਸ਼ੀ ਦਾ ਵੀ ਜਿਸਦੀ ਯਾਦਾਸ਼ਤ ਜਾਂਦੀ ਰਹਿਣ ਉੱਤੇ ਪਿੰਡ ਦੇ ਮੁੰਡੇ ਉਸਨੂੰ ਕਮਲਾ ਬਾਬਾ ਕਹਿ ਕਹਿ ਰੋੜੀਆਂ ਮਾਰਦੇ ਦਿਖਾਏ ਗਏ ਹਨ। ਉਸ ਕੁੜੀ ਦਾ ਵੀ ਜਿਹੜੀ ਗੁਰਮੁਖ ਤੇ ਅਸਲਮ ਦੋਹਾਂ ਨੂੰ ਵੀਰਾ ਕਹਿ ਕੇ ਰੱਖੜੀ ਬੰਨ੍ਹਦੀ ਹੈ। ਲੰਬੜਾਂ ਦੇ ਸ਼ਿਕਾਰੀ ਮੁੰਡੇ ਦਾ ਵੀ ਜਿਹੜਾ ਆਪਣਾ ਸ਼ੌਕ ਪਾਲਣ ਖਾਤਰ ਘੁੱਘ ਵਸਦੇ ਘੁੱਗੀਆਂ ਦੇ ਜੋੜੇ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਹੈ ਅਤੇ ਉਸ ਲੱਛੂ ਦਾ ਜਿਸਦੇ ਵਿਹੜੇ ਲੱਗੀ ਬੇਰੀ ਤੋਂ ਦੋਵੇਂ ਦੋਸਤ ਬੇਰ ਖਾਇਆ ਕਰਦੇ ਸਨ ਤੇ ਜਿਹੜਾ ਨਸ਼ਿਆਂ ਦੀ ਲਤ ਲੱਗ ਜਾਣ ਪਿੱਛੋਂ ਚਾਰ-ਚਾਰ ਛੇ-ਛੇ ਬੇਰ ਵੇਚ ਕੇ ਢਿੱਡ ਨੂੰ ਝੁਲਕਾ ਦੇ ਰਿਹਾ ਹੈ। ਇਸ ਵਿਚ ਘਾਹ ਖੋਤਦੀ ਗ਼ਰੀਬ ਔਰਤ ਜ਼ੈਲਦਾਰ ਦੀ ਹਵਸ ਨੂੰ ਦਾਤੀ ਨਾਲ ਚੀਰ ਸੁਟਦੀ ਹੈ। ਹੋਰ ਵੀ ਬਹੁਤ ਕੁਝ ਹੈ। ਧੱਕੜ ਲੁਹਾਰ, ਬੁੱਧੂ ਘੁਮਿਆਰ, ਅਲੀ ਜੁਲਾਹਾ ਤੇ ਗੰਨੇ ਪੀੜਨ ਵਾਲੀ ਘਲਾੜੀ। ਸਭ ਕੁਝ ਹੀ।

ਅਸਲਮ ਜੀਉਂਦਾ ਹੈ ਜਾਂ ਨਹੀਂ, ਕਵੀ ਅਸਲਮ ਨੂੰ ਮੁਖਾਤਬ ਹੋ ਕੇ ਪਿੰਡ ਦੇ ਬੀਤੇ ਸਭਿਆਚਾਰ ਦੀ ਬਾਤ ਪਾਉਂਦਾ ਅਤੇ ਇਸਨੂੰ ਮੁੜ ਸੁਰਜੀਤ ਕਰਨ ਲਈ ਵਾਜਾਂ ਦਿੰਦਾ ਹੈ:

*ਨਾ ਘੱਗਰਾ ਤੇ ਨਾ ਫੁਲਕਾਰੀ*
*ਨਾ ਉਹ ਰੂਪ ਤੇ ਨਾ ਉਹ ਰੰਗਤ*
*ਲਾਲੀ ਹੈ ਪਰ ਲਈ ਉਧਾਰੀ!*
*ਨਾ ਛਣਕਾਰ ਸੁਣੇ ਝਾਂਜਰ ਦੀ*
*ਨਾ ਸੱਗੀ ਫੁੱਲ ਸਿਰ 'ਤੇ ਸਜਦੇ*
*ਨਹੀਂ ਕਲਿੱਪ ਤੇ ਨਾ ਗਲ ਗਾਨੀ*
*ਫਿੱਕੀ ਫਿੱਕੀ ਦਿਸੇ ਜਵਾਨੀ*
*ਨਾ ਉਹ ਸੁਰਮਾ ਨਹੀਂ ਦੰਦਾਸਾ*
*ਨਹੀਂ ਰੂਪ ਤੇ ਰੌਣਕ ਮਾਸਾ*

ਚੰਗੀ ਗੱਲ ਇਹ ਕਿ ਕਵੀ ਚਾਰ ਚੁਫੇਰੇ ਛਾਈ ਉਦਾਸੀ ਦਾ ਜ਼ਿਕਰ ਤਾਂ ਕਰਦਾ ਹੈ ਪਰ ਆਪ ਉਦਾਸ ਨਹੀਂ ਹੁੰਦਾ:

*ਘੁੱਗੀ ਵਰਗੀ ਸਾਰੀ ਦੁਨੀਆਂ*
*ਬਾਜ਼ਾਂ ਵਰਗਾ ਕੋਈ ਕੋਈ*
*ਇਹ ਘੁੱਗੀਆਂ ਦਾ ਦੇਸ਼ ਹੈ ਅਸਲਮ*
*ਜੇ ਜੱਗ 'ਤੇ ਕੋਈ ਘੁੱਗੀ ਰੋਈ*
*ਕੁੱਲ ਦੁਨੀਆਂ ਦੀ ਘੁੱਗੀਆਂ, ਚਿੜੀਆਂ*
*ਜੇ 'ਕੱਠੀਆਂ ਹੋ ਜਾਣ ਓ ਅਸਲਮ!*
*ਸੁਰਗਾਂ ਤੋਂ ਸੁੰਦਰ ਧਰਤੀ 'ਤੇ*

*ਦੁਨੀਆਂ ਨਵੀਂ ਵਸਾਣ ਓ ਅਸਲਮ।*

ਹਲਕੇ ਫੁਲਕੇ ਫਿਲਮੀ ਗੀਤ ਲਿਖਣ ਵਾਲਾ ਇੰਦਰਜੀਤ ਹਸਨਪੁਰੀ ਹੱਸਾਸ ਮਨੁੱਖ ਹੈ। ਉਸਦੇ ਮਨ ਦੀ ਮਾਨਵਤਾ ਕਵਿਤਾ ਦੇ ਪਹਿਲੇ ਬੋਲਾਂ ਤੋਂ ਅੰਤਲੇ ਬੋਲਾਂ ਤਕ ਮਿਲਦੀ ਹੈ। ਉਂਝ ਸੰਗੀਤਮਈ ਤੇ ਨ੍ਹਾਤੀ-ਧੋਤੀ ਕਵਿਤਾ ਦਾ ਸਦਾ ਇਹ ਦੁਖਾਂਤ ਰਿਹਾ ਹੈ ਕਿ ਇਸਦਾ ਸੰਗੀਤ ਹੀ ਇਸਦਾ ਦੁਸ਼ਮਣ ਹੋ ਬਹਿੰਦਾ ਹੈ। ਜਦੋਂ ਪਾਠਕ ਤੇ ਸਰੋਤੇ ਇਸਦੇ ਲੈਅਬਧ ਬੋਲਾਂ ਦਾ ਟਾਕਰਾ ਸਾਧਾਰਨ ਪਾਠ ਨਾਲ ਕਰਦੇ ਹਨ ਤਾਂ ਸਾਧਾਰਨ ਪਾਠ ਥੋੜ੍ਹਾ ਮਧਰਾ ਰਹਿ ਜਾਣ ਕਾਰਨ ਕਵਿਤਾ ਵਿਚਲੀ ਉਤਮਤਾ ਨੂੰ ਠੇਸ ਲਗਦੀ ਹੈ ਤੇ ਲਗਦੀ ਆਈ ਹੈ।

ਕਵਿਤਾ ਨੇ ਸਦਾ ਉੱਤਮ ਰਹਿਣਾ ਹੈ। ਲੈਅ ਤੇ ਸੰਗੀਤ ਇਸਦੀ ਜਿੰਦ ਜਾਨ ਹਨ। 'ਕਿੱਥੇ ਗਏ ਉਹ ਦਿਨ ਓ ਅਸਲਮ' ਦੀ ਪਹੁੰਚ ਭਾਰਤ-ਪਾਕਿ ਸਾਂਝ ਦੀਆਂ ਜੜ੍ਹਾਂ ਤਕ ਹੀ ਸੀਮਤ ਨਹੀਂ, ਇਹ ਸਮੁੱਚੀ ਮਾਨਵਤਾ ਦੀਆਂ ਨਰੋਈਆਂ ਕਦਰਾਂ-ਕੀਮਤਾਂ ਵੀ ਉਭਾਰਦੀ ਹੈ। ਇਸ ਲੰਮੀ ਕਵਿਤਾ ਦੇ ਪਹਿਲੇ ਭਾਗ ਵਿਚ ਕਵੀ ਨੇ ਆਪਣਾ ਮੰਤਵ ਛੁਪਾ ਕੇ ਨਹੀਂ ਰੱਖਿਆ। ਉਹ ਗੱਲ ਹੀ ਇਸ ਹੋਕੇ ਨਾਲ ਸ਼ੁਰੂ ਕਰਦਾ ਹੈ:

*ਮੁੜ ਕੇ ਫਿਰ ਉਹ ਪਿਆਰਾਂ ਵਾਲੀ*
*ਸ਼ਮ੍ਹਾਂ ਜਲਾਈਏ*
*ਜਿਸ ਦੇ ਚਾਨਣ ਦੇ ਵਿਚ ਅਸਲਮ*
*ਨਾ ਮੈਂ 'ਸਿੱਖ' ਸੀ-ਨਾ ਤੂੰ 'ਮੁਸਲਮ'*
*ਦੋਵੇਂ ਹੀ ਇਨਸਾਨ ਸੀ ਆਪਾਂ*
*ਸੱਚ ਪੁੱਛੇਂ ਭਗਵਾਨ ਸੀ ਆਪਾਂ*

ਹਿੰਦ-ਪਾਕਿ ਦੋਸਤੀ ਦੇ ਇਸ ਨਵੇਂ ਮੋੜ ਉੱਤੇ ਮੈਂ ਇਸ ਪੁਸਤਕ ਦੇ ਬਦਲੇ ਹੋਏ ਨਾਂ ਵਾਲੇ ਨਵੇਂ ਸੰਸਕਰਣ ਦਾ ਸਵਾਗਤ ਕਰਦਾ ਹਾਂ। ਇਹ ਗੱਲ ਤਾਂ ਹਸਨਪੁਰੀ ਨੂੰ ਖੁਦ ਹੀ ਸੁੱਝਣੀ ਚਾਹੀਦੀ ਹੈ ਕਿ ਜੇ ਇਸ ਕਵਿਤਾ ਨੂੰ ਮੋਹਨ ਸਿੰਘ ਦੀ 'ਅੰਬੀ ਦਾ ਬੂਟਾ' ਵਾਂਗ ਫਿਲਮਾਇਆ ਜਾਵੇ ਤਾਂ ਬਹਿਜਾ ਬਹਿਜਾ ਕਰਵਾ ਸਕਦੀ ਹੈ। ਅੰਬੀ ਦੇ ਬੂਟੇ ਨੂੰ ਮਹਿੰਦਰ ਸਿੰਘ ਰੰਧਾਵਾ ਮਿਲ ਗਿਆ ਸੀ। 'ਉਹ ਦਿਨ' ਜੀਉਂਦੇ ਕਰਨ ਵਾਲਾ ਕਿੱਥੇ ਹੈ, ਲੱਭਣਾ ਪਵੇਗਾ। [ਗੁਲਜ਼ਾਰ ਸਿੰਘ ਸੰਧੂ]

## ਜੇ ਇਹ ਸੱਚ ਹੈ ਤਾਂ? [ਜਿੰਦਰ]

ਸਾਹਿਤਕ ਹਲਕਿਆਂ 'ਚ ਇਹਨੀਂ ਦਿਨੀਂ ਸਾਹਿਤ-ਸੱਭਿਆਚਾਰ ਦੀ ਨਿਰਖ-ਪਰਖ ਦੇ ਬਹਾਨੇ ਮੁਲਾਕਾਤਾਂ ਕਰਨ ਦਾ ਕੰਮ ਵਾਹਵਾ ਜ਼ੋਰਾਂ 'ਤੇ ਹੈ। ਇਸ ਵਿਚ ਦੋ ਜਣੇ ਬਿਨਾਂ ਕਿਸੇ ਡਰ-ਭੈਅ ਦੇ ਆਪਣੇ ਆਪਣੇ ਅੰਤਰ-ਮਨ ਫਰੋਲਦੇ ਨਿੰਦਿਆ ਚੁਗਲੀ ਦਰਬਾਰ ਵੀ ਲਾਉਂਦੇ ਹਨ ਅਤੇ ਆਪਣੀ ਉਸਤਤ ਦੇ ਪੁਲ ਬੰਨ੍ਹਣ 'ਚ ਵੀ ਕਸਰ ਬਾਕੀ ਨਹੀਂ ਰਹਿਣ ਦਿੰਦੇ। ਇਸ ਪ੍ਰਕਾਰਜ ਵਿਚ ਕੋਈ ਜ਼ਰੂਰੀ ਨਹੀਂ ਕਿ ਇੰਟਰਵਿਊ ਦੇਣ ਵਾਲੇ ਵੱਲੋਂ ਵਰਨਣ ਹੋਏ ਤੱਥ ਵਾਪਰੇ ਸੱਚ ਦੀ ਕਸਵੱਟੀ ਉੱਤੇ ਪੂਰੇ ਉਤਰਨ। ਇਸ ਉਕਾਈ ਨੂੰ ਭਾਂਪਦਿਆਂ ਜਿੰਦਰ ਨੇ 'ਜੇ ਇਹ ਸੱਚ ਹੈ ਤਾਂ?' ਨਾਮੀ ਪੁਸਤਕ (ਸੁੰਦਰ ਬੁੱਕ ਡੀਪੂ, ਜਲੰਧਰ, ਮੁੱਲ 100 ਰੁਪਏ ਅਤੇ ਪੰਨੇ 128) ਅੰਦਰਲੇ ਅੱਠ ਸਾਹਿਤਕਾਰਾਂ ਬਾਰੇ ਆਪਣੀ ਜਾਣਕਾਰੀ ਟਿੱਪਣੀਆਂ ਸਮੇਤ ਦਰਜ ਕੀਤੀ ਹੈ। ਇਉਂ ਇਹ ਵਿਧਾ ਮੁਲਾਕਾਤ ਅਤੇ ਰੇਖਾ-ਚਿੱਤਰ ਦਾ ਸੁਮੇਲ ਬਣ ਕੇ ਬਿਰਤਾਂਤ ਚਿੱਤਰ ਬਣ ਗਈ ਹੈ।

ਇਸ ਪੁਸਤਕ ਅੰਦਰ ਦਰਜ ਪਹਿਲਾ ਬਿਰਤਾਂਤ-ਚਿੱਤਰ ਜਾਣੇ-ਪਛਾਣੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦਾ ਹੈ। ਪ੍ਰੇਮ ਪ੍ਰਕਾਸ਼ ਖੰਨਵੀ ਸਾਹਿਤਕ ਹਲਕਿਆਂ ਲਈ ਬੜੀ ਗੁੰਝਲਦਾਰ ਅਤੇ ਬੇ-ਲਿਹਾਜ਼ ਚੀਜ਼ ਮੰਨੀ ਜਾਂਦੀ ਹੈ। ਉਸਦੇ ਵਾਕਫ਼ਕਾਰਾਂ ਦੀ ਰਾਏ ਹੈ ਕਿ ਨਾ ਕੋਈ ਉਸਦੇ ਆਖੇ ਨੂੰ ਸੱਚ ਮੰਨਦੈ ਅਤੇ ਨਾ ਹੀ ਕਦੇ ਉਸਨੇ ਝੂਠ ਬੋਲਿਐ। ਪਰ, ਜਿੰਦਰ ਨੇ ਸ਼ਰਧਾਵਾਨ ਹੋ ਕੇ ਉਸਦੇ ਚਿੱਤਰ ਵਿਚ ਉਸ ਬਾਰੇ



ਬਣੀਆਂ ਅਨੇਕਾਂ ਨਾਂਹ-ਪੱਖੀ ਰਾਵਾਂ ਨੂੰ ਪਾਠਕਾਂ ਦੇ ਮਨਾਂ 'ਚੋਂ ਕੱਢਣ ਦਾ ਯਤਨ ਕੀਤਾ ਹੈ। ਉਦਾਹਰਨ ਹਿਤ, ਦੇਸ਼ ਭਗਤ ਹਾਲ ਵਿਚ ਇਕ ਪੁਸਤਕ ਮੇਲੇ 'ਤੇ ਪ੍ਰੇਮ ਪ੍ਰਕਾਸ਼ ਨੇ ਉਸ ਨੂੰ ਮਿਲੀਆਂ ਜਾਂ ਉਸ ਵੱਲੋਂ ਖਰੀਦੀਆਂ ਪੁਸਤਕਾਂ ਦੀ ਸੇਲ ਲਾ ਦਿੱਤੀ-ਪ੍ਰਤੀ ਪੁਸਤਕ ਸਿਰਫ਼ ਦਸ ਰੁਪਏ ਵਿਚ। ਸਾਰੇ ਹੈਰਾਨ ਕਿ ਪੁਸਤਕਾਂ ਦੀ ਐਨੀ ਬੇ-ਕਦਰੀ! ਉਸਦੇ ਬਿਰਤਾਂਤ-ਚਿੱਤਰ ਵਿਚ ਦਰਜ ਇਸ ਤੱਥ ਨੇ ਉਪਰੋਕਤ ਪ੍ਰਭਾਵ ਨੂੰ ਤੋੜਿਆ ਹੈ। ਜਿੰਦਰ ਅਨੁਸਾਰ, ਇਸ ਸੇਲ ਤੋਂ ਪ੍ਰਾਪਤ ਹੋਈ ਦੋ ਹਜ਼ਾਰ ਦੀ ਰਾਸ਼ੀ ਪ੍ਰੇਮ ਪ੍ਰਕਾਸ਼ ਨੇ ਸਵਰਗੀ ਮਨਜੀਤ ਕਾਦਿਰ ਦੀ ਲਾਚਾਰ ਪਤਨੀ ਤਕ ਅੱਪੜਦੀ ਕਰ ਦਿੱਤੀ ਸੀ। ਇਸ ਤੋਂ ਇਲਾਵਾ ਇਸ ਚਿੱਤਰ ਵਿਚ ਪ੍ਰੇਮ ਪ੍ਰਕਾਸ਼ ਦੇ ਘਰੇਲੂ ਜੀਵਨ, ਉਸਦੀਆਂ ਆਦਤਾਂ, ਦੂਜਿਆਂ ਬਾਰੇ ਬੇ-ਤਕੱਲਫ਼, ਬੇਬਾਕ ਟਿੱਪਣੀਆਂ ਤੇ ਕਿੰਨਾ ਕੁਝ ਹੋਰ ਪ੍ਰੇਮ ਪ੍ਰਕਾਸ਼ ਨੂੰ ਨਾਮਵਰ ਕਹਾਣੀਕਾਰ ਦੇ ਨਾਲ ਨਾਲ ਵਧੀਆ ਮਨੁੱਖ ਸਾਬਤ ਕਰਨ ਦਾ ਉਪਰਾਲਾ ਕੀਤਾ ਹੈ।

ਇਸ ਪੁਸਤਕ ਅੰਦਰ ਦਰਜ ਦੂਜਾ ਚਿੱਤਰ ਕਵੀ ਪਾਸ਼ ਦਾ ਹੈ। ਇਸ ਬਿਰਤਾਂਤ ਦਾ ਸਮਾਂ ਪਾਸ਼ ਦੀ ਲਿਖਤ ਵਿਚ ਆਈ ਖੜੋਤ ਦਾ ਸਮਾਂ ਹੈ। ਉਸਦੇ ਪਹਿਲੇ ਲਿਖੇ ਨੂੰ ਪੂਰਨ ਪ੍ਰਵਾਨਗੀ ਮਿਲ ਗਈ ਅਤੇ ਨਵਾਂ ਉਸਤੋਂ ਲਿਖਿਆ ਨਹੀਂ ਸੀ ਜਾ ਰਿਹਾ। ਇਸ ਅਵਸਥਾ ਵਿਚ ਉਸ ਨੇ ਸ਼ਰਾਬ ਪੀਣ ਦੀ ਥਾਂ ਡੱਫ਼ਣੀ ਸ਼ੁਰੂ ਕਰ ਦਿੱਤੀ ਸੀ। ਇਸ ਦੌਰ ਵਿਚ ਉਸ ਦੇ ਚਰਿੱਤਰ ਉੱਤੇ ਵੀ ਉਂਗਲਾਂ ਉੱਠੀਆਂ। ਆਪਣੇ ਪਿੰਡ ਤਲਵੰਡੀ ਸਲੇਮ, ਜਿਸ ਦਾ ਉਹ ਰਤੀ ਭਰ ਵਸਾਹ ਨਹੀਂ ਸੀ ਕਰਦਾ, ਤੋਂ ਵੀ ਉਸਦਾ ਮੋਹ ਭੰਗ ਹੋ ਗਿਆ ਸੀ। ਪਾਸ਼ ਦੀ ਇਸ ਮਾਨਸਿਕ ਦਸ਼ਾ ਦਾ ਅਤੇ ਉਸ ਵਿਚ ਆਈ ਤਬਦੀਲੀ ਦਾ ਵਰਨਣ ਵਾਰਤਾਕਾਰ ਜਿੰਦਰ ਨੇ ਆਪਣੀ ਵੱਲੋਂ ਭਾਵੇਂ ਕਿਸੇ ਵਿਸ਼ੇਸ਼ ਉਦੇਸ਼ ਨਾਲ ਕੀਤਾ ਹੋਵੇ ਜਾਂ ਸਹਿ-ਸੁਭਾਅ ਹੋਇਆ ਹੋਵੇ, ਤਾਂ ਵੀ ਉਸਦੀ ਕਾਵਿਕ ਪ੍ਰਤਿਭਾ ਨੂੰ ਕੋਈ ਆਂਚ ਨਹੀਂ ਆਈ। ਮਰਨ ਉਪਰੰਤ ਤਾਂ ਸਗੋਂ ਉਸਦਾ ਸ਼ੁਮਾਰ ਪਾਬਲੋ ਨਰੂਦਾ, ਜੀਊਲਿਸ ਫਿਊਚਕ, ਨਾਜ਼ਿਮ ਹਿਕਮਤ, ਹੋ ਚੀ ਮਿੰਨ, ਚੀ-ਗਵੇਰਾ ਵਰਗੀਆਂ ਸੰਸਾਰ ਪ੍ਰਸਿੱਧ ਜੁਝਾਰੂ ਸ਼ਖ਼ਸੀਅਤਾਂ ਵਿਚ ਹੋਣ ਲੱਗਾ ਹੈ।

ਆਪਣੇ ਸਹੁਰਾ ਸਾਹਿਬ, ਸਰਦਾਰ ਗੁਰਚਰਨ ਸਿੰਘ ਦੀਪਕ ਜੈਤੋਈ, ਨਾਲ ਬਾਤ-ਚੀਤ ਕਰਦਾ ਜਿੰਦਰ, ਉਸਦੀਆਂ ਆਦਤਾਂ, ਚਰਿੱਤਰ, ਫ਼ਾਕਾਕਸ਼ੀ 'ਚ ਗੁਜ਼ਾਰੀ ਜ਼ਿੰਦਗੀ, ਸ਼ੁਰੂਆਤੀ ਦਿਨਾਂ ਵਿਚ ਉਸਨੂੰ ਕਰਨੇ ਪਏ ਸੰਘਰਸ਼, ਪਰ ਪੰਜਾਬੀ ਗੀਤਾਂ/ਗ਼ਜ਼ਲਾਂ ਨਾਲ ਸਿਰੜ ਦੀ ਹੱਦ ਤਕ ਨਿਭਾਈ ਦੋਸਤੀ ਤੇ ਇਨ੍ਹਾਂ ਦੋਨਾਂ ਸਿਨਫ਼ਾਂ ਦੀ ਵਿਸ਼ਾਲਤਾ/ਸਮਰੱਥਾ ਲਈ ਉਸ ਵੱਲੋਂ ਕੀਤੇ ਯਤਨਾਂ ਦਾ ਬਾਖ਼ੂਬੀ ਵਰਣਨ ਕਰਦਾ ਹੈ। ਇਨ੍ਹਾਂ ਯਤਨਾਂ ਦਾ ਦੀਪਕ ਜੈਤੋਈ ਦੇ ਸੈਂਕੜੇ ਮੁਰੀਦਾਂ ਨੂੰ ਭਾਵੇਂ ਪਹਿਲੋਂ ਵੀ ਪਤਾ ਹੋਵੇ, ਪਰ ਸਾਧਾਰਨ ਪਾਠਕਾਂ ਲਈ ਇਹ ਸਮੱਗਰੀ ਜਿੰਦਰ ਦੀ ਪੁਸਤਕ 'ਜੇ ਇਹ ਸੱਚ ਹੈ ਤਾਂ?' ਰਾਹੀਂ ਹੀ ਪ੍ਰਾਪਤ ਹੋਈ ਹੈ। ਇਸ ਪਾਠ ਦੀ ਵਿਸ਼ੇਸ਼ਤਾ ਇਹ ਹੈ ਕਿ ਪੁਸਤਕ ਦੇ ਸਿਰਲੇਖ ਅੰਦਰ ਦਰਜ 'ਜੇ' ਸ਼ਬਦ ਕੱਟ ਵੀ ਦਿੱਤਾ ਜਾਏ ਤਾਂ ਪਾਠ ਦੀ ਸਾਰਥਿਕਤਾ ਵਧ ਜਾਂਦੀ ਹੈ। ਦੀਪਕ ਬਾਰੇ ਬਿਆਨਿਆ ਸੱਚ, ਪੂਰੇ ਦਾ ਪੂਰਾ ਸੱਚ ਹੈ।

ਜਿੰਦਰ ਦੀ ਪੁਸਤਕ ਅੰਦਰ ਦਰਜ ਹਰਜੀਤ ਅਟਵਾਲ ਦੇ ਬਿਰਤਾਂਤ-ਚਿੱਤਰ ਵਿਚ ਵੀ ਗਲਪ ਦੀ ਕੋਈ ਗੁੰਜਾਇਸ਼ ਨਹੀਂ ਜਾਪਦੀ। ਥੋੜ੍ਹੇ ਕੁ ਵਰ੍ਹਿਆਂ ਤੋਂ ਚਰਚਾ ਵਿਚ ਆਏ ਜਾਂ ਲਿਆਂਦੇ ਗਏ ਹਰਜੀਤ ਦੇ ਅੰਦਰੂਨੀ ਬਾਹਰੀ ਮਿਜ਼ਾਜ, ਉਸਦੇ ਖੁੱਲ੍ਹੇ-ਖੁਲਾਸੇ ਸੁਭਾਅ, ਦੇਸ਼ ਵਿਦੇਸ਼ ਦੀ ਉਸਦੀ ਜੀਵਨ ਰਹਿਤਲ ਦਾ ਬੇਬਾਕ ਵਰਨਣ, ਇਸ ਕਾਂਡ ਵਿਚ ਬਖ਼ੂਬੀ ਹੋਇਆ ਹੈ। ਇਨ੍ਹਾਂ ਤੱਥਾਂ ਦੀ ਪੁਸ਼ਟੀ ਇੰਗਲੈਂਡ ਦੀ ਯਾਤਰਾ ਕਰਕੇ ਮੁੜੇ ਹੋਰਨਾਂ ਸਫ਼ਰਨਾਮਾ-ਲੇਖਕਾਂ ਨੇ ਵੀ ਕੀਤੀ ਹੈ। ਇਹ ਉਸਦੇ ਮਹਿਮਾਨ-ਨਿਵਾਜ਼ੀ ਦੇ ਗੁਣਾਂ ਕਾਰਨ ਹੈ ਜਾਂ ਉਸਦੀਆਂ ਸਾਹਿਤਕ ਉਪਲਭਦੀਆਂ ਕਾਰਨ? ਇਸ ਦਾ ਫੈਸਲਾ ਵੀ ਜਿੰਦਰ ਨੇ ਪਾਠਕਾਂ ਸਿਰ ਹੀ ਛੱਡ ਦਿੱਤਾ ਹੈ।

ਇਵੇਂ ਦੇ ਚਿੱਤਰ ਜਿੰਦਰ ਦੇ ਦੋ ਕਰੀਬੀ ਦੋਸਤਾਂ, ਬਲਬੀਰ ਪਰਵਾਨਾ ਅਤੇ ਜਗਰੂਪ ਦਾਤੇਵਾਸ ਦੇ ਹਨ। ਦੋਨਾਂ ਦਾ ਪਿਛੋਕੜ ਪਿੰਡਾਂ ਦੀ ਗਰੀਬ ਕਿਸਾਨੀ ਦੀ ਜੱਟ ਰਹਿਤਲ ਨਾਲ ਜੁੜਦਾ

ਹੈ। ਪਰਵਾਨਾ ਦਾ ਪਿੰਡ ਖੱਬੀ ਸਿਆਸਤ ਦਾ ਗੜ੍ਹ ਅਤੇ ਦਾਤੇਵਾਸ ਦਾ ਪਿੰਡ ਅਜਿਹੇ ਵਾਤਾਵਰਨ ਤੋਂ ਕੋਰਾ। ਦੋਨਾਂ ਦੇ ਬਿਰਤਾਂਤ-ਚਿੱਤਰਾਂ ਵਿਚ ਸਾਹਿਤਕ ਉਪਲਭਦੀਆਂ ਲਈ ਕੀਤੇ ਉਪਰਾਲੇ, ਉਨ੍ਹਾਂ ਦੀ ਸਾਹਿਤਕ ਸਿਨਫ਼ਾਂ ਨੂੰ ਮਿਲੀ ਪ੍ਰਵਾਨਗੀ/ਅਪ੍ਰਵਾਨਗੀ, ਸਮਾਜਕ ਤੰਤਰ ਪ੍ਰਤੀ ਦੋਨਾਂ ਦਾ ਵਿਵਹਾਰ, ਸਥਿਤੀਆਂ-ਪਰਿਸਥਿਤੀਆਂ ਕਾਰਨ ਉਨ੍ਹਾਂ ਦੇ ਸੁਭਾਆਂ ਦਾ ਜ਼ਿਕਰ ਬੇਹੱਦ ਬੇਬਾਕੀ ਨਾਲ ਹੋਇਆ ਮਿਲਦਾ ਹੈ।

ਉਪਰੋਕਤ ਦੋਨਾਂ ਨਿੱਜੀ ਸੰਪਰਕਾਂ ਵਾਲੇ ਰੇਖਾ ਚਿੱਤਰਾਂ ਤੋਂ ਵੱਖਰੀ ਕਿਸਮ ਦਾ ਚਿੱਤਰ, ਇਸ ਪੁਸਤਕ ਵਿਚ ਪ੍ਰਵੇਜ਼ ਸੰਧੂ ਦਾ ਦਰਜ ਹੈ। ਪ੍ਰਵੇਜ਼ ਬਾਰੇ ਲਿਖਦਿਆਂ ਜਿੰਦਰ ਕਿਸੇ ਵੀ ਤਰ੍ਹਾਂ ਦੀ ਭਾਵੁਕਤਾ ਤੋਂ ਮੁਕਤ ਜਾਪਦਾ ਹੈ। ਖਾਂਦੇ ਪੀਂਦੇ ਘਰ ਦੀ ਲਾਡਲੀ ਧੀ ਦੀਆਂ ਜਿਹੋ ਜਿਹੀਆਂ ਆਦਤਾਂ ਤੇ ਸੁਭਾਅ ਆਮ ਦੇਖਣ ਨੂੰ ਮਿਲਦੈ, ਉਹੋ ਜਿਹਾ ਪ੍ਰਵੇਜ਼ ਦਾ ਸੁਭਾਅ ਪੁਸਤਕ ਵਿਚ ਦਰਜ ਹੈ। ਪ੍ਰਵੇਜ਼ ਦੇ ਆਤਮ ਕਥਨ ਅਨੁਸਾਰ ਉਹ ਕਹਾਣੀ ਲੇਖਕਾ ਘੱਟ ਤੇ ਘਰੇਲੂ ਇਸਤਰੀ ਜ਼ਿਆਦਾ ਹੈ। ਤਾਂ ਵੀ ਉਸਦੇ ਅੱਖੜ-ਝੱਖੜ ਸੁਭਾਅ ਅਤੇ ਪੱਛਮੀ ਰਹਿਤਲ ਦੀ ਖੁੱਲ੍ਹ ਦੇ ਮਿਸ਼ਰਣ 'ਚੋਂ ਜੋ ਪੰਜਾਬੀ ਕਹਾਣੀ ਨੂੰ ਪ੍ਰਾਪਤ ਹੋਇਆ ਹੈ, ਉਹ ਪ੍ਰੇਮ ਪ੍ਰਕਾਸ਼ ਦੇ ਚੌਥੀ ਕੂਟ ਦੇ ਕਾਫ਼ਲੇ 'ਚ ਸ਼ੁਮਾਰ ਹੋਣ ਲਈ ਸੁਭਾਗਾ ਸਿੱਧ ਹੋਇਆ।

ਇਸ ਪੁਸਤਕ ਅੰਦਰ ਦਰਜ ਅੱਠਵਾਂ ਚਿੱਤਰ ਜਿੰਦਰ ਦਾ ਆਪਣਾ ਹੈ। ਆਪਣੇ ਬਾਰੇ ਲਿਖਣ ਦੇ ਔਖੇ ਕਾਰਜ ਨੂੰ ਉਸਨੇ ਬਲਵੰਤ ਗਾਰਗੀ ਦੀ ਤਰਜ਼ 'ਤੇ ਆਪਣੀ ਹੋਂਦ ਨੂੰ ਤਿੰਨ ਭਾਗਾਂ ਵਿਚ ਵੰਡ ਲਿਆ। ਪਰਿਵਾਰਕ ਪ੍ਰਾਣੀ, ਦਫ਼ਤਰੀ ਬਾਬੂ, ਕਹਾਣੀਕਾਰ-ਸੰਪਾਦਕ ਜਿੰਦਰ। ਇਹਨਾਂ ਤਿੰਨਾਂ ਦਾ ਟਕਰਾਅ ਤੇ ਸੁਮੇਲ ਉਸਦੇ ਨਿੱਜ ਦੀ ਪ੍ਰਾਪਤੀ ਹੈ। ਉਹ ਕਿੰਨਾ ਕੁ ਮਿਹਨਤੀ, ਜੁਗਾੜਬੰਦ, ਵਫ਼ਾਦਾਰ, ਇਮਾਨਦਾਰ ਹੈ, ਇਸ ਦੇ ਵਰਣਨ ਵਿਚ ਉਸਨੇ ਕੋਈ ਓਹਲਾ ਨਹੀਂ ਰੱਖਿਆ। ਉਸਨੇ ਆਪਣੇ ਆਪ ਨਾਲ ਕੋਈ ਲਿਹਾਜ਼ ਨਹੀਂ ਕੀਤਾ।

ਕੁੱਲ ਮਿਲਾ ਕੇ ਇਹ ਸਾਰੇ ਚਿੱਤਰ ਪਾਠਕਾਂ ਦੀ ਉਸ ਜਗਿਆਸਾ ਨੂੰ ਪੂਰੀ ਕਰਨ ਵੱਲ ਰੁਚਿਤ ਹਨ, ਜਿਹੜੀ ਸਾਹਿਤਕਾਰਾਂ ਦੇ ਨਿੱਜੀ ਜੀਵਨ ਤੇ ਉਨ੍ਹਾਂ ਦੀਆਂ ਆਦਤਾਂ ਅੰਦਰਲੇ ਜੋੜ ਮੇਲ ਜਾਂ ਗੈਪ ਸੰਬੰਧੀ ਜਾਣਕਾਰੀ ਲੈਣ ਲਈ ਤਤਪਰ ਰਹਿੰਦੀ ਹੈ।□□

[ਲਾਲ ਸਿੰਘ]

## ਬਾਰਡਰਨਾਮਾ [ਨਿਰਮਲ ਸਿੰਘ ਨਿੰਮਾ]

ਦੇਸ਼ ਦੀ ਵੰਡ ਉਪਰੰਤ ਲਗਪਗ ਛੇ ਦਹਾਕੇ ਦਾ ਸਮਾਂ ਬੀਤ ਜਾਣ ਤੋਂ ਬਾਅਦ ਚੜ੍ਹਦੇ-ਲਹਿੰਦੇ ਪੰਜਾਬ ਦੇ ਆਵਾਮ ਦੀ ਇਸ ਸੰਬੰਧੀ ਟੀਸ ਅਜੇ ਘਟੀ ਨਹੀਂ। ਵਿਸਥਾਪਤ ਹੋਈ ਪੁਰਾਣੀ ਪੀੜ੍ਹੀ ਲਈ ਤਾਂ ਆਪਣੀ ਜਨਮ-ਭੋਇੰ ਦਾ ਹੇਰਵਾ ਅੱਜ ਵੀ ਕਾਇਮ ਹੈ। ਦੋਹਾਂ ਪੰਜਾਬਾਂ ਦੇ ਸਾਹਿਤ ਵਿਚ ਇਸ ਟੀਸ ਦਾ ਚੋਖਾ ਭਾਵ-ਉਤੇਜਕ ਵੇਰਵਾ ਮਿਲਦਾ ਹੈ। ਇਸੇ ਪ੍ਰਸੰਗ ਵਿਚ ਹੀ ਨਿਰਮਲ ਸਿੰਘ 'ਨਿੰਮਾ' ਦੀ ਨਵ-ਪ੍ਰਕਾਸ਼ਿਤ ਰਚਨਾ "ਬਾਰਡਰਨਾਮਾ" (ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ 119, ਕੀਮਤ 110 ਰੁਪਏ) ਆਪਣੇ ਵੱਲ ਸਾਡਾ ਧਿਆਨ ਆਕਰਸ਼ਤ ਕਰਦੀ ਹੈ। ਨਿਰਮਲ ਸਿੰਘ 'ਨਿੰਮਾ' ਭਾਵੇਂ ਪਹਿਲਾਂ ਦੋ ਗੀਤ-ਸੰਗ੍ਰਹਿ, ਦੋ ਕਾਵਿ-ਸੰਗ੍ਰਹਿ ਅਤੇ ਇਕ ਨਾਵਲ ਪ੍ਰਕਾਸ਼ਤ ਕਰਵਾ ਚੁੱਕਿਆ ਹੈ, ਐਪਰ 'ਬਾਰਡਰਨਾਮਾ' ਇਕ ਵੱਖਰੀ ਕਿਸਮ ਦੀ ਪੁਸਤਕ ਹੈ ਜੋ ਚੜ੍ਹਦੇ-ਲਹਿੰਦੇ ਪੰਜਾਬ ਦੇ ਲੋਕਾਂ ਦੇ ਜੀਵਨ ਦੀਆਂ ਸਮਾਜਕ, ਧਾਰਮਿਕ, ਸੱਭਿਆਚਾਰਕ, ਆਰਥਿਕ, ਰਾਜਨੀਤਕ ਆਦਿ ਵਿਭਿੰਨ ਪਰਤਾਂ ਦੀ ਫੋਲਾ-ਫਾਲੀ ਕਰਨ ਦੇ ਨਾਲ ਨਾਲ ਪਾਠਕ ਦੀ ਜਾਣ-ਪਛਾਣ ਅਜਿਹੇ ਲੋਕਾਂ ਨਾਲ ਕਰਵਾਉਂਦੀ ਹੈ ਜਿੰਨ੍ਹਾਂ ਨੂੰ ਸਮਾਜ ਤੇ ਵਿਵਸਥਾ ਵੱਲੋਂ ਕਦੀ ਸਵੀਕ੍ਰਿਤੀ ਨਹੀਂ ਮਿਲੀ। ਇਹ ਲੋਕ ਹਨ ਸਮਗਲਰ ਜਾਂ ਬਲੈਕਰ ਜੋ ਦੋਹਾਂ ਪੰਜਾਬਾਂ ਵਿਚ ਸਰਹੱਦ ਦੇ ਨੇੜੇ ਤੇੜੇ ਹੀ ਵਸੇਵਾ ਰਖਦੇ ਹਨ। ਸਰਹੱਦੀ



ਪਿੰਡਾਂ ਦੇ ਇਹ ਬਲੈਕਰ ਸਾਰਾ ਕੁਝ ਦਾਅ 'ਤੇ ਲਾਉਂਦਿਆਂ 'ਕੁੱਤੇ ਦੇ ਹੱਡੀ ਖਾਣ' ਵਾਂਗ ਜੀਵਨ ਦਾ ਵਡੇਰਾ ਭਾਗ ਇਸ ਧੰਦੇ 'ਚ ਗੁਜ਼ਾਰ ਦਿੰਦੇ ਹਨ। ਐਪਰ ਅਖ਼ੀਰ ਨੂੰ ਇਹਨਾਂ ਦਾ ਹਸ਼ਰ ਬਹੁਤ ਮਾੜਾ ਹੁੰਦਾ ਹੈ।

ਨਿਰਮਲ ਸਿੰਘ 'ਨਿੰਮਾ' ਨੇ ਬਲੈਕਰਾਂ ਨੂੰ ਪਹਿਲੀ ਵਾਰ ਪੰਜਾਬੀ ਸਾਹਿਤ 'ਚ ਭਰਵੀਂ ਥਾਂ ਦਿੰਦਿਆਂ ਇਹਨਾਂ ਨੂੰ ਅਜਿਹੇ ਜੀਵਾਂ ਵਜੋਂ ਉਭਾਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਅੰਦਰ ਮਾਨਵੀ ਦਰਦ ਦੀ ਅਥਾਹ ਟੀਸ ਹੈ। ਕਾਲੇ ਧੰਦੇ ਨਾਲ ਜੁੜੇ ਹੋਣ ਦੇ ਬਾਵਜੂਦ ਇਹ ਲੋਕ ਮੋਹ-ਮੁਹੱਬਤ ਦੀ ਸਾਕਾਰ ਮੂਰਤ ਹਨ। ਵਲ-ਫ਼ਰੇਬ, ਰਾਜਨੀਤਕ ਦਾਅ-ਪੇਚ, ਝੂਠ, ਕਪਟਤਾ, ਨਫ਼ਰਤ, ਧਰਮ ਵਾਲਾ ਕੋਈ ਪਾੜਾ ਨਹੀਂ। ਸਗੋਂ ਸਰਹੱਦੋਂ ਪਾਰ ਦੇ ਬਲੈਕਰਾਂ ਨੂੰ ਸੱਚੇ ਦਿਲੋਂ ਇੱਜ਼ਤ, ਮਾਣ ਅਤੇ ਸਤਿਕਾਰ ਦਿੰਦਿਆਂ ਪਾਰਲੇ ਲੋਕ ਉਹਨਾਂ ਦੀਆਂ ਰਾਹਾਂ ਅੱਗੇ ਪਲਕਾਂ ਵਿਛਾਉਂਦੇ ਹਨ। ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਅਤੇ ਇਮਾਨਦਾਰੀ ਦੇ ਪੁੰਜ ਹੋਣ ਕਾਰਨ ਇਹ ਇਕ ਦੂਸਰੇ ਨਾਲ ਇਕ ਨਵੇਂ ਪੈਸੇ ਦੀ ਵੀ ਬੇਈਮਾਨੀ ਨਹੀਂ ਕਰਦੇ। ਬਲੈਕਰਾਂ ਦੀ ਜੀਵਨ-ਸ਼ੈਲੀ ਨੂੰ ਬਿਆਨ ਕਰਦਿਆਂ ਉਹਨਾਂ ਦੀਆਂ ਆਪਸੀ ਸਾਂਝਾਂ ਅਥਵਾ ਇਕ ਦੂਸਰੇ ਦੇ ਦੁੱਖਾਂ-ਸੁੱਖਾਂ ਵਿਚ ਸ਼ਰੀਕਾਚਾਰੀ, ਪਰਿਵਾਰਾਂ ਵੱਲੋਂ ਚਾਅ-ਮਲ੍ਹਾਰ ਆਦਿ ਦੇ ਪਹਿਲੂਆਂ ਉੱਤੇ ਲੇਖਕ ਨੇ ਖਾਸ ਤੌਰ 'ਤੇ ਜ਼ੋਰ ਦਿੱਤਾ ਹੈ। ਬਲੈਕੀਏ ਵਜੋਂ ਬਾਰਡਰ ਪਾਰ ਕਰਕੇ ਲਹਿੰਦੇ ਪੰਜਾਬ ਦੀ ਧਰਤੀ ਉੱਤੇ ਪਹੁੰਚੇ ਲੇਖਕ ਦਾ ਇਹ ਵਿਵਰਣ ਵੇਖੋ:

"ਡੂੰਘੀ ਰਾਤ ਤਕ ਸਾਰਾ ਪਰਿਵਾਰ ਬੈਠਾ ਰਿਹਾ। ਮਹਿਫ਼ਲ ਚਹਿਕਦੀ ਰਹੀ। ਖੁਸ਼ੀਆਂ ਖੇੜੇ ਬਿਖਰਦੇ ਰਹੇ। ਕਿਸੇ ਵੀ ਡਰ ਖ਼ਤਰੇ ਦੀ ਪਹੁੰਚ ਤੋਂ ਬਾਹਰ। ਪੂਰੇ ਜਲੌ ਤੇ ਮਾਣ-ਮੱਤੇ ਅੰਦਾਜ਼ ਵਿਚ। ਅੱਜ ਤਕ ਉਹੋ ਜਿਹੀ ਮਹਿਫ਼ਲ ਨਹੀਂ ਜੁੜੀ। ਉਹ ਸਵਾਦ ਨਹੀਂ ਮਿਲਿਆ। ਨਸ਼ਾ ਨਹੀਂ ਆਇਆ। ਰੋਮ ਰੋਮ ਵਿਚੋਂ ਫੁੱਟਦਾ ਮੁਹੱਬਤ ਦਾ ਸਾਗਰ। ਪਿਆਰ ਦੀ ਪੀਂਘ। ਉਹ ਮਾਸਟਰ, ਪ੍ਰੋਫੈਸਰ ਨਹੀਂ ਸਨ। ਡਾਕਟਰ, ਇੰਜੀਨੀਅਰ ਜਾਂ ਬੁੱਧੀਜੀਵੀ ਨਹੀਂ ਸਨ। ਬਸ ਉਹ ਮਨੁੱਖ ਸਨ। ਪੰਜਾਬੀ ਸਨ, ਤੜਕ ਮੜਕ ਤੋਂ ਕੋਰੇ। ਸੱਚੀਆਂ-ਸੁੱਚੀਆਂ ਭਾਵਨਾਵਾਂ ਦੇ ਜੰਗਲ। ਜ਼ਿੰਦਗੀ ਦੇ ਆਸ਼ਕ।"

ਵੰਡ ਤੋਂ ਪਿੱਛੋਂ ਭਾਰਤ ਅਤੇ ਪਾਕਿਸਤਾਨ ਦੀ ਆਰਥਿਕ, ਰਾਜਨੀਤਕ ਤੇ ਸਮਾਜਕ ਸਥਿਤੀ ਦਾ ਤੁਲਨਾਤਮਕ ਵੇਰਵਾ ਦਿੰਦਾ ਲੇਖਕ ਭਾਰਤੀ ਲੋਕਾਂ ਦੇ ਮੁਕਾਬਲੇ ਪਾਕਿਸਤਾਨੀਆਂ ਦੇ ਫ਼ਾਡੀ ਰਹਿਣ ਵੱਲ ਸਾਫ਼ ਸੰਕੇਤ ਕਰਦਾ ਹੈ। ਦੋਵਾਂ ਦੇਸ਼ਾਂ ਵਿਚ ਹੀ ਉਹ ਜਿੱਥੇ ਅਮੀਰੀ ਅਤੇ ਗ਼ਰੀਬੀ ਦੇ ਪਾੜੇ ਦੀ ਗੱਲ ਕਰਦਾ ਹੈ ਉਥੇ ਬਲੈਕ ਕਰਨ ਵਾਲੇ ਲੋਕਾਂ ਵਿਚ ਵੀ ਵੱਡੇ ਜਮਾਤੀ ਵਖਰੇਵਿਆਂ ਨੂੰ ਸਾਹਵੇਂ ਲਿਆਉਂਦਾ ਹੈ। ਉਹ ਲਿਖਦਾ ਹੈ ਕਿ ਇਸ ਧੰਦੇ ਨਾਲ ਜੁੜੇ ਹੋਏ ਇਕ ਪਾਸੇ ਉਹ ਲੋਕ ਹਨ ਜਿਹੜੇ ਭੁੱਖੇ, ਤ੍ਰਿਹਾਏ, ਦਿਨ ਰਾਤ ਕਾਲਖਾਂ 'ਚ ਆਪਣਾ ਮੂੰਹ ਦੇ ਕੇ ਜ਼ੋਖ਼ਮ ਭਰਿਆ ਜੀਵਨ ਬਤੀਤ ਕਰਦੇ ਹਨ ਅਤੇ ਅਖੀਰ ਨੂੰ ਭੁੱਖ, ਨੰਗ, ਕੰਗਾਲੀ ਦੀਆਂ ਝੋਲੀਆਂ ਭਰ ਕੇ ਇਸ ਦੁਨੀਆਂ ਤੋਂ ਫ਼ੌਤ ਹੋ ਜਾਂਦੇ ਹਨ ਜਦ ਕਿ ਇਕ ਜਮਾਤ ਉਹ ਹੈ ਜੋ ਇਹਨਾਂ ਦੀ ਮਿਹਨਤ ਸਹਾਰੇ ਆਰਾਮ ਦੀ ਅਵਸਥਾ 'ਚ ਰਹਿੰਦਿਆਂ ਆਪਣੀਆਂ ਤਜੌਰੀਆਂ ਭਰਦੀ ਹੈ।

'ਬਾਰਡਰਨਾਮਾ' ਵਿਚ ਇਹ ਤੱਥ ਵਿਸ਼ੇਸ਼ ਉਲੇਖ ਮੰਗਦਾ ਹੈ ਕਿ ਬਲੈਕਰ ਕੋਈ ਰਾਤੋ-ਰਾਤ ਪੈਦਾ ਨਹੀਂ ਹੋ ਜਾਂਦੇ ਸਗੋਂ ਲੋੜਾਂ-ਥੋੜਾਂ ਵਾਲੀ ਜ਼ਿੰਦਗੀ ਤੋਂ ਬਿਨਾਂ ਖੁਫ਼ੀਆ ਏਜੰਸੀਆਂ, ਭ੍ਰਿਸ਼ਟ ਨਿਜ਼ਾਮ, ਆਦਿ ਬਹੁਤ ਸਾਰੇ ਤੱਤ ਮਿਲ ਕੇ ਆਮ ਲੋਕਾਂ ਨੂੰ ਅਜਿਹੇ ਧੰਦਿਆਂ/ ਕਾਰਨਾਮਿਆਂ ਲਈ ਉਕਸਾਉਂਦੇ ਹਨ। ਸਰਹੱਦੀ ਪਿੰਡਾਂ ਦੇ ਚੜ੍ਹਦੀ ਉਮਰ ਦੇ ਨੌਜਵਾਨ ਇਸ ਧੰਦੇ ਦੇ ਝਾਂਸੇ ਵਿਚ ਜਲਦੀ ਆ ਜਾਂਦੇ ਹਨ। ਲੇਖਕ ਅੰਕੜਿਆਂ ਨਾਲ ਇਹ ਸਿੱਧ ਕਰਦਾ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੋਵਾਂ ਦੇਸ਼ਾਂ ਅੰਦਰ ਅਰਬਾਂ ਰੁਪਏ ਦੀ ਤਸਕਰੀ ਹੋਈ ਜਿਸ ਵਿਚ ਹੇਠਾਂ ਤੋਂ ਲੈ ਕੇ ਉਪਰ ਤਕ ਸੰਤਰੀਆਂ-ਮੰਤਰੀਆਂ ਨੇ ਆਪਣੇ ਹੱਥ ਰੰਗੇ ਅਤੇ ਮਾਲਾ ਮਾਲ ਹੋ ਗਏ।

ਅਖੌਤੀ ਧਾਰਮਿਕ ਨੇਤਾਵਾਂ ਨੇ ਧਰਮ ਦੇ ਨਾਂ 'ਤੇ ਮਨੁੱਖਤਾ ਅੰਦਰ ਜੋ ਵੰਡੀਆਂ ਪਾਈਆਂ ਹਨ

ਨਿੰਮਾ ਉਹਨਾਂ ਨੂੰ ਵੀ ਕਾਟੇ ਹੇਠ ਰੱਖਦਿਆਂ ਇਹਨਾਂ ਦੇ ਧਾਰਮਿਕ ਵਿਹਾਰ ਦੇ ਦੰਭ ਨੂੰ ਬੇਪਰਦ ਕਰਦਾ ਹੈ। 1947 ਦੀ ਵੰਡ ਵੇਲੇ ਜੋ ਦੁੱਖ ਧਾਰਮਿਕ ਵਿਤਕਰਿਆਂ ਕਾਰਨ ਲੋਕਾਂ ਨੂੰ ਸਹਿਣਾ ਪਿਆ, ਉਸ ਵੱਲ ਸੰਕੇਤ ਕਰਦਿਆਂ 1984 ਦੇ ਆਰ ਪਾਰ ਦੇ ਅਣਮਨੁੱਖੀ ਵਰਤਾਰਿਆਂ ਦਾ ਦੋਸ਼ੀ ਉਹ ਸਿੱਖ ਲੀਡਰਸ਼ਿਪ ਨੂੰ ਗਰਦਾਨਦਾ ਹੈ ਜਿਸ ਕਾਰਨ ਢਾਈ ਦਹਾਕਿਆਂ ਦੇ ਲਗਪਗ ਪੰਜਾਬ ਨੇ ਰੱਜਵਾਂ ਸੰਤਾਪ ਭੋਗਿਆ ਅਤੇ ਦੁਬਾਰਾ ਇਕ ਹੋਰ ਬਾਰਡਰ ਬਣਦਾ-ਬਣਦਾ ਬੜੀ ਮੁਸ਼ਕਿਲ ਨਾਲ ਬਚਿਆ।

ਲੇਖਕ ਨੇ 'ਸਵੈ' ਤੋਂ ਬਿਨਾਂ ਰਚਨਾ ਵਿਚ ਆਏ ਸਮੁੱਚੇ ਪਾਤਰਾਂ ਦੀ ਜਾਣ-ਪਛਾਣ ਬੜੀ ਸਹਿਜਤਾ ਨਾਲ ਕਰਵਾਈ ਹੈ। ਮਿੰਦੀ, ਸ਼ਿਦਾ, ਸੋਖਾ ਆਦਿ ਭਾਰਤੀ ਬਲੈਕਰਾਂ ਨੂੰ ਸਾਹਵੇਂ ਲਿਆਉਂਦਿਆਂ ਇਹਨਾਂ ਦੀ ਰਹਿਣੀ-ਬਹਿਣੀ, ਖਾਣ-ਪੀਣ, ਪਹਿਰਾਵਾ, ਇਹਨਾਂ ਦੀ ਕੋਡ ਭਾਸ਼ਾ ਆਦਿ ਦਾ ਵੇਰਵਾ ਦਿੱਤਾ ਹੈ। ਬਲੈਕਰਾਂ ਅੰਦਰ ਚੰਗੇ-ਮਾੜੇ ਵਿਅਕਤੀਆਂ ਦੀ ਹੋਂਦ ਦੀ ਗੱਲ ਵੀ ਉਹਨੇ ਕੀਤੀ ਹੈ। ਪਾਕਿਸਤਾਨੀ ਬਲੈਕਰ ਸਲੀਮ, ਗ਼ਫ਼ੂਰ, ਨਜ਼ੀਰ, ਖਾਨ ਆਦਿ ਨੂੰ ਉਸਨੇ ਚੰਗੀ ਸੇਵਾ-ਭਾਵਨਾ ਵਾਲੇ ਦਰਸਾਉਂਦਿਆਂ ਉਹਨਾਂ ਵੱਲੋਂ ਇਸ ਧੰਦੇ ਵਿਚ ਮੋਟੀ ਕਮਾਈ ਕਰਨ ਅਤੇ ਸ਼ਹਿਰੀ ਵਸੇਵਿਆਂ ਵਾਲੇ ਲੋਕਾਂ ਵਜੋਂ ਪੂੰਜੀਵਾਦੀ ਸਭਿਆਚਾਰ ਦਾ ਅੰਗ ਬਣਨ ਦੀ ਹਕੀਕਤ ਵੱਲ ਵੀ ਸੰਕੇਤ ਕੀਤਾ ਹੈ। ਖਾਨ ਦੀ ਭੈਣ ਸੀਮਾ ਅਤੇ ਉਸ ਦੇ ਪਤੀ ਕੈਪਟਨ ਬਾਜਵਾ ਅਤੇ ਮੰਨੇ ਮਲਾਹ ਵਰਗੇ ਲੋਕ ਬਲੈਕਰਾਂ ਦੇ ਪਰਿਵਾਰਾਂ ਦੇ ਬਹੁਤ ਨੇੜੇ ਦੇ ਜੀਅ ਹਨ। ਇਹ ਚੰਗੇ ਸੁਭਾਅ ਦੇ ਮਾਲਕ ਹਨ ਅਤੇ ਇਹਨਾਂ ਵਿਚ ਇਨਸਾਨੀਅਤ ਦਾ ਮਾਦਾ ਹੈ। ਮੰਨੇ ਮਲਾਹ ਵਰਗੇ ਤਾਂ ਅੱਜ ਵੀ ਹਿੰਦ-ਪਾਕਿ ਦੇ ਲੋਕਾਂ ਦੇ ਦਿਲਾਂ ਅੰਦਰ ਪਾਕਿ-ਮੁਹੱਬਤ ਪੱਖੋਂ ਸਜੀਵ ਹਨ, ਵੰਡ ਵੇਲੇ ਜਿਹੜੇ ਦੋਵਾਂ ਮੁਲਕਾਂ ਦੇ ਲੋਕਾਂ ਲਈ ਰੱਬ ਬਣ ਕੇ ਬਹੁੜੇ ਸਨ। ਸਿਆਸਤਦਾਨਾਂ, ਪੁਲਿਸ ਅਫ਼ਸਰਾਂ ਨੂੰ ਲੇਖਕ ਨੇ ਘਿਰਣਾ ਦੇ ਪਾਤਰ ਹੀ ਬਣਾਇਆ ਹੈ। ਸਮੇਂ-ਸਥਿਤੀ ਪੱਖੋਂ ਘਟਨਾਵਾਂ ਦਾ ਸੰਗਲੀਕ੍ਰਿਤ ਵੇਰਵਾ ਅਤੇ ਸਥਿਤੀ ਚਿਤਰਣ ਸਲਾਹੁਣਯੋਗ ਹੈ। ਛੋਟੇ-ਛੋਟੇ ਰਸਦਾਇਕ ਵਾਕ ਅਤੇ ਠੁੱਕਦਾਰ ਕਾਵਿਕ ਮੁਹਾਵਰੇ ਭਰਪੂਰ ਸ਼ੈਲੀ ਦਾ ਆਪਣਾ ਹੀ ਨਿਵੇਕਲਾਪਨ ਹੈ। ਐਪਰ ਸਮੁੱਚੀ 'ਕਥਾ-ਵਾਰਤਾ' ਦੋ ਵਿਰੋਧੀ ਪਾਸਾਰਾਂ ਵਿਚ ਵੰਡੀ ਹੋਈ ਨਜ਼ਰੀ ਆਉਂਦੀ ਹੈ। ਇਕ ਪਾਸੇ ਰਚਨਾ ਵਿਚ ਮੈਂ ਪਾਤਰ ਯਾਨੀ ਨਿੰਮਾ ਅਗਾਂਹਵਧੂ ਵਿਚਾਰਧਾਰਾ ਦਾ ਹਮਾਇਤੀ, ਯੂਨੀਵਰਸਿਟੀ 'ਚ ਪੜ੍ਹਦਿਆਂ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਮੂਹਰਲੀਆਂ ਸਫ਼ਾਂ ਦਾ ਨੇਤਾ ਹੈ ਅਤੇ ਦੂਸਰੇ ਪਾਸੇ ਉਹ ਬਿਨਾਂ ਸੋਚੇ ਸਮਝੇ ਅਤੇ ਭਵਿੱਖ ਦੇ ਨਿਕਲਣ ਵਾਲੇ ਸਿੱਟਿਆਂ ਨੂੰ ਜਾਣੇ ਬਗੈਰ ਭੋਲਾ-ਭਾਲਾ ਬਣਦਿਆਂ ਇਕਦਮ ਸਮਗਲਰਾਂ ਨਾਲ ਮਿਲ ਕੇ ਬਾਰਡਰ ਕਰਾਸ ਕਰਦਾ ਹੈ। ਭਾਵੇਂ ਬਾਰਡਰ ਲੰਘਣ ਦਾ ਕਾਰਨ ਉਹ ਉਧਰ ਦੇ ਜਨ-ਜੀਵਨ ਨੂੰ ਜਾਨਣ, ਕਲਾਕਾਰਾਂ ਨੂੰ ਮਿਲਣ, ਆਪਣੇ ਤੋਂ ਅਲੱਗ ਹੋਏ ਵਜੂਦ ਨੂੰ ਦੇਖਣ ਦੀ ਤਾਂਘ ਹੀ ਦੱਸਦਾ ਹੈ। ਅਖੀਰ ਜਦ ਨਿੰਮਾ ਪਾਕਿਸਤਾਨੀ ਸੁਰੱਖਿਆ ਪ੍ਰਬੰਧ ਦੇ ਅੜਿੱਕੇ ਆ ਜਾਂਦਾ ਹੈ ਅਤੇ ਸੁਰੱਖਿਆ ਕ਼ਰਮਚਾਰੀ ਉਸ ਉੱਤੇ ਬੇਤਹਾਸ਼ਾ ਤਸ਼ੱਦਦ ਕਰਦੇ ਹਨ ਤਾਂ ਉਹ ਇਹ ਕਿਸੇ ਨੂੰ ਦੱਸਣ ਲਈ ਤਿਆਰ ਨਹੀਂ ਹੁੰਦਾ। ਬਿਰਤਾਂਤ ਦੇ ਆਧਾਰ 'ਤੇ ਉਸ ਦੇ ਸੰਬੰਧ ਜਾਸੂਸੀ ਕਰਨ ਨਾਲ ਜਾ ਜੁੜਦੇ ਹਨ।

ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਾਨਵੀ ਸੰਦੇਵਨਾ ਦੀ ਬਾਤ ਪਾਉਂਦੀ ਮਾਨਵਵਾਦ ਦਾ ਹੋਕਾ ਹੋ ਨਿਬੜਦੀ ਹੈ। ਚੜ੍ਹਦੇ-ਲਹਿੰਦੇ ਪੰਜਾਬ ਦੀ ਸੱਤਾ-ਵਿਵਸਥਾ ਨੂੰ ਕਾਟੇ ਹੇਠ ਰੱਖਦਿਆਂ ਇਸ ਦੀ ਵਸਤੂ-ਸਮੱਗਰੀ ਮਨੁੱਖ ਸਾਹਵੇਂ ਅਨੇਕਾਂ ਬਾਰਡਰਾਂ ਦਾ ਸਵਾਲ ਖੜ੍ਹਾ ਕਰਦੀ ਹੈ। ਸਭ ਤੋਂ ਵੱਡੀ ਖੂਬੀ ਹੈ ਇਸਦਾ ਯਥਾਰਥਕ ਵਰਨਣ, ਜੋ ਬੇਝਿਜਕ ਹੋ ਕੇ ਇਸ ਅੰਦਰ ਪੇਸ਼ ਕੀਤਾ ਗਿਆ ਹੈ।

'ਬਾਰਡਰਨਾਮਾ' ਦੀ ਵਸਤੂ-ਸਮੱਗਰੀ ਸਾਹਿਤ ਦੀਆਂ ਵਿਭਿੰਨ ਸਿਨਫ਼ਾਂ ਦਾ ਅਨੋਖਾ ਪ੍ਰਭਾਵ ਦਿੰਦੀ ਇਕ ਵੱਖਰੀ ਭਾਂਤ ਦੀ ਰਚਨਾ ਹੈ। ਇਸ ਨੂੰ ਸਾਹਿਤ ਦੀ ਕਿਸੇ ਇਕ ਵੰਨਗੀ ਦਾ ਨਾਂ ਦੇਣਾ ਔਖਾ ਭਾਸਦਾ ਹੈ। ਪਹਿਲੇ ਭਾਗ ਵਿਚ ਪੰਜ ਕਾਂਡਾਂ ਵਿਚਲਾ ਇਸਦਾ ਵਸਤੂ-ਵਿਧਾਨ ਜਿੱਥੇ ਇਸ ਦੇ ਸਮਾਜਕ ਅਤੇ ਕਿਤੇ ਕਿਤੇ ਜਸੂਸੀ ਨਾਵਲ ਹੋਣ ਦਾ ਪ੍ਰਭਾਵ ਦਿੰਦਾ ਹੈ ਉਥੇ ਦੂਸਰੇ ਅੱਧ ਵਿਚ ਜੀਵਨ



ਦੀਆਂ 'ਪੰਜ ਕਾਤਰਾਂ' ਲੇਖਕ ਦੇ ਅਤੀਤ ਦੀਆਂ ਯਾਦਾਂ ਨਾਲ ਜੁੜਨ ਵਜੋਂ ਇਸ ਦਾ ਪ੍ਰਭਾਵ ਇਕ ਸ੍ਵੈ-ਜੀਵਨੀ ਵਰਗਾ ਵੀ ਦਿੰਦੀਆਂ ਹਨ। ਘਟਨਾਵਾਂ ਹੀ ਪ੍ਰਸੰਗਕਤਾ ਅਤੇ ਲੜੀਬੱਧਤਾ ਬਣਾਈ ਰੱਖਣ ਪੱਖੋਂ ਭਾਵੇਂ ਲੇਖਕ ਨੇ ਇਸ ਨੂੰ ਵੱਖਰੇ ਅੱਧ 'ਚ ਪੇਸ਼ ਕਰਨ ਦੀ ਸੁਚੇਤ ਕੋਸ਼ਿਸ਼ ਕੀਤੀ ਹੈ ਐਪਰ ਇਹ 'ਪੰਜ ਕਾਤਰਾਂ' ਸਮੁੱਚੀ ਲਿਖਤ ਦੇ ਬੱਝਵੇਂ ਪ੍ਰਭਾਵ ਨੂੰ ਖੰਡਤ ਕਰਦੀਆਂ ਹਨ।

ਸੀਮਾਵਾਂ ਦੇ ਬਾਵਜੂਦ ਚੜ੍ਹਦੇ-ਲਹਿੰਦੇ ਦੋਹਾਂ ਪੰਜਾਬਾਂ ਦੇ ਲੋਕਾਂ ਦੀ ਦਿਲੀ ਸਾਂਝ ਦੇ ਹਸਤਾਖ਼ਰ ਪੇਸ਼ ਕਰਦੀ ਇਹ ਪੁਸਤਕ ਅਵੱਸ਼ ਦੋਸਤੀ ਦੀ ਦਾਸਤਾਨ ਆਖੀ ਜਾ ਸਕਦੀ ਹੈ।

[ਦੇਵਿੰਦਰ ਸਿੰਘ ਬੋਹਾ]

## ਮਨੁੱਖੀ ਪ੍ਰਾਪਤੀ ਦੇ ਸਿਖਰ [ਦਲਜੀਤ ਸਿੰਘ]

ਮਨੁੱਖ ਦੁਆਰਾ ਸਿਰਜਤ ਅਜੂਬੇ ਇਕ ਤਰ੍ਹਾਂ ਆਪਣੇ ਆਪ ਵਿਚ ਭੌਤਕ ਅਤੇ ਆਰਕੀਟੈਕਟ ਹੋਂਦ ਹੈ। ਪਰੰਤੂ ਇਹਨਾਂ ਅਜੂਬਿਆਂ ਦੇ ਨਾਲ ਜੁੜਿਆ ਹੋਇਆ ਇਕ ਬਿਰਤਾਂਤ ਵੀ ਹੈ, ਜਿਵੇਂ 'ਤਾਜ ਮਹੱਲ' ਦੇ ਨਾਲ ਇਸ਼ਕ ਦਾ ਬਿਰਤਾਂਤ ਜੁੜਿਆ ਹੋਇਆ ਹੈ। ਇਹ ਸੰਬੰਧਤ ਬਿਰਤਾਂਤ ਹੀ ਉਸ ਨੂੰ ਪਹਿਚਾਣ ਬਖ਼ਸ਼ਦਾ ਹੈ। ਤਾਜ ਮਹੱਲ ਦੀ ਭੌਤਕ ਅਤੇ ਆਰਕੀਟੈਕਟ ਹੋਂਦ ਨੂੰ ਇਸ਼ਕ ਦੀ ਬਿਰਤਾਂਤਕ ਪੇਸ਼ਕਾਰੀ ਵੱਧ ਖ਼ੂਬਸੂਰਤ ਬਣਾਉਂਦੀ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਭੌਤਕ ਅਤੇ ਆਰਕੀਟੈਕਟ ਹੋਂਦ ਨੂੰ ਬਿਰਤਾਂਤ ਵਿਚ ਪੇਸ਼ ਕੀਤਾ ਜਾਵੇ। ਇਸ ਸੰਦਰਭ ਵਿਚ ਦਲਜੀਤ ਸਿੰਘ ਦੀ ਪੁਸਤਕ 'ਮਨੁੱਖੀ ਪ੍ਰਾਪਤੀ ਦੇ ਸਿਖਰ' [ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਐਡਮਿੰਟਨ, ਕੈਨੇਡਾ] ਅਜੂਬਿਆਂ ਦੇ ਭੌਤਕ, ਆਰਕੀਟੈਕਟ, ਇਤਿਹਾਸ ਅਤੇ ਮਿਥਿਹਾਸ ਨੂੰ ਬਿਰਤਾਂਤ ਵਿਚ ਪੇਸ਼ ਕਰ ਕੇ ਪਰੰਪਰਕ ਮਨੁੱਖ ਦੀ ਹੋਂਦ ਦੇ ਅਰਥਾਂ ਦਾ ਉਤਪਾਦਨ ਕਰਦੀ ਹੈ।

ਅਜੂਬਿਆਂ ਦੀ ਭੌਤਕ ਅਤੇ ਆਰਕੀਟੈਕਟ ਹੋਂਦ ਨੂੰ ਇਤਿਹਾਸ ਅਤੇ ਮਿਥਿਹਾਸ ਦੇ ਹਵਾਲਿਆਂ ਅਤੇ ਦ੍ਰਿਸ਼ਾਂ ਨਾਲ ਬਿਰਤਾਂਤ ਵਿਚ ਪੇਸ਼ ਕਰਨ ਲਈ ਇਹਨਾਂ ਦੇ ਅਰਥ-ਸੰਚਾਰ ਨਾਲ ਜੁੜਨਾ ਜ਼ਰੂਰੀ ਹੈ। ਸਮਕਾਲੀ ਚਿੰਤਨ ਅਤੇ ਕਲਾ ਦੇ ਵਿਦਵਾਨਾਂ ਨੇ ਸਾਨੂੰ ਹੁਣ ਤਕ ਇਹ ਗਿਆਨ ਕਰਵਾ ਦਿੱਤਾ ਹੈ ਕਿ ਭਾਸ਼ਾਈ ਵਰਤਾਰਾ ਸੰਚਾਰ ਦੀ ਦ੍ਰਿਸ਼ਟੀ ਤੋਂ ਮਾਨਵੀ ਸਿਰਜਨਾਵਾਂ ਦੇ ਕੇਂਦਰ ਵਿਚ ਰਹਿੰਦਾ ਹੈ। ਇਸ ਪੁਸਤਕ ਦੇ ਲੇਖਕ ਦਲਜੀਤ ਸਿੰਘ ਨੇ ਇਸ ਪਦਾਰਥਕ ਬਣਤਰ ਦੀ ਹੋਂਦ ਨਾਲ ਸਾਂਝ ਪਾ ਕੇ ਇਹਨਾਂ ਦੀ ਖ਼ਾਮੋਸ਼ੀ ਨੂੰ ਬਿਰਤਾਂਤ ਵਿਚ ਆਵਾਜ਼ ਦਿੱਤੀ ਹੈ। ਇਸ ਪੁਸਤਕ ਵਿਚਲਾ ਬਿਰਤਾਂਤ ਭੌਤਕ ਅਤੇ ਅਰਕੀਟੈਕਟ ਹੋਂਦ ਨੂੰ ਪ੍ਰੇਮ, ਮੁਕਤੀ, ਸ਼ਕਤੀ ਅਤੇ ਸੱਤਾ ਦੇ ਕਾਰਜਾਂ ਵਜੋਂ ਪ੍ਰਗਟਾਉਂਦਾ ਹੈ, ਜਿਵੇਂ 'ਰੋਡਜ਼ ਦਾ ਦਿਓ-ਕੱਦ ਬੁੱਤ' ਵਿਚ ਲੇਖਕ ਨੇ ਰੋਡੀਅਨ ਲੋਕਾਂ ਦੀ ਜਿੱਤ ਅਤੇ ਦਮਿਤਰੀਓਸ ਦੀ ਹਾਰ ਦਾ ਵਰਣਨ ਕਰ ਕੇ ਉਸ ਸਮੇਂ ਦੀ ਸੱਤਾ ਨੂੰ ਪੇਸ਼ ਕੀਤਾ ਹੈ। ਪਰੰਤੂ ਨਾਲ ਹੀ ਦਮਿਤਰੀਓਸ ਦੇ ਜੰਗੀ ਹਥਿਆਰਾਂ ਨੂੰ ਪਿਘਲਾ ਕੇ ਬੁੱਤ ਬਣਾਉਣ ਦਾ ਜੋ ਹਵਾਲਾ ਦਿੱਤਾ ਹੈ, ਉਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮਨੁੱਖੀ ਹੋਂਦ ਨੂੰ ਸੁਹਜ ਅਤੇ ਕਲਾ ਦੀ ਕਿੰਨੀ ਜ਼ਰੂਰਤ ਹੈ! ਇਸ ਦ੍ਰਿਸ਼ਟੀ ਤੋਂ ਇਕ ਪਾਸੇ ਰਾਜਿਆਂ-ਬਾਦਸ਼ਾਹਾਂ ਦੀ ਲੜਾਈ ਅਤੇ ਦੂਸਰੇ ਪਾਸੇ ਮਨੁੱਖ ਦੀ ਸਿਰਜਣਾ ਹੈ। ਬਾਦਸ਼ਾਹ ਇਤਿਹਾਸਕ ਦ੍ਰਿਸ਼ਟੀ ਤੋਂ ਆਪਣੀਆਂ ਜਾਤੀਗਤ ਅਤੇ ਸਾਮਰਾਜੀ ਹੱਦਾਂ ਦਾ ਵਿਸਥਾਰ ਕਰਦੇ ਹਨ ਜਦੋਂ ਕਿ ਦੂਸਰੇ ਪਾਸੇ ਮਨੁੱਖ ਹਥਿਆਰਾਂ ਦੀ ਥਾਂ ਸ਼ਾਂਤੀ ਦੀ ਪ੍ਰਤੀਕ-ਸਿਰਜਣਾ ਕਰਦਾ ਹੈ। ਇਹ ਅਜੂਬੇ ਚਿਹਨਾਂ ਅਤੇ ਪ੍ਰਤੀਕਾਂ ਵਜੋਂ ਕਾਰਜਸ਼ੀਲ ਹੋ ਕੇ ਗਿਆਨ, ਮੁਕਤੀ/ਆਜ਼ਾਦੀ, ਪ੍ਰੇਮ ਅਤੇ ਸ਼ਕਤੀ ਦੇ ਅਰਥਾਂ ਦਾ ਵਿਸਥਾਰ ਕਰਦੇ ਹਨ।

'ਅਲੈਗਜ਼ੈਂਡਰੀਆ ਵਿਚ ਫੇਰੋਸ' (ਰੋਸ਼ਨੀ ਦਾ ਮਿਨਾਰ) ਵਿਚ ਲੇਖਕ ਨੇ ਉਸ ਸਮੇਂ ਦੇ ਲੋਕਾਂ ਦੀ ਸਿਆਣਪ ਨੂੰ ਪੇਸ਼ ਕੀਤਾ ਹੈ। ਉਹਨਾਂ ਲੋਕਾਂ ਦੀ ਸਾਇੰਸ ਦਾ ਇਸ ਵੇਰਵੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਲੇਖਕ ਅਨੁਸਾਰ, "ਕਿਹਾ ਜਾਂਦਾ ਹੈ ਕਿ ਮਿਨਾਰ ਦੇ ਉਪਰਲੇ ਹਿੱਸੇ ਵਿਚ ਇਕ ਗੋਲਾਈਦਾਰ ਸ਼ੀਸ਼ਾ ਲੱਗਿਆ ਹੋਇਆ ਸੀ। ਉਹ ਅੱਗ ਦੀ ਰੋਸ਼ਨੀ ਨੂੰ ਇਕ ਮੋਟੀ ਕਿਰਨ ਵਿਚ

ਤਬਦੀਲ ਕਰ ਦਿੰਦਾ ਸੀ ਅਤੇ ਮੀਲਾਂ ਤਕ ਇਸ ਰੋਸ਼ਨੀ ਨੂੰ ਸੁਟਦਾ ਸੀ। ਸਮੁੰਦਰ ਵਿਚ ਇਹ ਰੋਸ਼ਨੀ ਜਹਾਜ਼ਰਾਨੀ ਲਈ ਪੱਥ-ਪ੍ਰਦਰਸ਼ਕ ਦਾ ਕੰਮ ਕਰਦੀ ਸੀ ਅਤੇ ਜਹਾਜ਼ ਅਲੈਗਜ਼ੈਂਡਰੀਆ ਦੀ ਬੰਦਰਗਾਹ ਵਿਚ ਸੁਰੱਖਿਅਤ ਪਹੁੰਚ ਜਾਂਦੇ ਸਨ।"

ਇਸ ਪੁਸਤਕ ਦੀ ਬਿਰਤਾਂਤ-ਪੇਸ਼ਕਾਰੀ ਵਿਚ ਇਸ ਪ੍ਰਸ਼ਨ ਦਾ ਉੱਤਰ ਵੀ ਮਿਲ ਜਾਂਦਾ ਹੈ ਕਿ ਮਨੁੱਖ ਜਾਤੀ ਇਹਨਾਂ ਭਵਨਾਂ ਦਾ ਨਿਰਮਾਣ ਕਿਉਂ ਕਰਦੀ ਸੀ ? ਇਸ ਦਾ ਸਾਫ਼ ਅਤੇ ਸਪੱਸ਼ਟ ਉੱਤਰ ਇਹੀ ਮਿਲਦਾ ਹੈ ਕਿ ਕੁਦਰਤੀ ਮਨੁੱਖੀ ਹੋਂਦ ਆਪਣੇ ਆਪ ਨੂੰ ਸਭਿਆਚਾਰਕ ਮਨੁੱਖੀ ਹੋਂਦ ਵਿਚ ਤਬਦੀਲ ਕਰਨ ਲਈ ਅਜਿਹਾ ਕਰਦੀ ਹੈ। ਮਨੁੱਖ ਨੇ ਆਪਣੇ ਲੰਮੇ ਇਤਿਹਾਸਕ ਪੈਂਡੇ ਵਿਚ ਕਲਾ, ਸਾਇੰਸ ਅਤੇ ਗਿਆਨ ਦੇ ਵੱਖ-ਵੱਖ ਅਨੁਸ਼ਾਸਨਾਂ ਰਾਹੀਂ ਕੁਦਰਤ ਨੂੰ ਵੱਸ ਕਰਨ ਦਾ ਉਪਰਾਲਾ ਕੀਤਾ ਹੈ। ਏਸੇ ਕਰ ਕੇ ਹੀ ਪੁਸਤਕ ਦੇ ਬਿਰਤਾਂਤ ਵਿਚ ਮਨੁੱਖ ਦੀ ਹੋਂਦ ਵਿਚ ਆਈ ਤਬਦੀਲੀ ਇਹਨਾਂ ਕਲਾ-ਕਿਰਤਾਂ ਵਜੋਂ ਸਾਫ਼ ਦੇਖੀ ਜਾ ਸਕਦੀ ਹੈ। ਇਸ ਦ੍ਰਿਸ਼ਟੀ ਤੋਂ 'ਖੁਫੂ ਦਾ ਮਹਾਨ ਪਿਰਾਮਿਡ' ਵਿਚ ਲੇਖਕ ਨੇ ਬਹੁਤ ਪੁਰਾਣੀ ਸਭਿਅਤਾ ਨੂੰ ਉਹਨਾਂ ਦੀਆਂ ਸਿਰਜੀਆਂ ਮਿੱਥਾਂ ਰਾਹੀਂ ਪੇਸ਼ ਕੀਤਾ ਹੈ। ਉਹ ਮਿਸਰ ਦੀ ਪੁਰਾਤਨ ਸਭਿਅਤਾ ਨੂੰ ਕੁਦਰਤੀ ਰਹੱਸਾਂ ਵਿਚੋਂ ਪ੍ਰਗਟ ਕਰਦਾ ਹੈ।

ਪੁਸਤਕ ਵਿਚ ਪੇਸ਼ ਕੀਤੇ ਪੁਰਾਤਨ ਪੈੜ-ਚਿੰਨ੍ਹਾਂ ਵਿਚੋਂ ਇਤਿਹਾਸਕ ਗਿਆਨ ਦੇ ਨਾਲ ਨਾਲ ਮਾਨਵ ਜਾਤੀ ਦੀ ਸਿਰਜਣਾਤਮਕ ਸਮਰੱਥਾ ਅਤੇ ਇੱਛਾਵਾਂ ਦਾ ਗਿਆਨ ਵੀ ਹੁੰਦਾ ਹੈ। ਅੱਜ ਦੇ ਮਾਨਵ ਲਈ ਇਹ ਸਿਰਜਿਆ ਬਿਰਤਾਂਤ ਹੋਰ ਵੀ ਸਾਰਥਕਤਾ ਰੱਖਦਾ ਹੈ, ਕਿਉਂਕਿ ਅੱਜੋਕਾ ਮਨੁੱਖ ਪਦਾਰਥਕ ਖੁਸ਼ਹਾਲੀ ਨੂੰ ਆਪਣਾ ਅੰਤਮ ਲਕਸ਼ ਮੰਨ ਕੇ ਉਸ ਨਾਲ ਸਿਰਜਣਾਤਮਕ ਪੱਖਾਂ ਨੂੰ ਜੋੜਨਾ ਭੁੱਲਦਾ ਜਾ ਰਿਹਾ ਹੈ। ਪੁਸਤਕ ਵਿਚਲਾ ਬਿਰਤਾਂਤ ਭੂਤਕਾਲ ਨੂੰ ਵਰਤਮਾਨ ਦੇ ਰੂ-ਬ-ਰੂ ਕਰ ਕੇ ਪੁਰਾਤਨ ਅਤੇ ਵਰਤਮਾਨ ਸਮੇਂ ਵਿਚ ਪੈਦਾ ਹੋਈ ਮਨੁੱਖੀ ਇੱਛਾ ਦਾ ਅੰਤਰ ਵੀ ਸਪੱਸ਼ਟ ਕਰਦਾ ਹੈ। ਅਜੂਬਿਆਂ ਦੇ ਰੂਪ ਵਿਚ ਮਨੁੱਖ ਨੇ ਕੁਦਰਤ ਉਪਰ ਆਪਣੇ ਸਭਿਆਚਾਰਕ ਹਸਤਾਖਰ ਕੀਤੇ ਹਨ। ਇਹ ਹਸਤਾਖਰ ਮਨੁੱਖ ਦੀ ਜਗਿਆਸਾ ਦੇ ਪ੍ਰਮਾਣ ਹਨ ਜੋ ਸਮਾਜ/ਵਿਸ਼ਵ ਨੂੰ ਆਪਣੇ ਸੁਪਨਿਆਂ ਵਰਗਾ ਬਣਾਉਣਾ ਚਾਹੁੰਦੇ ਹਨ।

ਲੇਖਕ ਨੇ ਮਨੁੱਖ ਦੇ ਉਹਨਾਂ ਸੁਪਨਿਆਂ ਨੂੰ ਜੋ ਕਲਾ ਦੇ ਰੂਪ ਵਿਚ ਭਵਨ-ਨਿਰਮਾਣ ਅਤੇ ਵਿਲੱਖਣ ਕਲਾ-ਕਿਰਤਾਂ ਵਿਚ ਪ੍ਰਗਟ ਹੋਏ ਹਨ, ਨਿਵੇਕਲੇ ਅੰਦਾਜ਼ ਵਿਚ ਪੇਸ਼ ਕਰ ਕੇ ਵਿਸ਼ਵ ਦੀ ਪੁਰਾਤਨ ਵਿਰਾਸਤ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦਾ ਯਤਨ ਕੀਤਾ ਹੈ। ਇਹ ਕਲਾ-ਕਿਰਤਾਂ ਮਨੁੱਖੀ ਵਿਕਾਸ-ਪੜਾਅ 'ਤੇ ਅੰਕਤ ਉਹ ਗਿਆਨਮੂਲਕ ਵਿਵਸਥਾਵਾਂ ਹਨ ਜੋ ਭਵਿੱਖਮੁਖੀ ਮਾਨਵ ਜਾਤੀ ਦਾ ਪਥ-ਪ੍ਰਦਰਸ਼ਨ ਕਰਦੀਆਂ ਹਨ। ਮਨੁੱਖ ਦੀ ਚੇਤਨਾ ਦੀਆਂ ਦਿਸ਼ਾਵਾਂ ਨੂੰ ਇਹਨਾਂ ਤੋਂ ਪਹਿਚਾਣਿਆ ਜਾ ਸਕਦਾ ਹੈ: ਦੇਵੀ-ਦੇਵਤਿਆਂ ਦਾ ਮਨੁੱਖ ਮਨ ਵਿਚ ਕਾਰਜਸ਼ੀਲ ਰਹਿਣਾ; ਮਨੁੱਖ ਵੱਲੋਂ ਸਮੱਸਿਆਵਾਂ ਦੇ ਹੱਲ ਲਈ ਮਿੱਥਾਂ ਦੀ ਸਿਰਜਣਾ ਕਰਨੀ। ਇਹ ਸਭ ਕੁਝ ਪ੍ਰਕਿਰਤੀ ਅਤੇ ਸਭਿਆਚਾਰ ਦੇ ਅੰਤਰ-ਵਿਰੋਧ ਵਿਚੋਂ ਪ੍ਰਗਟ ਹੁੰਦਾ ਹੈ। ਇਸ ਪੁਸਤਕ ਦੇ ਪੰਨਿਆਂ ਉਪਰ ਸ਼ਬਦ-ਰਚਨਾ ਕੁਦਰਤ ਦਾ ਹੌਲੀ-ਹੌਲੀ ਸਭਿਆਚਾਰਕ ਰੂਪਾਂਤਰਨ ਹੋਣ ਦੇ ਕਥਾ-ਵਿਵੇਕ ਨੂੰ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਪੰਜਾਬੀ ਸ਼ਬਦ-ਸਭਿਆਚਾਰ ਵਿਚ ਇਹ ਇਕ ਅਜਿਹੀ ਪਹਿਲਕਦਮੀ ਹੈ ਜੋ ਕਿਸੇ ਨਿਸ਼ਚਤ ਸਿਲੇਬਸ ਦਾ ਹਿੱਸਾ ਬਣਨ ਕਰ ਕੇ ਹੋਂਦ ਵਿਚ ਨਹੀਂ ਆਈ ਸਗੋਂ ਵਿਸ਼ਵ ਦੇ ਸਿਖਰ ਬਿੰਦੂਆਂ ਨੂੰ ਕਲਾਵੇ ਵਿਚ ਲੈ ਕੇ ਪੰਜਾਬੀ ਮਨੁੱਖ ਦੇ ਰੂ-ਬ-ਰੂ ਹੋਈ ਹੈ। ਇਸ ਨਾਲ ਜੁੜ ਕੇ ਹੀ ਪੰਜਾਬੀ ਮਨੁੱਖ ਆਪਣੀ ਗਿਆਨਮੂਲਕ ਅਤੇ ਸਭਿਆਚਾਰਕ ਹੋਂਦ ਨੂੰ ਸਮਝ ਸਕਦਾ ਹੈ। ਇਹ ਪਾਠਕ ਨੂੰ ਰਾਜਸੀ ਸਰਹੱਦਾਂ ਅਤੇ ਮਾਨਸਿਕ ਸਰਹੱਦਾਂ ਤੋਂ ਪਾਰ ਲੈ ਜਾਣ ਦਾ ਵਾਹਨ ਬਣਦੀ ਹੈ।

ਪੁਸਤਕ ਵਿਚ ਪ੍ਰਾਚੀਨ ਕਾਲ ਦੇ ਅਜੂਬਿਆਂ ਦਾ ਮਿੱਥਾਂ, ਇਤਿਹਾਸ ਅਤੇ ਵਾਪਰੀਆਂ ਘਟਨਾਵਾਂ ਦੇ ਦ੍ਰਿਸ਼ਾਂ ਅਤੇ ਹਵਾਲਿਆਂ ਨਾਲ ਖੂਬਸੂਰਤ ਬਿਰਤਾਂਤ ਪੇਸ਼ ਹੋਇਆ ਹੈ। ਇਹ ਮਨੁੱਖੀ



ਸਿਰਜਨਾਵਾਂ ਨਾ ਰਹਿ ਕੇ ਇਸ ਲਿਖਤ ਵਿਚ ਦੋਹਰੀ ਸੰਰਚਨਾ ਨਾਲ
ਭੌਤਕ ਸਿਰਜਨਾਵਾਂ ਕੇਵਲ ਸਿਰਜਨਾਵਾਂ ਨਾ ਰਹਿ ਕੇ ਇਸ ਲਿਖਤ ਵਿਚ ਦੋਹਰੀ ਸੰਰਚਨਾ ਨਾਲ ਸੰਬੰਧਤ ਹੋ ਜਾਂਦੀਆਂ ਹਨ: ਇਕ ਉਹਨਾਂ ਦਾ ਬਾਹਰੀ ਸਰੂਪ; ਦੂਸਰਾ ਉਹਨਾਂ ਦਾ ਮਨੁੱਖੀ ਮਨ ਵਿਚ ਇਕ ਕਥਾ ਦੇ ਰੂਪ ਵਿਚ ਕਾਰਜਸ਼ੀਲ ਹੋਣਾ। ਇਹ ਸਿਰਜਨਾਵਾਂ (ਕਲਾ-ਕਿਰਤਾਂ) ਇਕ ਪਾਤਰ ਦੇ ਰੂਪ ਵਿਚ ਇਸ ਬਿਰਤਾਂਤ ਵਿਚ ਪੇਸ਼ ਹੋ ਕੇ ਸਭਿਆਚਾਰਕ ਹੋਂਦ ਨਾਲ ਜੁੜਨ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਪ੍ਰਕਾਰ ਲੇਖਕ ਨੇ ਇਹਨਾਂ ਭੌਤਕ ਅਤੇ ਆਕੀਟੈਕਟ ਬਣਤਰਾਂ ਨੂੰ ਇਤਿਹਾਸ, ਮਿਥਿਹਾਸ ਦੇ ਹਵਾਲਿਆਂ ਨਾਲ ਬਿਰਤਾਂਤ ਵਿਚ ਪੇਸ਼ ਕਰਕੇ ਇਕ ਨਿਵੇਕਲਾ ਉਪਰਾਲਾ ਕੀਤਾ ਹੈ।

[ਗੁਰਜੀਤ ਸਿੰਘ ਸੰਧੂ]

## Late Victorian Holocausts : El Nino Famines and the Making of the Third World, Mike Davis, Verso, 2002, pp.464, Pounds 14

ਅਕਾਲ ਦੋ ਧੜਿਆਂ ਦੀ ਟੱਕਰ ਦਾ ਨਤੀਜਾ ਹੁੰਦਾ ਹੈ। ਇਕ ਪਾਸੇ ਪ੍ਰਕਿਰਤੀ ਜਿਹੜੀ ਆਲਮੀ ਮੌਸਮੀਆਤ ਦਾ ਅੰਗ ਹੈ, ਦੂਸਰੇ ਪਾਸੇ ਕ੍ਰਿਸ਼ੀ ਦੇ ਉਪਜਾਊ ਸਾਧਨ ਤੇ ਸਮਾਜਕ ਸੰਸਥਾ-ਪ੍ਰਬੰਧ।

ਪੂਰਵ-ਅੰਗਰੇਜ਼ ਹਿੰਦੁਸਤਾਨ ਵਿਚ ਬਾਦਸ਼ਾਹ ਅਤੇ ਜਨਤਾ ਦਾ 'ਸਮਾਜੀ ਇਕਰਾਰ' (Social Contract) ਸੀ ਕਿ ਬਾਦਸ਼ਾਹ ਅਕਾਲ ਸਮੇਂ ਜਨਤਾ ਦੀ ਅਨਾਜ ਅਤੇ ਲਗਾਨ ਦੀ ਮੁਆਫ਼ੀ ਨਾਲ ਸਹਾਇਤਾ ਕਰੇਗਾ। ਵੱਡੇ ਬੰਦੇ ਖੂਹ, ਤਾਲਾਬ, ਨਾਲਿਆਂ ਆਦਿ ਦੀ ਦੇਖਭਾਲ ਕਰਦੇ ਸੀ। ਜਲ-ਸਾਧਨਾਂ ਦੀ ਕਾਇਮੀ ਸਮੁੱਚੇ ਭਾਈਚਾਰੇ ਦੀ ਜ਼ਿੰਮੇਵਾਰੀ ਸੀ। ਇਹ ਸੰਸਥਾਈ ਪ੍ਰਬੰਧ 'ਜ਼ੌਕ' ਦੇ ਸ਼ੇਅਰ ਵਿਚ ਆਪਣਾ ਵਿਅੰਜਨ ਕਰ ਰਿਹਾ ਹੈ:

ਨਾਮ ਮਕਬੂਲ ਹੈ ਤੋ ਫ਼ੈਜ਼ ਕੇ ਅਸਬਾਬ ਬਨਾ
ਪੁਲ ਬਨਾ, ਚਾਹ ਬਨਾ, ਮਸਜਿਦ-ਉ-ਤਾਲਾਬ ਬਨਾ

(ਮਕਬੂਲ-ਕਬੂਲ ਹੋਣ ਵਾਲਾ, ਮਸ਼ਹੂਰ; ਫ਼ੈਜ਼-ਭਲਾਈ ਦਾ ਕੰਮ; ਅਸਬਾਬ-ਸਬੱਬ ਦਾ ਬਹੁਵਚਨ, ਕਾਰਨ, ਆਧਾਰ; ਚਾਹ-ਖੂਹ)

ਸੰਨ 1743-44 ਦੇ ਅਕਾਲ ਵਿਚ ਚੀਨੀ ਸਰਕਾਰ 20 ਲੱਖ ਬੰਦਿਆਂ ਨੂੰ ਅੱਠ ਮਹੀਨੇ ਅਨਾਜ ਵੰਡਦੀ ਰਹੀ, ਅਤੇ 85 ਫੀਸਦੀ ਅਨਾਜ ਬਾਹਰਲੇ ਇਲਾਕਿਆਂ 'ਚੋਂ ਆਇਆ ਸੀ। ਇੰਝੇ ਅਕਬਰ ਤੇ ਔਰੰਗਜ਼ੇਬ ਦੀ ਕਾਲ-ਪੀੜਤ ਲੋਕਾਂ ਦੀ ਸਹਾਇਤਾ ਨੂੰ ਇਤਿਹਾਸਕਾਰ ਸਲਾਹੁੰਦੇ ਹਨ। ਵਿਦੇਸ਼ੀ ਰਾਜ ਨੇ ਬਾਦਸ਼ਾਹ, ਵੱਡੇ ਬੰਦੇ, ਭਾਈਚਾਰੇ ਦੇ ਸੰਸਥਾਈ ਪ੍ਰਬੰਧ ਨੂੰ ਖਤਮ ਕਰਕੇ ਅਕਾਲ ਨਾਲ ਟਾਕਰਾ ਕਰਨ ਦੀ ਜ਼ਿੰਮੇਵਾਰੀ ਮੁਕਾ ਲਈ।

ਸੰਨ 1877 ਵਿਚ ਮਦਰਾਸ ਸੂਬੇ ਵਿਚ ਸਲੇਮ ਦਾ ਜ਼ਿਲ੍ਹਾ 'ਕਾਲ ਦਾ ਪਸਾਰ-ਕੇਂਦਰ ਸੀ ਜਿੱਥੇ 8864 ਖੂਹ, 218 ਡੈਮ, 164 ਛੋਟੀਆਂ ਨਹਿਰਾਂ, 1017 ਤਾਲਾਬ ਨਕਾਰਾ ਪਏ ਸੀ। ਇਹ ਵੇਰਵਾ ਅੰਗਰੇਜ਼ ਕਾਟਨ ਨਾਮੀ ਵਿਅਕਤੀ ਨੇ ਦਿੱਤਾ ਸੀ।

ਵਿਅੰਗ ਹੈ ਕਿ 18ਵੀਂ ਸਦੀ ਵਿਚ ਯੌਰਪ ਵਿਚ ਭੁੱਖਮਰੀ (1740-43) ਸੀ ਪਰ ਏਸ਼ੀਆ-ਅਫ਼ਰੀਕਾ ਵਿਚ ਨਹੀਂ। ਪਰ 19ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਪੱਛਮੀ ਯੋਰਪ ਰੱਜ ਕੇ ਖਾਣ ਲੱਗ ਪਿਆ ਜਦਕਿ ਹੋਣ ਵਾਲਾ ਤੀਜਾ ਜਗਤ 'ਕਾਲਾਂ ਦਾ ਸ਼ਿਕਾਰ ਹੋ ਗਿਆ। ਸੁਤੰਤਰ ਸਿਆਮ (ਥਾਈਲੈਂਡ) ਜੀਅ ਪ੍ਰਤੀ ਸਵਸਥ, ਵਿੱਦਿਆ, 'ਕਾਲ ਰੋਕਥਾਮ ਉੱਤੇ ਦੋ ਸ਼ਲਿੰਗ ਪ੍ਰਤੀ ਸਾਲ ਖਰਚਦਾ ਸੀ। ਪਰ ਬਸਤੀਵਾਦੀ ਹਿੰਦੋਸਤਾਨ ਵਿਚ ਇਹ ਖਰਚ ਇਕ ਪੈਨੀ (Penny) ਸੀ ਅਰਥਾਤ ਥਾਈਲੈਂਡ ਤੋਂ 1/24 ਹਿੱਸਾ।

ਜ਼ਮੀਨ ਦਾ ਮਾਮਲਾ ਅਸਿੱਧੇ ਤਰੀਕੇ ਨਾਲ 'ਕਾਲ-ਸਹਾਈ ਸੀ। ਸੰਨ 1897 ਦਾ 'ਕਾਲ ਕੇਂਦਰੀ ਪ੍ਰਾਂਤ (Central Province) ਅੱਜਕੱਲ੍ਹ ਮੱਧ ਪ੍ਰਦੇਸ਼ 'ਚ ਸਭ ਥਾਵਾਂ ਨਾਲੋਂ ਭੈੜਾ ਸੀ। ਅੱਠ ਸਾਲ ਪਹਿਲਾਂ ਬਿਲਾਸਪੁਰ ਰੇਲਵੇ ਸਟੇਸ਼ਨ 'ਤੇ 15,000 ਕਿਸਾਨ ਚੀਫ਼ ਕਮਿਸ਼ਨਰ ਸਾਹਮਣੇ ਪੁਕਾਰ ਰਹੇ ਸੀ 'ਬੰਦੋਬਸਤ ਸੇ ਮਰ ਗਿਆ'। ਇਤਿਹਾਸਕਾਰਾਂ ਨੇ ਅੰਗਰੇਜ਼ੀ ਰੈਵਿਨਿਊ ਸਿਸਟਮ ਦੀ ਬੜੀ ਖੋਜ ਕੀਤੀ ਹੈ ਪਰ ਸਮੁੱਚਤਾ (Totality) ਦੇ ਪਦਾਰਥ (Category) ਤੋਂ ਅਵੇਸਲੇ ਹੋਣ ਕਾਰਨ ਇਹਦੇ ਜਾਨਲੇਵਾ ਅਸਰ ਨੂੰ ਨਹੀਂ ਵਾਚਿਆ।

ਬਸਤੀਵਾਦ ਕਾਰਨ 1876-1902 ਦੌਰਾਨ ਹਿੰਦੋਸਤਾਨ, ਚੀਨ, ਬਰਾਜ਼ੀਲ ਵਿਚ ਮ੍ਰਿਤੂ ਸੰਖਿਆ ਦਾ 3 ਕਰੋੜ ਤੋਂ ਲੈ ਕੇ 6 ਕਰੋੜ ਤਕ ਦਾ ਅਨੁਮਾਨ ਹੈ। ਇਸੇ ਕਰਕੇ ਕਿਤਾਬ ਦਾ ਨਾਂ (Holocaust (s)) ਹੈ ਕਿਉਂਕਿ 50 ਲੱਖ ਦੇ ਯਹੂਦੀ ਵਿਨਾਸ਼ (ਕਰਤਾ ਹਿਟਲਰ) ਨੂੰ ਹੋਲੋਕਾਸਟ ਕਹਿੰਦੇ ਹਨ। ਜਾਂ ਇਹ ਨੂੰ 19ਵੀਂ ਸਦੀ ਦਾ ਸਾਮਰਾਜੀ ਹੀਰੋਸ਼ੀਮਾ-ਨਾਗਾਸਾਕੀ ਕਿਹਾ ਜਾ ਸਕਦਾ ਹੈ।

ਬਸਤੀਵਾਦੀ ਮੁਲਕ ਵਿਚ ਆਧੁਨਿਕਤਾ ਮਹਿੰਗੀ ਪੈਂਦੀ ਹੈ। ਸੰਨ 1853 ਵਿਚ ਬਰਾਰ ਨੂੰ ਨਜ਼ਾਮ ਹੈਦਰਾਬਾਦ ਤੋਂ ਖੋਹ ਲਿਆ ਗਿਆ। ਨਾਲ ਨਾਗਪੁਰ ਦਾ ਜ਼ਿਲ੍ਹਾ ਰਲਾ ਕੇ ਕਪਾਹ ਦੀ ਕਾਸ਼ਤ ਕਰਵਾਈ ਗਈ ਕਿਉਂਕਿ ਮਾਨਚੈਸਟਰ ਨੂੰ ਅਮਰੀਕੀ ਖਾਨਾਜੰਗੀ ਕਾਰਨ ਨਰਮਾ ਆਉਣੋਂ ਬੰਦ ਹੋ ਗਿਆ ਸੀ। ਸੰਨ 1867 ਵਿਚ ਬਰਾਰ ਬਰਤਾਨੀਆਂ ਨੂੰ ਮਿਸਰ ਜਿੰਨੀ ਕਪਾਹ ਭੇਜਦਾ ਸੀ। ਰੇਲ, ਗੋਦਾਮਾਂ, ਪੱਕੂ ਸੜਕਾਂ 'ਤੇ ਖ਼ਰਚ ਬਰਾਮਦ ਲਈ ਸੀ, ਨਾ ਕਿ ਕਿਸਾਨ ਦੀ ਉਤਪਾਦਕਤਾ (Productivity) ਵਧਾਉਣ ਲਈ। ਅੰਗਰੇਜ਼ੀ ਕੱਪੜੇ ਦੀ ਦਰਾਮਦ ਨੇ ਸਥਾਨਕ ਵਸਤਗੀ ਉਪਜ ਮੁਕਾ ਦਿੱਤੀ। ਨਤੀਜੇ ਵਜੋਂ ਕਪਾਹ ਉਗਾਉਂਦਾ ਬਰਾਰ ਨੰਗੇ ਬੰਦੇ ਦਾ ਇਲਾਕਾ ਹੋ ਗਿਆ। ਸੰਨ 1899-1900 ਦੇ 'ਕਾਲ ਵਿਚ ਏਥੇ 1,43,000 ਬੰਦੇ ਮਰੇ। ਪਰ ਇਥੋਂ 7,47,000 ਬੁਸ਼ਲ ਅਨਾਜ ਬਰਾਮਦ ਹੋਇਆ।

ਤਾਰ ਰਾਹੀਂ ਮਹਿੰਗਾਈ (ਚੜ੍ਹਦੇ ਭਾਵਾਂ) ਦੀ ਖ਼ਬਰ ਸਾਰੇ ਮੁਲਕ ਵਿਚ ਪਹੁੰਚ ਜਾਂਦੀ ਸੀ ਅਤੇ ਰੇਲ ਰਾਹੀਂ ਅਨਾਜ ਜਿੱਥੇ ਵਿਕਦਾ ਹੋਵੇ, ਉਥੇ ਪਹੁੰਚ ਜਾਂਦਾ ਸੀ। ਰੇਲ ਤਾਰ 'ਕਾਲ 'ਚ ਸਹਾਈ ਨਹੀਂ ਹੁੰਦੇ, ਸਗੋਂ ਇਹਨੂੰ 'ਸੁਤੰਤਰ ਮੰਡੀ' ਦੇ ਪ੍ਰਬੰਧ ਹੇਠਾਂ ਹੋਰ ਵੀ ਘਾਤੀ ਕਰ ਦਿੰਦੇ ਹਨ।

ਇੰਞੇ ਕੀਨੀਆ ਦੀ 'ਰੇਲ ਲਾਈਨ ਨਾਲ ਮੁਰਦਿਆਂ ਦਾ ਢੇਰ ਲੱਗਿਆ ਚਲਿਆ ਜਾ ਰਿਹਾ ਸੀ'।

ਇਸ ਸਮੇਂ ਅਨਾਜ ਦੀ ਵਿਸ਼ਵ ਮੰਡੀ ਬਣ ਜਾਂਦੀ ਹੈ। ਕਿਸਾਨ ਮਾਲੀਆ ਦੇਣ ਲਈ ਨਕਦੀ ਦੀ ਫ਼ਸਲ (Cash Crop) ਬੀਜਣ ਲਈ ਮਜਬੂਰ ਹੈ, ਕਣਕ, ਅਫ਼ੀਮ, ਕਪਾਹ, ਨੀਲ। ਮੇਰੇ ਬਚਪਨ ਵਿਚ ਕਣਕ ਵੇਚਣ ਲਈ ਸੀ, ਮੱਕੀ ਖਾਣ ਲਈ। ਕਿਸਾਨ ਦਾ ਨਾ ਕੈਸ਼ ਕਰਾਪ ਨਾ ਅਨਾਜ ਦੀਆਂ ਕੀਮਤਾਂ 'ਤੇ ਕੋਈ ਇਖਤਿਆਰ ਹੈ। ਤੀਸਰੇ ਪ੍ਰਕਿਰਤੀ ਦਾ ਮੁਕਾਬਲਾ ਕਰਨ ਲਈ ਨਾ ਉਹਦਾ ਸਰੀਰ ਨਾ ਘਰੇਲੂ ਬੱਚਤ ਸਮਰੱਥ ਹੈ। ਅੱਜ ਗਲੋਬਕਾਰੀ ਦੇ ਨਾਅਰੇ ਥੱਲੇ ਇਕੱਲਾ ਅਨਾਜ ਨਹੀਂ ਸਾਰੀ ਆਰਥਿਕਤਾ ਵਿਸ਼ਵ ਮੰਡੀ ਨਾਲ ਜੋੜੀ ਜਾ ਰਹੀ ਹੈ। ਰੇਲ ਤਾਰ ਵਾਂਗੂੰ ਨਿਮਨ-ਉਸਾਰ (Infrastructure) ਗ਼ਰੀਬ-ਦੋਸਤ ਹੋਣ ਦੀ ਥਾਂ ਗ਼ਰੀਬ-ਦੁਸ਼ਮਣ ਹੋਣ ਜੋਗਾ ਹੈ। ਅੱਜ ਦੇ ਲੀਡਰ ਲਾਰਡ ਐਲਗਿਨ ਦੇ ਨਵੇਂ ਅਵਤਾਰ ਹੋ ਸਕਦੇ ਹਨ ਜਿਸਨੇ ਬੰਬਈ ਨਗਰ ਕਮੇਟੀ ਨੂੰ 1896-97 ਦੇ 'ਕਾਲ ਸਮੇਂ ਡੀਪੂ Fair Price Shops ਬੰਦ ਕਰਨ ਦਾ ਹੁਕਮ ਦਿੱਤਾ ਸੀ। ਇਹ ਭਵਿੱਖ ਦੇ 'ਕਾਲ ਵਿਚ ਅਕਬਰ/ਔਰੰਗਜ਼ੇਬ ਨਹੀਂ ਸਗੋਂ ਸ਼ਮਸ਼ਾਨ ਘਾਟ ਦੇ ਅਚਾਰਜ ਹੋਣਗੇ।

ਈਸਾਈ ਮਿਸ਼ਨਰੀ 'ਕਾਲ ਨੂੰ ਧਰਮ-ਪਰਿਵਰਤਨ ਦਾ ਅਵਸਰ ਸਮਝਦੇ ਸੀ ਅਤੇ ਹਜ਼ਾਰਾਂ ਬੰਦੇ 'ਚੌਲਾਂ ਦੇ ਈਸਾਈ' ਸੀ। ਅੱਜ ਦੇ ਉੱਤਰ-ਕੈਟਰੀਨਾ ਨਿਰਮਾਣ ਵਾਂਗੂੰ 'ਸੋਕਾ ਉਦਯੋਗ' ਵੀ ਪ੍ਰਗਟ ਹੋ ਗਿਆ ਸੀ।



ਮੁਗਲ ਰਾਜ ਵੀ ਕਿਸਾਨ ਦੇ ਸ਼ੋਸ਼ਣ ਲਈ ਸਥਾਨਕ ਸ਼ਾਹੂਕਾਰ 'ਤੇ ਨਿਰਭਰ ਸੀ। ਪਰ ਉਹ ਕਿਸਾਨ ਦੀ ਕੁਰਕੀ ਨਹੀਂ ਕਰਾ ਸਕਦਾ ਸੀ ਜਿਹੜੀ ਨਿੱਜੀ ਜਾਇਦਾਦ ਦੇ ਕਾਨੂੰਨ ਥੱਲੇ ਹੁਣ ਸੰਭਵ ਹੋ ਗਈ। ਇੰਞ 'ਕਾਲ ਸ਼੍ਰੇਣਕ ਭਿੰਨ-ਕਰਮਨ Class Differentiation ਦਾ ਸਾਧਨ ਹੋ ਗਿਆ।

ਵਿਦੇਸ਼ਾਂ ਵਿਚ ਵਸੇ ਭਾਰਤੀ Indentured Labour ਵਿਕ੍ਰਿਤ ਸ਼੍ਰਮਕ ਦੀ ਉਪਜ ਹਨ। ਸੰਨ 1876-79 ਦੇ 'ਕਾਲ ਵਿਚ ਇਕੱਲੇ ਮਦਰਾਸ ਸੂਬੇ 'ਚੋਂ 4,80,000 ਵਿਕ੍ਰਿਤ ਸ਼੍ਰਮਕ ਲੰਕਾ, ਮਾਰੀਸ਼ੀਅਸ, ਬ੍ਰਿਟਿਸ਼ ਗੀਆਨਾ (ਦੱਖਣੀ ਅਮਰੀਕਾ) ਅਤੇ ਨਟਾਲ (ਦੱਖਣੀ ਅਫ਼ਰੀਕਾ) ਗਏ।

ਸੰਨ 1888 ਵਿਚ ਕੋਡਕ ਕੈਮਰੇ ਦੀ ਕਾਢ ਨੇ ਮਿਸ਼ਨਰੀਆਂ ਨੂੰ 'ਕਾਲਾਂ ਦੇ Documentry Photographers ਬਣਾ ਦਿੱਤਾ ਸੀ ਜਿਸ ਦੀ ਗਵਾਹੀ ਕਿਤਾਬ ਦੀਆਂ ਅਨੇਕਾਂ ਤਸਵੀਰਾਂ ਤੋਂ ਮਿਲਦੀ ਹੈ।

ਕਿਤੇ ਕਿਤੇ ਰਿਆਸਤੀ ਰਾਜਿਆਂ ਨੇ 'ਕਾਲ ਪੀੜਤਾਂ ਦੀ ਮਦਦ ਕੀਤੀ। ਇਹਨਾਂ ਵਿਚ ਰਣਜੀ ਟ੍ਰਾਫੀ ਵਾਲਾ ਜਾਮਨਗਰ ਦਾ ਰਾਜਾ ਰਣਜੀਤ ਸਿੰਹੁ ਸੀ।

1904, ਐਮਸਟਰਡਮ ਵਿਚ ਸੋਸ਼ਲਿਸਟ ਕਾਨਫਰੰਸ ਨੇ ਹਿਦੁਸਤਾਨੀ 'ਕਾਲ ਮ੍ਰਿਤਕਾਂ ਲਈ ਇਕ ਮਿੰਟ ਦਾ ਮੌਨ ਧਾਰਿਆ ਜਿਹਨਾਂ ਵਿਚ (ਬਰਤਾਨਵੀ) ਹਾਈਂਡਮੈਨ, (ਫਰਾਂਸੀਸੀ) ਜੌਰੇ, (ਜਰਮਨ) ਲਕਸਮਬਰਗ ਅਤੇ (ਰੂਸੀ) ਲੈਨਿਨ ਸ਼ਾਮਲ ਸੀ।

'ਕਾਲ ਨਾਲ ਬਸਤੀਵਾਦੀ ਪਸਾਰ ਹੁੰਦਾ ਹੈ। ਜਾਂ ਇਹਦੇ ਮਗਰੋਂ ਮੁਲਕ ਫਤਹਿ ਕਰਨਾ ਸੌਖਾ ਹੋ ਜਾਂਦਾ ਹੈ। ਉਦਾਹਰਨ ਹਨ : ਪੁਰਤਗਾਲ ਦਾ ਅੰਗੋਲਾ 'ਤੇ ਵਧਦਾ ਕਬਜ਼ਾ; 1877 ਵਿਚ ਅੰਗਰੇਜ਼ ਦੀਆਂ ਖੋਸਾ, ਜ਼ੂਲੂ, ਬੋਇਰ ਜਿੱਤਾਂ; ਇਟਲੀ ਦੀ ਇਥੋਪੀਆ 'ਤੇ ਚੜ੍ਹਾਈ, ਚੀਨ 'ਤੇ ਵਿਦੇਸ਼ੀ ਰਾਜਾਂ ਦੀ ਚੜ੍ਹਤ।

1876-79 'ਕਾਲ ਦੇ ਪ੍ਰਤੀਕਰਮ ਵਜੋਂ 'ਪੂਨਾ ਸਰਵਜਨਕ ਸਭਾ' ਹੋਂਦ ਵਿਚ ਆਈ। ਇੰਞ 'ਕਾਲ ਰਾਸ਼ਟਰੀ ਅੰਦੋਲਨ ਦੇ ਆਰੰਭ ਦਾ ਮੁੱਢਲਾ ਪਦਾਰਥਕ ਕਾਰਨ ਸੀ।

[ਸੁਰਜੀਤ ਹਾਂਸ]

ਪ੍ਰਾਪਤ ਪੁਸਤਕਾਂ

ਮਿੱਟੀ [ਨਾਵਲ] ਦਰਸ਼ਨ ਸਿੰਘ

ਪੰਨੇ 244, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖ਼ਾਸ, ਨਵੀਂ ਦਿੱਲੀ

ਅਮਰੀਕਾ ਵਿਚ ਇਕ ਮਾਸੂਮ ਕੁੜੀ [ਨਾਵਲ] ਡਾ. ਅਮਰਜੀਤ ਸਿੰਘ

ਪੰਨੇ 248, ਮੁੱਲ 225 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਉਹ ਤਿੰਨ ਦਿਨ [ਨਾਵਲ] ਨਿੰਦਰ ਗਿੱਲ

ਪੰਨੇ 158, ਮੁੱਲ 125 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਘੋੜ ਸਵਾਰ [ਕਹਾਣੀ ਸੰਗ੍ਰਹਿ] ਗੁਲਜ਼ਾਰ ਮੁਹੰਮਦ ਗੋਰੀਆ

ਪੰਨੇ 80, ਮੁੱਲ 100 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਤੀਜਾ ਨੇਤਰ [ਕਹਾਣੀ ਸੰਗ੍ਰਹਿ] ਭਗਵੰਤ ਰਸੂਲਪੁਰੀ

ਪੰਨੇ 119, ਮੁੱਲ 120 ਰੁਪਏ, ਪੇਪਰਬੈਕ 75 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਠੰਡੀ ਹਵਾ [ਕਹਾਣੀ ਸੰਗ੍ਰਹਿ] ਬਲਬੀਰ ਕੌਰ ਸੰਘੇੜਾ

ਪੰਨੇ 125, ਮੁੱਲ 130 ਰੁਪਏ, $7, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਫਕੀਰੀ [ਕਹਾਣੀ ਸੰਗ੍ਰਹਿ] ਦੇਸਰਾਜ ਕਾਲੀ

ਪੰਨੇ 118, ਮੁੱਲ 120 ਰੁਪਏ, ਪੇਪਰਬੈਕ 75 ਰੁਪਏ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ

ਰਿਸ਼ਤਿਆਂ ਦੀ ਤਾਸੀਰ [ਕਹਾਣੀ ਸੰਗ੍ਰਹਿ] ਗੁਰਚਰਨ ਕੌਰ ਥਿੰਦ

ਪੰਨੇ 126, ਮੁੱਲ 125 ਰੁਪਏ, ਪੇਪਰਬੈਕ 80 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿ

ਪੱਥਰਾਂ 'ਤੇ ਤੁਰਦੇ ਲੋਕ [ਕਹਾਣੀ ਸੰਗ੍ਰਹਿ] ਸੰਪਾਦਕ : ਡਾ. ਜਗਤਾਰ, ਜਗਜੀਤ ਬਰਾੜ, ਮੱਖ

ਪੰਨੇ 272, ਮੁੱਲ 250 ਰੁਪਏ, ਪੇਪਰਬੈਕ 150 ਰੁਪਏ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿ

ਗਿੱਲਾ ਹਨੇਰਾ [ਹਿੰਦੀ ਕਹਾਣੀਆਂ] ਡਾ. ਸ਼ਰਦ ਸਿੰਘ : ਅਨੁਵਾਦ : ਧਰਮਪਾਲ ਸਾਹਿਲ

ਪੰਨੇ 110, ਮੁੱਲ 120 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਕਾਹੀ ਵੱਢ [ਕਹਾਣੀ ਸੰਗ੍ਰਹਿ] ਜੋਗੇ ਭੰਗਲ

ਪੰਨੇ 88, ਮੁੱਲ 100 ਰੁਪਏ, ਪੇਪਰਬੈਕ 50 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾ

ਮਨ ਦੇ ਹਾਣੀ [ਕਾਵਿ ਨਾਟਕ] ਰਵਿੰਦਰ ਰਵੀ

ਪੰਨੇ 128, ਮੁੱਲ 150 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਗਲੋਬਲ ਯੁਗ 'ਚ ਬੋਧ ਬਿਰਖ ਥੱਲੇ [ਕਾਵਿ ਸੰਗ੍ਰਹਿ] ਅਜਾਇਬ ਕਮਲ

ਪੰਨੇ 168, ਮੁੱਲ 150 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਪ੍ਰੀਤਾਂਜਲੀ [ਕਾਵਿ ਸੰਗ੍ਰਹਿ] ਬਲਵੰਤ ਸਿੰਘ ਪ੍ਰੀਤ

ਪੰਨੇ 116, ਮੁੱਲ 150 ਰੁਪਏ, ਲੇਖਕ :108, ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ

ਮੈਂ ਮੁਹਾਜਿਰ ਹਾਂ [ਗ਼ਜ਼ਲ ਸੰਗ੍ਰਹਿ] ਸੁਭਾਸ਼ ਕਲਾਕਾਰ

ਪੰਨੇ 76, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਇਹ ਹੈ ਬਾਰਬੀ ਸੰਸਾਰ [ਵਾਰਤਕ] ਸੁਰਜਨ ਜ਼ੀਰਵੀ

ਪੰਨੇ 174, ਮੁੱਲ 175 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਪੰਜਾਬ ਦੀਆਂ ਵਿਰਾਸਤੀ ਖੇਡਾਂ [ਵਾਰਤਕ] ਸੁਖਦੇਵ ਮਾਦਪੁਰੀ

ਪੰਨੇ 142, ਮੁੱਲ 140 ਰੁਪਏ, ਪੇਪਰਬੈਕ 80 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿ

ਬੱਚਿਆਂ ਦੀ ਪਰਵਰਿਸ਼ ਕਿਵੇਂ ਕਰੀਏ [ਵਾਰਤਕ] ਰੂਪੀ ਧਾਲੀਵਾਲ

ਪੰਨੇ 100, ਮੁੱਲ 100 ਰੁਪਏ, $ 5, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕਿੱਥੇ ਗਏ ਉਹ ਲੋਕ [ਵਾਰਤਕ] ਜਸਦੇਵ ਸਿੰਘ ਧਾਲੀਵਾਲ

ਪੰਨੇ 128, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਪੰਜਾਬੀ ਨਾਵਲ ਦਾ ਸਮਾਜ ਸ਼ਾਸਤਰੀ ਪਰਿਪੇਖ [ਆਲੋਚਨਾ] ਡਾ. ਸੁਰਜੀਤ ਬਰਾੜ

ਪੰਨੇ 224, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਸੁਖਬੀਰ : ਅੰਤਰ ਗਿਆਤ [ਆਲੋਚਨਾ] ਡਾ. ਚੰਦਰ ਮੋਹਨ

ਪੰਨੇ 175, ਮੁੱਲ 170 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਪ੍ਰੋ: ਹਰਭਜਨ ਸਿੰਘ ਦੀ ਗਲਪ ਦ੍ਰਿਸ਼ਟੀ [ਆਲੋਚਨਾ] ਰਾਜਵੰਤ ਕੌਰ

ਪੰਨੇ 143, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਧਰਮ ਗੁਰੂ : ਪਾਠ ਤੇ ਪ੍ਰਸੰਗ [ਆਲੋਚਨਾ] ਸੰਪਾਦਕ : ਗੁਰਮੇਲ ਸਿੰਘ

ਪੰਨੇ 95, ਮੁੱਲ 100 ਰੁਪਏ, ਪੇਪਰਬੈਕ 70 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆ

Lamps of Blood [Poetry] Manjit Meet

Pages 92. Price Rs. 100. $7. Chetna Parkashan, Punjabi Bhawan, Ludhi

शब्द सफर में हैं (कविताएं) डा. शशिकांत उप्पल

पन्ने 136, मूल्य 150रूपये, चेतना प्रकाशन, पंजाबी भवन, लुधियाना

---

**ਹੱਥਲੇ ਅੰਕ ਵਿਚ ਪੱਤਰ ਨਹੀਂ ਛਪ ਸਕੇ। ਇਹ ਅਗਲੇ ਅੰਕ ਵਿਚ ਅਵੱਸ਼ ਪ੍ਰਕਾਸ਼ਤ ਹੋਣ**

**-ਸੰਪਾਦ**




'ਮੀਂਹ ਕਣੀ ਦੇ ਦਿਨ', 'ਦੇਸ-ਕੁਦੇਸ' 'ਕੰਡਾ' ਅਤੇ 'ਹਨੇਰੀ' ਦੇ ਲੇਖਕ
ਦਰਸ਼ਨ ਸਿੰਘ ਦਾ ਨਵਾਂ ਨਾਵਲ

# ਮਿੱਟੀ




*ਮੋਹਨ ਯੌਰਪ 'ਚ ਸਥਾਪਤ ਅਮੂਰਤ ਚਿੱਤਰਕਾਰ ਏ, ਕਵੀ ਏ ਪਰ ਕਿਸੇ ਯੌਰਪੀ ਭਾਸ਼ਾ 'ਚ ਨਹੀਂ ਲਿਖਦਾ। ਲਿਖਦਾ ਗੁਰਮੁਖੀ ਅੱਖਰਾਂ ਵਾਲੀ ਪੰਜਾਬੀ 'ਚ ਏ। ਆਪਣੀ ਸਵਿੱਸ ਸਹੇਲੀ ਏਸਥਰ ਨਾਲ ਦੇਸ ਦੀ ਰਾਜਧਾਨੀ ਬਰਨ ਤੋਂ ਬਾਹਰ ਇਕ ਪਿੰਡ 'ਚ ਰਹਿੰਦਾ ਏ। ਆਪਣੇ ਆਪ ਨੂੰ ਯੌਰਪੀ ਸਮਝਦਾ ਏ, ਭਾਵੇਂ ਪਾਸਪੋਰਟ ਅਜੇ ਭਾਰਤੀ ਏ। ਕਹਿੰਦਾ ਏ, "ਮੈਨੂੰ ਕਿਸੇ ਵੀ ਮਿੱਟੀ ਨਾਲ ਮੋਹ ਨਹੀਂ। ਹਰ ਮਿੱਟੀ ਮੇਰੀ ਮਿੱਟੀ ਏ। ਮੈਂ ਆਪਣੀਆਂ ਅਸਲ ਜੜ੍ਹਾਂ ਭਾਰਤ 'ਚੋਂ ਕਈ ਦਹਾਕੇ ਪਹਿਲਾਂ ਪੁੱਟ ਕੇ ਲੈ ਗਿਆ ਸਾਂ। ਲਿਆ ਕੇ ਯੌਰਪੀ ਮਿੱਟੀ 'ਚ ਲਾ ਦਿੱਤੀਆਂ ਨੇ।" ਜੜ੍ਹਾਂ ਤਾਂ ਲੱਗ ਗਈਆਂ, ਪਰ ਬੂਟਾ ਪੂਰਾ ਫਲਿਆ-ਫੁੱਲਿਆ ਨਾ। ਅਖੀਰ ਉਹਨੂੰ ਮਹਿਸੂਸ ਹੋਇਆ, ਬੰਦੇ ਦੀਆਂ ਜੜ੍ਹਾਂ ਸਿਰਫ ਮਿੱਟੀ 'ਚ ਨਹੀਂ ਲਗਦੀਆਂ। ਇਹ ਨਾਵਲ ਏ ਏਸ ਅਹਿਸਾਸ ਤਕ ਪਹੁੰਚਣ ਦੀ ਕਹਾਣੀ...।*

ਸੁੰਦਰ ਦਿੱਖ ਪੰਨੇ : 244 ਮੁੱਲ : 150 ਰੁਪਏ

**ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ**



*ਪ੍ਰਿੰਟਰ, ਪਬਲਿਸ਼ਰ ਤੇ ਮਾਲਕ, ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*

*ਸੰਪਾਦਕ : ਰਘਬੀਰ ਸਿੰਘ* ਪ੍ਰਕਾਸ਼ਨ ਮਿਤੀ : 1 ਜਨਵਰੀ, 2006

**SIRJANA** Literary Punjabi Quarterly CHANDIGARH

No. 139 January-March 2006

Registered with the Registrar of Newspapers for India vide R.N. 10215/65

ins

# INDIAN NANNY SCHOOL

**(Affiliated with International Nanny Association)**

**REQUIREMENTS**

- 10+2 Education in India.
- Qualified employer in Canada

**WE PROVIDE**

- 6-Months professional training
- Qualified and experienced staff
- Central location in Chandigarh
- 100% Results
- Work permit for 2 years. Then may apply for permanent residence in Canada
- Employment to be approved by Govt. of Canada

***Separate hostels for boys and girls***

**WE ARE EXPERIENCED AND TRUSTWORTHY**

**CONTACT :**

**Dr. Darshan Gill**

**Mobile : 98150-42856**